# ਸਮਣ ਸੂਤਰ

ਪ੍ਰੇਰਕ :

ਸ਼੍ਰੀ ਵਿਨੋਬਾ ਭਾਵੇ ਜੀ

ਸੰਕਲਨਕਰਤਾ :

ਸ਼ੁੱਲਕ ਸ਼੍ਰੀ ਜਿਨੇਂਦਰ ਵਰਨੀ ਜੀ (ਪਾਨੀਪਤ)

ਅਨੁਵਾਦਕ :

ਪੁਰਸ਼ੋਤਮ ਜੈਨ - ਰਵਿੰਦਰ ਜੈਨ

ਪ੍ਰਕਾਸ਼ਕ :

26ਵੀਂ ਮਹਾਵੀਰ ਜਨਮ ਕਲਿਆਣਕ ਸ਼ਤਾਬਦੀ ਸੰਯੋਜਿਕਾ ਸਮਿਤੀ ਪੰਜਾਬ

ਜੈਨ ਭਵਨ, ਮਹਾਵੀਰ ਸਟਰੀਟ,

ਮਾਲੇਰਕੋਟਲਾ - 148023 (ਪੰਜਾਬ)

ਕੰਪਿਊਟਰ ਟਾਈਪ ਸੈਟਿੰਗ :

ਓਮੇਗਾ ਕੰਪਿਊਟਰਜ਼

ਮਾਲੇਰਕੋਟਲਾ।

# ਸਮਣ ਸੂਤਰ

ਪ੍ਰੇਰਕ :

ਸ੍ਰੀ ਵਿਨੋਬਾ ਭਾਵੇ ਜੀ

ਸੰਕਲਨਕਰਤਾ :

ਖ਼ੁੱਲਕ ਸ੍ਰੀ ਜਿਨੇਂਦਰ ਵਰਨੀ ਜੀ (ਪਾਨੀਪਤ)

ਅਨੁਵਾਦਕ :

ਪੁਰਸ਼ੋਤਮ ਜੈਨ - ਰਵਿੰਦਰ ਜੈਨ

ਪ੍ਰਕਾਸ਼ਕ :

26ਵੀਂ ਮਹਾਵੀਰ ਜਨਮ ਕਲਿਆਣਕ ਸ਼ਤਾਬਦੀ ਸੰਯੋਜਿਕਾ ਸਮਿਤੀ ਪੰਜਾਬ

ਜੈਨ ਭਵਨ, ਮਹਾਵੀਰ ਸਟਰੀਟ,

ਮਾਲੇਰਕੋਟਲਾ - 148023 (ਪੰਜਾਬ)

ਕੰਪਿਊਟਰ ਟਾਈਪ ਸੈਟਿੰਗ :

ਓਮੇਗਾ ਕੰਪਿਊਟਰਜ਼

ਮਾਲੇਰਕੋਟਲਾ।

# ਅਨੁਵਾਦਕ ਵੱਲੋਂ

ਜੈਨ ਧਰਮ ਸੰਸਾਰ ਦਾ ਪ੍ਰਾਚੀਨ ਧਰਮ ਹੈ। ਇਸ ਦੇ ਸੰਸਥਾਪਕ ਭਗਵਾਨ ਵਿਸ਼ਵ ਦੇਵ ਤੋਂ ਭਗਵਾਨ ਮਹਾਵੀਰ ਤੱਕ 24 ਤੀਰਥੰਕਰ ਹੋਏ ਹਨ। ਜੈਨ ਧਰਮ ਇਕ ਸੁਤੰਤਰ ਧਰਮ ਹੈ। ਇਹ ਕਿਸੇ ਧਰਮ ਦਾ ਅੰਗ ਜਾਂ ਸ਼ਾਖਾ ਨਹੀਂ ਹੈ। ਜੈਨ ਧਰਮ ਦਾ ਆਪਣਾ ਇਤਿਹਾਸ, ਸਭਿਅਤਾ, ਸੰਸਕ੍ਰਿਤੀ, ਕਲਾ ਅਤੇ ਸਾਹਿਤ ਹੈ। ਜੈਨ ਅਚਾਰਿਆਂ ਨੇ ਭਿੰਨ-ਭਿੰਨ ਵਿਸ਼ਿਆਂ 'ਤੇ ਸਾਹਿਤ ਦੀ ਰਚਨਾ ਕੀਤੀ ਹੈ। ਜੋ ਭਾਰਤੀ ਸਾਹਿਤ ਦੀ ਅਨਮੋਲ ਸੰਪਤੀ ਹੈ। ਜੈਨ ਰਾਜਿਆਂ, ਮੰਤਰੀਆਂ, ਸ਼ਾਹੂਕਾਰਾਂ ਨੇ ਜੈਨ ਕਲਾ ਅਤੇ ਮੰਦਿਰਾਂ ਦਾ ਨਿਰਮਾਨ ਭਾਰਤ ਦੇ ਭਿੰਨ ਭਿੰਨ ਰਾਜਾਂ ਵਿਚ ਕੀਤਾ ਹੈ ਜੋ ਕਿ ਜੈਨ ਧਰਮ ਦੀ ਪੁਰਾਤਨਤਾ ਦੀ ਗਵਾਹੀ ਭਰਦੇ ਹਨ।

ਜੈਨ ਤੀਰਥੰਕਰਾਂ ਨੇ ਆਪਣਾ ਉਪਦੇਸ਼ ਉਸ ਸਮੇਂ ਦੀ ਲੋਕ ਭਾਸ਼ਾ "ਅਰਧ ਮਾਗਧੀ ਪ੍ਰਾਕ੍ਰਿਤ" ਭਾਸ਼ਾ ਵਿਚ ਦਿੱਤਾ ਸੀ। ਇਹ ਭਾਸ਼ਾ ਵਿਚ 11 ਅੰਗ ਸਮੇਤ 45 ਆਗਮ (ਗ੍ਰੰਥ) ਪ੍ਰਾਪਤ ਹੁੰਦੇ ਹਨ। ਇਨ੍ਹਾਂ ਗ੍ਰੰਥਾਂ ਤੇ ਸਮੇਂ ਸਮੇਂ ਸੰਸਕ੍ਰਿਤ, ਕੰਨੜ, ਪ੍ਰਾਕ੍ਰਿਤ, ਰਾਜਸਥਾਨੀ, ਗੁਜ਼ਰਾਤੀ, ਤਮਿਲ, ਤੇਲਗੂ, ਮਰਾਠੀ, ਬੰਗਾਲੀ, ਅੰਗਰੇਜ਼ੀ, ਜਰਮਨ, ਫ੍ਰੈਂਚ, ਜਾਪਾਨੀ ਭਾਸ਼ਾ ਵਿਚ ਸਾਹਿਤ ਲਿਖਿਆ ਗਿਆ ਹੈ। ਪਰ ਪਿਛਲੇ 2500 ਸਾਲ ਤੋਂ ਪੰਜਾਬੀ ਭਾਸ਼ਾ ਵਿਚ ਕਿਸੇ ਜੈਨ ਵਿਦਵਾਨ ਨੇ ਕੰਮ ਨਹੀਂ ਕੀਤਾ। ਭਗਵਾਨ ਮਹਾਵੀਰ ਦੇ 2500 ਸਾਲਾ ਨਿਰਵਾਨ ਮਹੋਤਸਵ ਦੇ ਅਵਸਰ ਤੇ ਸਾਡਾ ਧਿਆਨ ਇਸ ਵੱਲ

ਗਿਆ। ਇਹ ਸਾਲ ਜੈਨ ਧਰਮ ਲਈ ਬਹੁਤ ਸੁਭਾਗ ਵਾਲਾ ਸੀ। ਇਸ ਸਾਲ ਜੈਨ ਧਰਮ ਦੇ ਚਾਰੇ ਫ਼ਿਰਕਿਆਂ (ਸ਼ਵੇਤੰਬਰ ਮੂਰਤੀ ਪੂਜਕ, ਸ਼ਵੇਤੰਬਰ ਸਥਾਨਕ ਵਾਸੀ, ਸ਼ਵੇਤੰਬਰ ਤੇਰਾਂਪੰਥੀ ਅਤੇ ਦਿਗੰਬਰ) ਨੇ ਇਕ ਝੰਡਾ, ਇਕ ਪ੍ਰਤੀਕ ਅਤੇ ਇਕ ਗ੍ਰੰਥ (ਸਮਣ ਸੂਤਰ) ਨੂੰ ਮਾਨਤਾ ਦਿੱਤੀ।

ਇਕ ਗ੍ਰੰਥ ਦੀ ਰਚਨਾ ਸਰਵੋਦਿਯ ਨੇਤਾ ਵਿਨੋਬਾ ਭਾਵੇ ਨੇ ਦਿੱਤੀ ਸੀ। ਉਹਨਾਂ ਦੀ ਪ੍ਰੇਰਣਾ ਨਾਲ ਚਾਰੇ ਫ਼ਿਰਕਿਆਂ ਦੇ ਜੈਨ ਆਚਾਰਿਆ ਇਕੱਠੇ ਹੋਏ। ਇਹ ਆਚਾਰਿਆ ਸਨ : ਆਚਾਰਿਆ ਸ੍ਰੀ ਅਨੰਦ ਰਿਸ਼ੀ ਜੀ ਮਹਾਰਾਜ (ਸ਼ਵੇਤੰਬਰ ਸਥਾਨਕ ਵਾਸੀ), ਆਚਾਰਿਆ ਸ੍ਰੀ ਤੁਲਸੀ (ਸ਼ਵੇਤੰਬਰ ਤੇਰਾਂਪੰਥ), ਆਚਾਰਿਆ ਸ੍ਰੀ ਸਮੁੰਦਰ ਵਿਜੈ (ਸ਼ਵੇਤੰਬਰ ਮੂਰਤੀ ਪੂਜਕ) ਅਤੇ ਆਚਾਰਿਆ ਸ੍ਰੀ ਦੇਸ਼ ਭੂਸ਼ਣ (ਦਿਗੰਬਰ) ਜੀ ਨੇ ਫੈਸਲਾ ਕੀਤਾ ਕਿ ਜੈਨ ਧਰਮ ਦਾ ਇਕ ਸਰਬ ਮਾਨਯੋਗ ਗ੍ਰੰਥ ਤਿਆਰ ਕੀਤਾ ਜਾਵੇ। ਇਸ ਲਈ ਹਰ ਫਿਰਕੇ ਵਿਚੋਂ ਇਕ ਇਕ ਵਿਦਵਾਨ ਮੁਨੀ ਦਾ ਸੰਪਾਦਕੀ ਮੰਡਲ ਤਿਆਰ ਕੀਤਾ ਗਿਆ। ਇਹ ਮੁਨੀ ਸਨ : ਸ੍ਰੀ ਸੁਸ਼ੀਲ ਮੁਨੀ ਜੀ ਮਹਾਰਾਜ (ਸ਼ਵੇਤੰਬਰ ਸਥਾਨਕ ਵਾਸੀ), ਸ੍ਰੀ ਨੱਥ ਮੱਲ ਜੀ ਮਹਾਰਾਜ (ਸ਼ਵੇਤੰਬਰ ਤੇਰਾਂਪੰਥ ਹੁਣ ਆਚਾਰਿਆ ਮਹਾਪ੍ਰਗਿਆ), ਸ੍ਰੀ ਜਨਕ ਵਿਜੈ ਜੀ ਮਹਾਰਾਜ (ਸ਼ਵੇਤੰਬਰ ਮੂਰਤੀ ਪੂਜਕ) ਅਤੇ ਆਚਾਰਿਆ ਸ੍ਰੀ ਵਿੱਦਿਆ ਨੰਦ ਜੀ ਮਹਾਰਾਜ (ਦਿਗੰਬਰ)। ਦੋ ਸਾਲ ਦੀ ਕਠਿਨ ਮਿਹਨਤ ਤੋਂ ਬਾਅਦ ਇਕ ਸਹਿਮਤੀ ਤਿਆਰ ਹੋਈ ਜੋ ਕਿ "ਸਮਣ ਸੂਤਰ" ਸੀ। ਅਜਿਹੇ ਮਹੱਤਵਪੂਰਨ ਗ੍ਰੰਥ ਦਾ ਅਨੁਵਾਦ ਕਰਨਾ ਉਸ ਸਮੇਂ ਦੀ

ਬਹੁਤ ਵੱਡੀ ਜ਼ਰੂਰਤ ਸੀ। ਅਸੀਂ 1976 ਵਿਚ ਇਸ ਗ੍ਰੰਥ ਦਾ ਅਨੁਵਾਦ ਪੂਰਨ ਕਰ ਦਿੱਤਾ ਸੀ। ਪਰ ਕੁਝ ਕਾਰਨਾਂ ਕਰਕੇ ਇਹ ਅਨੁਵਾਦ ਪ੍ਰਕਾਸ਼ਿਤ ਨਹੀਂ ਹੋ ਸਕਿਆ। ਹੁਣ ਪੰਜਾਬ ਵਿਚ ਅਹਿੰਸਾ ਯਾਤਰਾ ਦੇ ਮੋਢੀ ਆਚਾਰਿਆ ਸ੍ਰੀ ਮਹਾਪ੍ਰਗਿਆ ਜੀ ਦੇ ਪੰਜਾਬ ਪਧਾਰਨ ਤੇ ਅਸੀਂ ਇਸ ਗ੍ਰੰਥ ਦਾ ਅਨੁਵਾਦ ਪ੍ਰਕਾਸ਼ਿਤ ਕਰਨ ਦਾ ਸੁਭਾਗ ਪ੍ਰਾਪਤ ਹੋ ਰਿਹਾ ਹੈ। ਇਸ ਗ੍ਰੰਥ ਦਾ ਵਿਮੋਚਨ ਵੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਹੋ ਰਿਹਾ ਹੈ, ਇਹ ਹੋਰ ਵੀ ਸੋਨੇ ਤੇ ਸੁਹਾਗੇ ਦੀ ਗੱਲ ਹੈ। ਇਸ ਗ੍ਰੰਥ ਦੇ ਪ੍ਰਕਾਸ਼ਨ ਲਈ ਸਾਨੂੰ ਸਰਬ ਸੇਵਾ ਸੰਘ ਬਨਾਰਸ ਦਾ ਸਹਿਯੋਗ ਪ੍ਰਾਪਤ ਹੋਇਆ ਹੈ ਅਤੇ ਇਸ ਗ੍ਰੰਥ ਦੇ ਸਕੰਲਣਕਾਰ ਸਵਰਗੀ ਸ੍ਰੀ ਸ਼ੁੱਲਕ ਜਿਨੇਂਦਰ ਵਰਨੀ ਦੀ ਸੰਸਥਾ ਜੋ ਕਿ ਪਾਣੀਪਤ ਵਿਚ ਹੈ, ਉਸ ਦੀ ਆਗਿਆ ਵੀ ਪ੍ਰਾਪਤ ਹੋਈ ਹੈ। ਅਸੀਂ ਆਪਣੀ ਸੰਸਥਾ ਵੱਲੋਂ ਦੋਹਾਂ ਸੰਸਥਾਵਾਂ ਦੇ ਤਹਿ ਦਿਲੋਂ ਧੰਨਵਾਦੀ ਹਾਂ।

ਅਸੀਂ ਇਸ ਇਹ ਗ੍ਰੰਥ ਆਚਾਰਿਆ ਸ੍ਰੀ ਮਹਾਪ੍ਰਗਿਆ ਜੀ ਦੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਪਧਾਰਨ ਤੇ ਉਹਨਾਂ ਨੂੰ ਸਮਰਪਿਤ ਕਰ ਰਹੇ ਹਾਂ।

ਮਿਤੀ : 31-03-2006 ਅਨੁਵਾਦਕ

ਜੈਨ ਭਵਨ, ਪੁਰਸ਼ੋਤਮ ਜੈਨ, ਰਵਿੰਦਰ ਜੈਨ।

ਮਹਾਵੀਰ ਸਟਰੀਟ,

ਮਾਲੇਰਕੋਟਲਾ

# ਭੂਮਿਕਾ

'ਸਮਣਸੁਤ' ਨਾਮਕ ਇਸ ਗ੍ਰੰਥ ਦੀ ਰਚਨਾ ਅਚਾਰਿਆ ਵਿਨੋਭਾ ਜੀ ਦੀ ਪ੍ਰੇਰਣਾ ਨਾਲ ਹੋਈ ਹੈ। ਉਸੇ ਹੀ ਸਿੱਟੇ ਵਜੋਂ ਸੰਗੀਤੀ ਹੋਈ ਅਤੇ ਉਸ ਵਿਚ ਇਸ ਰਚਨਾ ਦੇ ਖਰੜੇ ਨੂੰ ਪ੍ਰਵਾਨਗੀ ਮਿਲ ਗਈ। ਇਹ ਇਕ ਵਿਸ਼ੇਸ਼ ਇਤਿਹਾਸਕ ਘਟਨਾ ਹੈ।

ਵਿਸ਼ਵ ਦੇ ਸਾਰੇ ਧਰਮ ਦਾ ਮੂਲ ਆਧਾਰ ਹੈ ਆਤਮਾ ਤੇ ਪ੍ਰਮਾਤਮਾ ਇਨ੍ਹਾਂ ਦੋ ਤੱਤਵ ਰੂਪੀ ਥਮ੍ਹਲਿਆਂ ਤੇ ਧਰਮ ਰੂਪੀ ਮਹਿਲ ਖੜ੍ਹਾ ਹੈ। ਸੰਸਾਰ ਦੀਆਂ ਕੁਝ ਧਰਮ ਪਰੰਪਰਾਵਾਂ ਆਤਮਾ ਅਤੇ ਨਾਲ ਨਾਲ ਪ੍ਰਮਾਤਮਾ ਵਿਚ ਵੀ ਵਿਸ਼ਵਾਸ ਕਰਦੀਆਂ ਹਨ। ਪਰ ਕੁਝ ਇਕੱਠੇ ਈਸ਼ਵਰਵਾਦੀ ਨਹੀਂ। ਈਸ਼ਵਰਵਾਦੀ ਪਰੰਪਰਾ ਉਹ ਹੈ ਜਿਸ ਵਿਚ ਸ੍ਰਿਸ਼ਟੀ ਦਾ ਕਰਤਾ, ਧਰਤਾ ਜਾਂ ਚਲਾਉਣ ਵਾਲਾ ਇਕ ਸਰਬ-ਸ਼ਕਤੀਮਾਨ, ਈਸ਼ਵਰ ਜਾਂ ਪ੍ਰਮਾਤਮਾ ਮੰਨਿਆ ਜਾਦਾ ਹੈ। ਸ੍ਰਿਸ਼ਟੀ ਦਾ ਸਭ ਕੁਝ ਉਸ ਤੇ ਨਿਰਭਰ ਹੈ। ਉਸ ਨੂੰ ਬ੍ਰਹਮਾ, ਵਿਧਾਨਾ ਪਰਮਪਿਤਾ ਆਦਿ ਕਿਹਾ ਜਾਂਦਾ ਹੈ। ਇਸ ਪਰੰਪਰਾ ਦੇ ਅਨੁਸਾਰ ਜਦ ਜਦ ਸੰਸਾਰ ਵਿਚ ਅਧਰਮ ਵਧਦਾ ਹੈ, ਧਰਮ ਦੀ ਹਾਨੀ ਹੁੰਦੀ ਹੈ, ਉਸ ਸਮੇਂ ਈਸ਼ਵਰ ਅਵਤਾਰ ਲੈਂਦੇ ਹਨ ਅਤੇ ਦੁਸ਼ਟਾਂ ਦਾ ਖ਼ਾਤਮਾ ਕਰਕੇ ਸ੍ਰਿਸ਼ਟੀ ਦੀ ਰੱਖਿਆ ਕਰਦੇ ਹਨ ਅਤੇ ਉਸ ਵਿਚ ਸਦਾਚਾਰ ਦੇ ਬੀਜ ਬੀਜਦੇ ਹਨ।

ਅਨੀਸ਼ਵਰਵਾਦੀ :

ਦੂਸਰੀ ਪਰੰਪਰਾ ਆਤਮਾ ਵਾਦੀ ਹੋਣ ਦੇ ਨਾਲ ਨਾਲ

ਅਨੀਸ਼ਵਰ ਵਾਦੀ ਹੈ ਜੋ ਮਨੁੱਖ ਦੇ ਸੁਤੰਤਰ ਵਿਕਾਸ ਵਿਚ ਵਿਸ਼ਵਾਸ ਕਰਦੀ ਹੈ। ਹਰ ਮਨੁੱਖ ਜਾਂ ਜੀਵ ਆਪਣਾ ਸੰਪੂਰਨ ਵਿਕਾਸ ਕਰ ਸਕਦਾ ਹੈ। ਆਪਣੇ ਵਿਚ ਰਾਗ ਦਵੇਸ਼ ਦਾ ਖ਼ਾਤਮਾ ਕਰਕੇ, ਵੀਤਰਾਗੀ ਬਣ ਕੇ ਪਰਮ ਪਦ ਨੂੰ ਪ੍ਰਾਪਤ ਕਰਦਾ ਹੈ। ਮਨੁੱਖ ਆਪਣਾ ਆਪ ਹੀ ਚਲਾਉਣ ਵਾਲਾ ਹੈ। ਉਹ ਆਪ ਹੀ ਆਪਣਾ ਮਿੱਤਰ ਅਤੇ ਦੁਸ਼ਮਣ ਹੈ। ਜੈਨ ਧਰਮ ਇਸੇ ਪਰੰਪਰਾ ਦਾ ਅਨੁਯਾਈ ਸੁਤੰਤਰ ਅਤੇ ਵਿਗਿਆਨਿਕ ਧਰਮ ਹੈ। ਇਹ ਪਰੰਪਰਾ ਸੰਖੇਪ ਰੂਪ ਵਿਚ ਸ਼ਮਣ ਸੰਸਕ੍ਰਿਤੀ ਦੇ ਰੂਪ ਵਿਚ ਪਹਿਚਾਣੀ ਜਾਂਦੀ ਹੈ। ਇਸੇ ਅਧਿਆਤਮਿਕ ਪਰੰਪਰਾ ਵਿਚ ਬੁੱਧ ਧਰਮ ਆਦਿ ਹੋਰ ਕਈ ਧਰਮ ਆਉਂਦੇ ਹਨ, ਭਾਰਤੀ ਪਰੰਪਰਾ ਬ੍ਰਾਹਮਣ ਸੰਸਕ੍ਰਿਤੀ ਦੇ ਨਾਂਅ ਨਾਲ ਜਾਣੀ ਜਾਂਦੀ ਹੈ।

ਪੁਰਾਤਨਤਾ :

ਕਿਸੇ ਧਰਮ ਦੀ ਸਰੇਸ਼ਟਤਾ ਜਾਂ ਉਪਯੋਗਿਤਾ ਉਸ ਪ੍ਰਾਚੀਨਤਾ ਜਾਂ ਨਵੀਨਤਾ ਤੇ ਆਧਾਰਿਤ ਨਹੀਂ ਹੁੰਦੀ, ਪਰ ਜੇ ਕੋਈ ਧਾਰਮਿਕ ਵਿਚਾਰਧਾਰਾ ਪੁਰਾਤਨ ਹੋਣ ਦੇ ਨਾਲ ਨਾਲ ਲੰਬੇ ਸਮੇਂ ਤੱਕ ਜ਼ਿੰਦਾ, ਨਿਆਸ਼ੀਲ ਅਤੇ ਤਰੱਕੀ ਤੇ ਰਹੀ ਹੈ ਅਤੇ ਸੰਸਾਰ ਦੇ ਨਵੇਂ ਨੈਤਿਕ ਵਿਕਾਸ ਅਤੇ ਸੰਸਕ੍ਰਿਤੀ ਦੀ ਸਮਰਿੱਧੀ ਵਿਚ ਬਲਵਾਨ, ਪ੍ਰੇਰਕ ਅਤੇ ਸਹਾਇਕ ਸਿੱਧ ਹੋਈ ਹੈ ਤਾਂ ਉਸ ਦੀ ਪੁਰਾਤਨਤਾ ਉਸ ਧਰਮ ਦੇ ਸਥਾਈ ਮਹੱਤਵ ਅਤੇ ਇਸ ਵਿਚ ਪ੍ਰਾਪਤ ਸਭ ਸਮੇਂ ਅਤੇ ਹਰ ਜਗ੍ਹਾ, ਤੱਤਵਾਂ ਦੀ ਸੂਚਕ ਆਖੀ ਜਾ ਸਕਦੀ ਹੈ। ਜੈਨ ਧਰਮ ਦੀ ਪਰੰਪਰਾ ਆਚਾਰ ਅਤੇ ਵਿਚਾਰ ਦੋਹਾਂ ਪੱਖੋਂ ਬਿਨਾਂ ਸ਼ੱਕ ਦੂਰ ਤੱਕ

ਜਾਂਦੀ ਹੈ। ਇਤਿਹਾਸਕਾਰਾਂ ਨੇ ਹੁਣ ਇਸ ਤੱਥ ਨੂੰ ਪੂਰੀ ਤਰ੍ਹਾਂ ਮੰਨ ਲਿਆ ਹੈ ਕਿ ਤੀਰਥੰਕਰ ਵਰਧਮਾਨ ਮਹਾਵੀਰ ਜੈਨ ਧਰਮ ਦੇ ਮੂਲ ਸੰਸਥਾਪਕ ਨਹੀਂ ਸਨ। ਉਨ੍ਹਾਂ ਤੋਂ ਪਹਿਲਾਂ ਹੋਰ ਵੀ ਤੀਰਥੰਕਰ ਹੋ ਚੁੱਕੇ ਹਨ ਜਿਨ੍ਹਾਂ ਜੈਨ ਧਰਮ ਦੀ ਕਈ ਵਾਰ ਸਥਾਪਨਾ ਕੀਤੀ ਅਤੇ ਇਸ ਪਰੰਪਰਾ ਨੂੰ ਅੱਗੇ ਵਧਾਇਆ। ਇਹ ਠੀਕ ਹੈ ਕਿ ਇਤਿਹਾਸ ਦੀ ਪਹੁੰਚ ਜੈਨ ਧਰਮ ਦੇ ਮੂਲ ਤੱਕ ਨਹੀਂ ਪਹੁੰਚ ਸਕੀ। ਪਰ ਪ੍ਰਾਪਤ ਪੁਰਾਤੱਤਵ ਅਤੇ ਸਾਹਿਤ ਦਾ ਨਿਰਪੱਖ ਢੰਗ ਨਾਲ ਵਿਸ਼ਲੇਸ਼ਨ ਕਰਨ ਨਾਲ ਇਹ ਗੱਲ ਸਿੱਧ ਹੋ ਚੁੱਕੀ ਹੈ ਕਿ ਜੈਨ ਧਰਮ ਇਕ ਬਹੁਤ ਹੀ ਪੁਰਾਤਨ ਧਰਮ ਹੈ। ਵਾਤਰਸ਼ਨਾ ਮੁਨੀਆਂ, ਕੇਸ਼ੀ, ਵਰਾਤਿਆ ਖੱਤਰੀਆਂ ਦੇ ਬਾਰੇ ਰਿਗਵੇਦ, ਸ੍ਰੀਮਦ ਭਾਗਵਤ ਆਦਿ ਵਿਚ ਮਹੱਤਵਪੂਰਨ ਸਮੱਗਰੀ ਕਾਫ਼ੀ ਮਾਤਰਾ ਵਿਚ ਮਿਲਦੀ ਹੈ।

ਜੈਨ ਇਤਿਹਾਸ ਵਿਚ ਤਰੇਸ਼ਠ 'ਸ਼ਲਾਕਾ' ਪੁਰਸ਼ਾਂ ਦਾ ਵਰਨਣ ਆਉਂਦਾ ਹੈ। ਅਵਸਪਰਨੀ ਅਤੇ ਉਤਸਵਪਰਨੀ ਨਾਉਂ ਦੇ ਯੁੱਗਾਂ ਵਿਚ ਸ਼ਲਾਕਾ ਪੁਰਸ਼ ਪੈਦਾ ਹੁੰਦੇ ਹਨ। ਜੋ ਮਨੁੱਖੀ ਸੱਭਿਅਤਾ ਦੇ ਵਿਕਾਸ ਦੇ ਨਾਲ ਨਾਲ ਧਰਮਨੀਤੀ ਦੀ ਪ੍ਰੇਰਣਾ ਦਿੰਦੇ ਹਨ। ਇਨ੍ਹਾਂ ਸ਼ਲਾਕਾ ਪੁਰਸ਼ਾਂ ਵਿਚ 24 ਤੀਰਥੰਕਰਾਂ ਦਾ ਨਾਂ ਪ੍ਰਮੁੱਖ ਹੈ। ਅਵਸਪਰਨੀ ਕਾਲ ਦੇ ਚੋਥੇ ਭਾਗ ਵਿਚ 24 ਤੀਰਥੰਕਰ ਹੋਏ ਹਨ, ਉਨ੍ਹਾਂ ਵਿਚ ਸਭ ਤੋਂ ਪਹਿਲੇ ਰਿਸ਼ਵਦੇਵ ਹਨ ਜੋ ਰਾਜਾ ਨਾਭੀ ਅਤੇ ਮਾਤਾ ਮਰੂਦੇਵੀ ਦੇ ਪੁੱਤਰ ਸਨ। ਇਨ੍ਹਾਂ ਨੂੰ ਆਦਿਨਾਥ, ਆਦਿਬ੍ਰਹਮਾ, ਆਦਿਸ਼ਵਰ ਵੀ ਕਿਹਾ ਜਾਂਦਾ ਹੈ। ਸਭ ਤੋਂ ਆਖ਼ਿਰੀ 24ਵੇਂ ਤੀਰਥੰਕਰ ਭਗਵਾਨ ਮਹਾਵੀਰ 2500 ਸਾਲ ਪਹਿਲਾਂ ਪੈਦਾ ਹੋਏ ਹਨ। ਤਥਾਗਤ

ਮਹਾਤਮਾ ਬੁੱਧ ਇਨ੍ਹਾਂ ਦੇ ਸਮਕਾਲੀ ਸਨ। ਭਗਵਾਨ ਮਹਾਵੀਰ ਤੋਂ 250 ਸਾਲ ਪਹਿਲਾਂ 23ਵੇਂ ਤੀਰਥੰਕਰ ਪਾਰਸ਼ਵਨਾਥ ਹੋਏ ਹਨ ਜੋ ਵਾਰਾਨਸੀ ਦੇ ਰਾਜਾ ਅਸ਼ਵਸੈਨ ਦੇ ਪੁੱਤਰ ਸਨ। ਬੁੱਧ ਆਗਮਾਂ (ਗ੍ਰੰਥਾਂ) ਵਿਚ ਮਹਾਵੀਰ ਦਾ ਵਰਨਣ 'ਨਿਗੰਠ ਨਾਤਪੁਤ' ਦੇ ਰੂਪ ਵਿਚ ਮਿਲਦਾ ਹੈ। ਪਾਰਸ਼ ਪਰੰਪਰਾ ਦਾ ਵਰਨਣ ਚਤੁਰਯਾਮ ਧਰਮ ਦੇ ਰੂਪ ਵਿਚ ਮਿਲਦਾ ਹੈ। ਮਹਾਵੀਰ ਵੀ ਪਾਰਸ਼ਵ ਪਰੰਪਰਾ ਦੇ ਪ੍ਰਤਿਨਿਧੀ ਸਨ। ਜੇ ਵੇਖਿਆ ਜਾਵੇ ਤਾਂ ਕਾਲ ਦੀ ਧਾਰਾ ਪੱਖੋਂ ਨਾ ਤਾਂ ਰਿਸ਼ਵਦੇਵ ਪਹਿਲੇ ਹਨ ਅਤੇ ਨਾ ਮਹਾਵੀਰ ਆਖ਼ਰੀ। ਇਹ ਪਰੰਪਰਾ ਅਨਾਦਿ ਅਨੰਤ ਹੈ। ਪਤਾ ਨਹੀਂ ਕਿੰਨੀਆਂ ਚੋਵੀਸੀਆਂ ਪੈਦਾ ਹੋ ਚੁੱਕੀਆਂ ਹਨ ਅਤੇ ਅੱਗੇ ਨੂੰ ਹੋਣਗੀਆਂ।

ਸੰਸਕ੍ਰਿਤੀ ਵਿਕਾਸ ਦੇ ਪੱਖੋਂ ਵਿਚਾਰ ਕਰਨ ਤੇ ਪਤਾ ਲੱਗਦਾ ਹੈ ਕਿ ਪਰ ਭਲਾਈ ਜਾਂ ਅਧਿਆਤਮਿਕ ਪੱਖੋਂ ਵੈਦਿਕ ਤੇ ਸ੍ਰਮਣ ਸੰਸਕ੍ਰਿਤੀਆਂ ਵਿਚ ਵਿਸ਼ੇਸ਼ ਅੰਤਰ ਨਹੀਂ। ਫਿਰ ਵੀ ਵਿਵਹਾਰਿਕ ਪੱਖੋਂ ਦੋਹਾਂ ਦੇ ਤਤਵਗਿਆਨ, ਆਚਾਰ ਤੇ ਦਰਸ਼ਨ ਵਿਚ ਫ਼ਰਕ ਸਾਫ਼ ਵਿਖਾਈ ਦਿੰਦਾ ਹੈ। ਦੋਹੇ ਸੰਸਕ੍ਰਿਤੀ ਆਪਸ ਵਿਚ ਇਕ ਦੂਸਰੇ ਤੇ ਅਸਰ ਪਾਉਂਦੀਆਂ ਰਹੀਆਂ ਹਨ। ਉਨ੍ਹਾਂ ਵਿਚ ਲੈਣ ਦੇਣ ਵੀ ਹੁੰਦਾ ਰਿਹਾ ਹੈ। ਸਮਾਜਿਕ ਰੂਪ ਦੋਹਾਂ ਦਾ ਇਕ ਹੈ। ਜੋ ਫ਼ਰਕ ਵਿਖਾਈ ਦਿੰਦਾ ਹੈ, ਉਹ ਅਜਿਹਾ ਨਹੀਂ ਜੋ ਸਮਝ ਨਾ ਆ ਸਕੇ। ਬਲਕਿ ਇਹ ਮਨੁੱਖ ਸਭਿਅਤਾ ਦੇ ਵਿਕਾਸ ਦੀਆਂ ਤੈਹਾਂ ਸਮਝਾਉਣ ਵਿਚ ਬਹੁਤ ਸਹਾਇਕ ਹੈ। ਭਾਰਤ ਵਿਚ ਵਿਸ਼ਾਲ ਪੁਰਾਤਨ ਸਾਹਿਤ ਵਿਚ ਦੋਹਾਂ ਸੰਸਕ੍ਰਿਤੀਆਂ ਤੇ ਪਰੰਪਰਾ ਦੇ ਆਪਸੀ ਅਸਰ ਅਤੇ ਲੈਣ ਦੇ

ਣ ਦੀ ਝਲਕ ਵੇਖੀ ਜਾ ਸਕਦੀ ਹੈ। ਇਕ ਪਰਿਵਾਰ ਦੇ ਭਿੰਨ ਭਿੰਨ ਵਿਚਾਰਾਂ ਦੇ ਲੋਕ ਆਪਣੇ ਆਪਣੇ ਢੰਗ ਨਾਲ ਧਰਮ ਸਾਧਨਾ ਕਰਦੇ ਹਨ।

ਆਤਮਵਾਦ :

ਅੱਜ ਜਿਸ ਨੂੰ ਅਸੀਂ ਜੈਨ ਧਰਮ ਆਖਦੇ ਹਾਂ, ਪੁਰਾਤਨ ਸਮੇਂ ਇਸ ਦਾ ਨਾਂ ਕੁਝ ਹੋਰ ਸੀ। ਇਹ ਸੱਚ ਹੈ ਕਿ ਜੈਨ ਸ਼ਬਦ 'ਜਿਨ' ਤੋਂ ਬਣਿਆ ਹੈ। ਫਿਰ ਵੀ ਜੈਨ ਸ਼ਬਦ ਬਹੁਤ ਪੁਰਾਣਾ ਨਹੀਂ। ਭਗਵਾਨ ਮਹਾਵੀਰ ਦੇ ਸਮੇਂ ਇਸ ਧਰਮ ਲਈ ਨਿਰਗਰੰਥ ਜਾਂ ਨਿਰਗ੍ਰਥ ਪ੍ਰਵਚਨ ਸੀ। ਕਿਤੇ ਕਿਤੇ ਇਸ ਨੂੰ ਆਰਿਆ ਧਰਮ ਵੀ ਕਿਹਾ ਗਿਆ ਹੈ। ਪਾਰਸ਼ਵਨਾਥ ਦੇ ਸਮੇਂ ਇਸ ਨੂੰ ਸ੍ਰਮਣ ਧਰਮ ਵੀ ਕਿਹਾ ਜਾਦ ਸੀ। ਪਾਰਸ਼ਵ ਤੋਂ ਪਹਿਲੇ 22ਵੇਂ ਤੀਰਥੰਕਰ ਅਰਿਸ਼ਟਨੇਮੀ ਸਮੇਂ ਇਸ ਨੂੰ ਅਰਹਤ ਧਰਮ ਵੀ ਕਿਹਾ ਜਾਂਦਾ ਸੀ। ਅਰਿਸ਼ਟਨੇਮੀ ਕਰਮਯੋਗੀ ਸ਼ਲਾਕਾ ਪੁਰਸ਼ ਸ੍ਰੀ ਕ੍ਰਿਸ਼ਨ ਦੇ ਚਾਚੇ ਦੇ ਭਰਾ ਸਨ। ਸ੍ਰੀ ਕ੍ਰਿਸ਼ਨ ਰਾਹੀਂ ਗਊ ਦੀ ਸੇਵਾ ਅਤੇ ਦੁੱਧ ਦਾ ਪ੍ਰਚਾਰ ਅਹਿੰਸਕ ਸਮਾਜ ਦੀ ਰਚਨਾ ਵੱਲ ਪਵਿੱਤਰ ਕਦਮ ਸੀ। ਬਿਹਾਰ ਵਿਚ ਵੀ ਜੈਨ ਧਰਮ ਅਰਹਤ ਧਰਮ ਦੇ ਰੂਪ ਵਿਚ ਜਾਣਿਆ ਜਾਂਦਾ ਹੈ। ਰਾਜਰਿਸ਼ੀ ਨਮਿ ਮਿਥਿਲਾ ਦੇ ਰਾਜਾ ਸਨ। ਜੋ ਰਾਜਾ ਜਨਕ ਦੇ ਵੰਸ਼ ਵਿਚੋਂ ਸਨ। ਇਨ੍ਹਾਂ ਦੀ ਅਧਿਆਤਮਿਕ ਵਿਰਤੀ ਦਾ ਵਰਨਣ ਜੈਨ ਆਗਮ ਵਿਚ ਬੜੇ ਸੋਹਣੇ ਢੰਗ ਨਾਲ ਮਿਲਦਾ ਹੈ। ਇਤਿਹਾਸ ਦੇ ਪਰਦੇ ਤੋਂ ਸਮੇਂ ਸਮੇਂ ਅਨੇਕਾਂ ਨਾਂ ਬਦਲਦੇ ਰਹਿਣਗੇ । ਪਰ ਇਨਾ ਆਖਿਆ ਜਾ ਸਕਦਾ ਹੈ ਕਿ ਇਸ ਧਰਮ ਦਾ ਇਕ

ਪਰੰਪਰਾ ਅਤੇ ਸੰਸਕ੍ਰਿਤੀ ਦਾ ਮੂਲ ਸਿੱਧਾਂਤ ਬੀਜ ਰੂਪ ਵਿਚ ਉਹੀ ਰਹੇਗਾ ਜੋ ਅੱਜ ਹੈ ਅਤੇ ਉਹ ਹੈ ਆਤਮਵਾਦ, ਅਨੇਕਾਂਤਵਾਦ। ਇਸੇ ਆਤਮਵਾਦ ਦੀ ਉਪਜਾਊ ਭੂਮੀ ਤੇ ਜੈਨ ਧਰਮ ਦੀ ਪਰੰਪਰਾ ਦਾ ਕਲਪ ਬ੍ਰਿਛ ਫਲਦਾ ਤੇ ਫੁੱਲਦਾ ਹੈ। ਜੈਨ ਧਰਮ ਦੇ ਸਾਧੂ ਅੱਜ ਵੀ ਸ਼੍ਰਮਣ ਹਨ। ਸ਼੍ਰਮਣ ਸ਼ਬਦ ਮਿਹਨਤ, ਸਮਾਨਤਾ ਅਤੇ ਵਿਕਾਰਾਂ ਤੇ ਕਾਬੂ ਪਾਉਣ ਦੀ ਜਾਣਕਾਰੀ ਦਿੰਦਾ ਹੈ। ਉਸ ਵਿਚ ਵਿਸ਼ਾਲ ਅਰਥ ਹਨ।

ਜੈਨ ਧਰਮ ਦਾ ਅਰਥ ਹੈ ਜਿਨਾਂ ਦਾ ਉਪਦੇਸ਼ ਜਾਂ ਕਲਿਆਣ ਦਾ ਰਾਹ। 'ਜਿਨ' ਉਹ ਅਖਵਾਉਂਦੇ ਹਨ ਜਿਨ੍ਹਾਂ ਨੇ ਆਪਣੇ ਸਰੀਰਿਕ ਅਤੇ ਆਤਮਾ ਦੇ ਵਿਕਾਸ ਤੇ ਜਿੱਤ ਹਾਸਲ ਕਰ ਲਈ ਹੈ। ਆਤਮਾ ਦੇ ਸਭ ਤੋਂ ਵੱਡੇ ਦੁਸ਼ਮਣ ਹਨ ; ਰਾਗ, ਦਵੇਸ਼ ਅਤੇ ਮੋਹ ਆਦਿ ਵਿਕਾਰ। ਇਸ ਲਈ ਜੈਨ ਸ਼ਬਦ ਆਪਣੇ ਆਪ ਵਿਚ ਇਕ ਅਰਥ ਰੱਖਦਾ ਹੈ, ਇਹ ਜਾਤੀ ਵਰਗ ਦਾ ਪ੍ਰਗਟਾਵਾ ਨਹੀਂ ਕਰਦਾ। ਜੋ ਵੀ 'ਜਿਨਾਂ' ਦੇ ਮਾਰਗ ਤੇ ਚੱਲਦਾ ਹੈ ਆਤਮਾ ਦੀ ਪ੍ਰਾਪਤੀ ਦੇ ਰਾਹ ਤੇ ਚੱਲਾ ਹੈ, ਉਹ ਜੈਨ ਹੈ।

<u>ਵੀਤਰਾਗ ਵਿਗਿਆਨਤਾ</u> :

ਜੈਨ ਧਰਮ ਉਦੇਸ਼ ਪੂਰਨ ਵੀਤਰਾਗ ਵਿਗਿਆਨਤਾ ਦੀ ਪ੍ਰਾਪਤੀ ਹੈ। ਇਹ ਵੀਤਰਾਗ ਵਿਗਿਆਨ ਮੰਗਲ ਕਰਨ ਵਾਲਾ ਹੈ। ਇਸੇ ਕਾਰਨ ਮਨੁੱਖ ਅਰਹਤ ਪਦ ਨੂੰ ਪ੍ਰਾਪਤ ਕਰਦਾ ਹੈ। ਇਹ ਵੀਤਰਾਗਤਾ, ਸੱਮਿਅਕ ਦਰਸ਼ਨ, ਸੱਮਿਅਕ ਗਿਆਨ, ਸੱਮਿਅਕ ਚਾਰਿੱਤਰ ਰੂਪੀ (ਤਿੰਨ ਰਤਨ) ਰਤਨ ਤ੍ਰੈ ਨਾਲ ਪ੍ਰਾਪਤ ਹੁੰਦਾ ਹੈ।

ਸ਼ਰਧਾ, ਗਿਆਨ ਅਤੇ ਚਾਰਿੱਤਰ ਦੇ ਰਾਹ ਤੇ ਚੱਲ ਕੇ ਮੁਕਤੀ ਜਾਂ ਸਿੱਧੀ ਮਿਲਦੀ ਹੈ। ਦਰਸ਼ਨ, ਗਿਆਨ ਤੇ ਚਾਰਿੱਤਰ ਦੇ ਮੇਲ ਨਾਲ ਹੀ ਪੂਰਨ ਮਨੁੱਖਤਾ ਪ੍ਰਾਪਤ ਹੁੰਦੀ ਹੈ। ਜੈਨ ਧਰਮ ਦੀ ਸਭ ਤੋਂ ਪਹਿਲੀ ਤੇ ਮੂਲ ਸਿੱਖਿਆ ਇਹ ਹੈ ਕਿ ਸ਼ਰਧਾ ਪੂਰਵਕ ਵਿਵੇਕ ਦੀ ਅੱਖ ਨਾਲ ਸੰਸਾਰ ਨੂੰ ਵੇਖਦੇ ਸਹੀ ਗਿਆਨ ਪ੍ਰਾਪਤ ਕਰੋ ਅਤੇ ਉਸ ਨੂੰ ਜੀਵਨ ਵਿਚ ਉਤਾਰੋ। ਪਰ ਸੰਪੂਰਨ ਆਚਾਰ-ਵਿਚਾਰ ਦੇ ਕੇਂਦਰ ਤਾਂ ਵੀਤਰਾਗਤਾ ਦੀ ਪ੍ਰਾਪਤੀ ਹੈ। ਵੀਤਰਾਗੀ ਦੇ ਸਾਹਮਣੇ ਵੱਡੇ ਤੋਂ ਵੱਡਾ ਸੁੱਖ ਬੇਕਾਰ ਹੈ। ਲੱਗੋ ਚਾਹੇ ਹਟੋ, ਗ੍ਰਹਿਸਥੀ ਹੋਵੇ ਜਾਂ ਸਾਧੂ ਦੋਹਾ ਹਾਲਤਾਂ ਵਿਚ ਅੰਤਰ ਆਤਮਾ ਵਿਚ ਵੀਤਰਾਗਤਾ ਦਾ ਵਾਧਾ ਯੋਗ ਮੰਨਿਆ ਗਿਆ ਹੈ ਪਰ ਅਨੇਕਾਂਤ ਦ੍ਰਿਸ਼ਟੀ ਤੋਂ ਬਿਨਾਂ ਵੀਤਰਾਗਤਾ ਦੀ ਪ੍ਰਾਪਤੀ ਦਾ ਰਾਹੀ ਨਹੀਂ ਲਭਦਾ। ਇਹ ਅਨੇਕਾਂਤ ਦ੍ਰਿਸ਼ਟੀ ਹੀ ਹੈ ਜੋ ਲਗਾਉਣਾ ਤੇ ਹਟਾਉਣਾ, ਹਟਾਉਣਾ ਤੇ ਲਗਾਉਣਾ ਦਾ ਸਹੀ ਅਤੇ ਠੀਕ ਰਾਹ ਦੱਸਦੀ ਹੈ।

<u>ਅਹਿੰਸਾ</u> :

ਜੈਨ ਆਚਾਰ ਦਾ ਮੂਲ ਅਹਿੰਸਾ ਹੈ ਉਸ ਅਹਿੰਸਾ ਦਾ ਪਾਲਣ ਅਨੇਕਾਂਤ ਦ੍ਰਿਸ਼ਟੀ ਤੋਂ ਬਿਨਾਂ ਸੰਭਵ ਨਹੀਂ। ਕਿਉਂਕਿ ਜੈਨ ਦ੍ਰਿਸ਼ਟੀ ਤੋਂ ਹਿੰਸਾ ਨਾ ਕਰਦਾ ਹੋਇਆ ਵੀ ਮਨੁੱਖ ਹਿੰਸਕ ਹੋ ਸਕਦਾ ਹੈ ਅਤੇ ਹਿੰਸਾ ਕਰਦਾ ਹੋਇਆ ਵੀ ਮਨੁੱਖ ਹਿੰਸਕ ਨਹੀਂ ਹੁੰਦਾ। ਇਸ ਲਈ ਜੈਨ ਧਰਮ ਵਿਚ ਹਿੰਸਾ ਤੇ ਅਹਿੰਸਾ ਦਾ ਅਰਥ ਕਰਨ ਵਾਲੇ ਦੇ ਮਾਨਸਿਕ ਭਾਵਾਂ ਦੇ ਸਹਾਰੇ ਹੈ, ਕ੍ਰਿਆ ਤੇ ਨਹੀਂ। ਜੇ ਬਾਹਰਲੀ ਹਿੰਸਾ ਨੂੰ ਹਿੰਸਾ ਮੰਨ ਲਿਆ ਜਾਵੇ ਤਾਂ ਕੋਈ ਅਹਿੰਸਕ

ਨਹੀਂ ਹੋ ਸਕਦਾ, ਕਿਉਂਕਿ ਜੀਵ ਸਮੁੱਚੇ ਜਗਤ ਵਿਚ ਸਭ ਪਾਸੇ ਹਨ ਅਤੇ ਉਨ੍ਹਾਂ ਦਾ ਘਾਤ ਵੀ ਹੁੰਦਾ ਰਹਿੰਦਾ ਹੈ। ਇਸ ਲਈ ਜੋ ਸਾਵਧਾਨੀ ਨਾਲ ਕੰਮ ਕਰਦਾ ਹੈ, ਉਸ ਦੀ ਭਾਵਨਾ ਨੂੰ ਅਹਿੰਸਾ ਆਖਿਆ ਗਿਆ ਹੈ। ਉਹ ਅਹਿੰਸਕ ਹੈ। ਜੋ ਅਣਗਹਿਲੀ ਕਰਦਾ ਹੈ ਉਸ ਦੀ ਭਾਵਨਾ ਹਿੰਸਾ ਭਰਪੂਰ ਹੈ ਇਸ ਲਈ ਉਹ ਹਿੰਸਾ ਨਾ ਕਰਦੇ ਹੋਏ ਵੀ ਹਿੰਸਕ ਹੈ। ਇਹ ਵਿਸ਼ਲੇਸ਼ਣ ਅਨੇਕਾਂਤ ਦ੍ਰਿਸ਼ਟੀ ਤੋਂ ਬਿਨਾਂ ਸੰਭਵ ਨਹੀਂ। ਇਸ ਲਈ ਅਨੇਕਾਂਤ ਦ੍ਰਿਸ਼ਟੀ ਨਾਲ ਸੰਪੰਨ ਮਨੁੱਖ ਹੀ ਸੱਮਿਅਕ ਦ੍ਰਿਸ਼ਟੀ ਮੰਨਿਆ ਗਿਆ ਹੈ ਅਤੇ ਸੱਮਿਅਕ ਦ੍ਰਿਸ਼ਟੀ ਹੀ ਸੱਮਿਅਕ ਗਿਆਨੀ ਅਤੇ ਸੱਮਿਅਕ ਚਾਰਿੱਤਰ (ਸ਼ੀਲ) ਵਾਲਾ ਹੁੰਦਾ ਹੈ। ਜਿਸ ਦੀ ਦ੍ਰਿਸ਼ਟੀ ਸੱਮਿਅਕ ਨਹੀਂ, ਉਸ ਦਾ ਗਿਆਨ ਵੀ ਸੱਚਾ ਨਹੀਂ ਹੁੰਦਾ ਅਤੇ ਨਾ ਹੀ ਅਚਾਰ ਸਹੀ ਹੈ। ਇਸ ਲਈ ਜੈਨ ਧਰਮ ਵਿਚ ਸੱਮਿਅਕਤਵ ਜਾਂ ਸੱਮਿਅਕ ਦਰਸ਼ਨ ਦਾ ਖਾਸ ਮਹੱਤਵ ਹੈ। ਇਹੋ ਮੋਕਸ਼ ਮਾਰਗ ਦੀ ਆਧਾਰਸ਼ਿਲਾ ਹੈ।

ਸੰਸਾਰ ਇਕ ਬੰਧਨ ਹੈ। ਉਸ ਵਿਚ ਜੀਵ ਅਨਾਦਿ ਕਾਲ ਤੋਂ ਪਿਆ ਹੈ। ਇਸ ਕਾਰਨ ਉਹ ਆਪਣੇ ਅਸਲ ਸਵਰੂਪ ਨੂੰ ਭੁੱਲ ਕੇ, ਬੰਧਨ ਨੂੰ ਹੀ ਆਪਣਾ ਸਵਰੂਪ ਮੰਨ ਕੇ ਉਸ ਵਿਚ ਰਮ ਗਿਆ ਹੈ। ਉਸ ਦੀ ਇਹ ਭੁੱਲ ਹੀ ਉਸ ਦੇ ਬੰਧਨ ਦਾ ਮੂਲ ਹੈ। ਆਪਣੀ ਇਸ ਭੁੱਲ ਤੇ ਨਿਗਾਹ ਪੈਂਦੇ ਹੀ ਜਦ ਜੀਵ ਆਪਣੇ ਸਵਰੂਪ ਨੂੰ ਜਾਣ ਲੈਂਦਾ ਹੈ ਕਿ ਮੈਂ ਚੇਤੰਨ ਸ਼ਕਤੀ ਨਾਲ ਭਰਪੂਰ ਹਾਂ ਤੇ ਭੋਤਿਕ ਸ਼ਕਤੀ ਤੋਂ ਵੀ ਖਾਸ ਮੇਰੇ ਵਿਚ ਚੇਤੰਨਤਾ ਦੀ ਸ਼ਕਤੀ ਹੈ ਜੋ ਅਨੰਤ ਗਿਆਨ, ਅਨੰਦ ਦਰਸ਼ਨ, ਅਨੰਤ ਸੁੱਖ ਤੇ ਅਨੰਤ ਸ਼ਕਤੀ ਦਾ

ਭੰਡਾਰ ਹੈ। ਇਹ ਸ਼ਰਧਾ ਪੈਦਾ ਹੁੰਦੇ ਹੀ ਸੱਮਿਅਕ ਦ੍ਰਿਸ਼ਟੀ ਪ੍ਰਾਪਤ ਹੁੰਦੀ ਹੈ ਤਦ ਉਹ ਸੱਮਿਅਕ ਆਚਾਰ ਰਾਹੀਂ ਆਪਣੇ ਸਹੀ ਸਵਰੂਪ ਵਿਚ ਸਥਿਰ ਹੋਣ ਦੀ ਕੋਸ਼ਿਸ਼ ਕਰਦਾ ਹੈ। ਇਸ ਲਈ ਜੈਨ ਧਰਮ ਦਾ ਆਚਾਰ ਮਾਰਗ ਸੱਮਿਅਕ ਗਿਆਨ ਭਰਪੂਰ, ਵੀਤਰਾਗਤਾ ਦੇ ਰਾਹ ਤੇ ਪਹੁੰਚਣ ਦਾ ਰਾਹ ਹੈ।

ਅਨੇਕਾਂਤ :

ਜੇ ਵੇਖਿਆ ਜਾਵੇ ਤਾਂ ਇਸ ਵਿਸ਼ਾਲ ਲੋਕ ਵਿਚ ਸ਼ੱਕ ਵਾਲੇ ਮਨੁੱਖ ਦਾ ਜ਼ਿਆਦਾ ਤੋਂ ਜ਼ਿਆਦਾ ਗਿਆਨ ਵੀ ਸੀਮਿਤ ਅਧੂਰਾ ਅਤੇ ਇਕ ਪੱਖੀ ਹੁੰਦਾ ਹੈ। ਵਸਤੂ ਦੇ ਅਨੰਤ ਗੁਣਾਂ ਦਾ ਸਮੁੱਚਾ ਅਨੁਭਵ ਉਹ ਇਕੱਠਾ ਨਹੀਂ ਕਰ ਸਕਦਾ, ਜ਼ਾਹਰ ਕਰਨਾ ਤਾਂ ਦੂਰ ਦੀ ਗੱਲ ਹੈ। ਭਾਸ਼ਾ ਦੀ ਅਸਮਰਥਾ ਅਤੇ ਸ਼ਬਦਾਂ ਦੇ ਅਰਥਾਂ ਦੀ ਹੱਦਾਂ ਦੇ ਝਗੜੇ ਖੜ੍ਹੇ ਹੋ ਜਾਂਦੇ ਹਨ। ਮਨੁੱਖ ਦਾ ਅਹੰ (ਹੰਕਾਰ) ਇਸ ਵਿਚ ਹੋਰ ਵਾਧਾ ਕਰਦਾ ਹੈ। ਪਰ ਅਨੇਕਾਂਤ ਇਕਸੁਰਤਾ ਦਾ, ਵਿਰੋਧ ਖ਼ਤਮ ਕਰਨ ਦਾ ਰਾਹ ਸਾਫ਼ ਕਰਦਾ ਹੈ। ਸਭ ਦੇ ਆਖਣ ਵਿਚ ਕੁਝ ਨਾ ਕੁਝ ਸੱਚ ਦਾ ਅੰਸ਼ ਜ਼ਰੂਰ ਹੁੰਦਾ ਹੈ। ਉਨ੍ਹਾਂ ਸੱਚ ਦੇ ਅੰਸ਼ਾਂ ਨੂੰ ਸਮਝ ਕੇ ਝਗੜਾ ਛੇਤੀ ਤੇ ਸਰਲਤਾ ਨਾਲ ਹੱਲ ਕੀਤਾ ਜਾ ਸਕਦਾ ਹੈ। ਜਿਸ ਦਾ ਆਪਣਾ ਕੋਈ ਹੱਠ ਜਾਂ ਜ਼ਿੱਦ ਨਹੀਂ ਹੁੰਦਾ ਉਹ ਅਨੇਕਾਂਤ ਰਾਹੀਂ ਗੁੱਥੀਆਂ ਨੂੰ ਭਲੀ ਭਾਂਤ ਸੁਲਝਾ ਸਕਦਾ ਹੈ। ਉਂਝ ਤਾਂ ਹਰ ਮਨੁੱਖ ਅਨੇਕਾਂਤ ਵਿਚ ਹੀ ਜਿਉਂਦਾ ਹੈ। ਪਰ ਉਸ ਨੂੰ ਇਸ ਦਾ ਧਿਆਨ ਨਹੀਂ ਆਉਂਦਾ ਕਿ ਜੋਤ ਕਿੱਥੇ ਹੈ ? ਜਿਸ ਕਾਰਨ ਉਸ ਵਿਚ ਚਾਨਣ ਹੈ ਅੱਖਾਂ ਤੇ ਜਦ ਤੱਕ ਜ਼ਿੱਦ ਦੀ ਪੱਟੀ

ਬੰਨ੍ਹੀ ਹੋਈ ਹੈ, ਤਦ ਤੱਕ ਵਸਤੂ ਸਵਰੂਪ ਦੇ ਸਹੀ ਦਰਸ਼ਨ ਨਹੀਂ ਹੋ ਸਕਦੇ। ਅਨੇਕਾਂਤ ਵਸਤੂ ਜਾਂ ਪਦਾਰਥ ਦੀ ਸੁਤੰਤਰ ਸੱਤਾ ਦੀ ਘੋਸ਼ਨਾ ਕਰਦਾ ਹੈ। ਵਿਚਾਰ ਜਗਤ ਵਿਚ ਅਹਿੰਸਾ ਦਾ ਸਹੀ ਰੂਪ ਅਨੇਕਾਂਤ ਹੈ। ਜੋ ਅਹਿੰਸਕ ਹੋਵੇਗਾ ਉਹ ਅਨੇਕਾਂਤੀ ਹੋਵੇਗਾ ਅਤੇ ਜੋ ਅਨੇਕਾਂਤੀ ਹੋਵੇਗਾ ਉਹ ਅਹਿੰਸਕ ਹੋਵੇਗਾ।

ਅੱਜ ਜੈਨ ਧਰਮ ਦਾ ਜੋ ਸਵਰੂਪ ਹੈ, ਉਹ ਭਗਵਾਨ ਮਹਾਵੀਰ ਦੇ ਉਪਦੇਸ਼ ਦਾ ਸਿੱਟਾ ਹੈ। ਅੱਜ ਕੱਲ੍ਹ ਉਨ੍ਹਾਂ ਦਾ ਧਰਮ ਰਾਜ ਚੱਲ ਰਿਹਾ ਹੈ। ਮਹਾਵੀਰ, ਦਰਸ਼ਨ ਤੇ ਧਰਮ ਵਿਚ ਇਕਸੁਰਤਾ ਪੈਦਾ ਕਰਨ ਵਾਲੇ ਸਨ। ਗਿਆਨ, ਦਰਸ਼ਨ ਅਤੇ ਆਚਰਣ ਦਾ ਸੁਮੇਲ ਹੀ ਮਨੁੱਖ ਨੂੰ ਦੁੱਖਾਂ ਤੋਂ ਮੁਕਤ ਕਰ ਸਕਦਾ ਹੈ। ਗਿਆਨ ਰਹਿਤ ਕਰਮ ਅਤੇ ਕਰਮਹੀਣ ਗਿਆਨ ਦੋਹੇ ਹੀ ਬੇਅਰਥ ਹਨ। ਗਿਆਤ ਸੱਚ ਦਾ ਆਚਰਣ ਅਤੇ ਆਚਰਣ ਯੋਗ ਸੱਚ ਦਾ ਗਿਆਨ ਦੋਹੇ ਇਕੱਠੇ ਹੀ ਸਾਰਥਕ ਹੋ ਸਕਦੇ ਹਨ।

<u>ਵਸਤੂ ਸੁਭਾਵ ਧਰਮ</u> :

ਜੈਨ ਦਰਸ਼ਨ ਦੀ ਸਭ ਤੋਂ ਵੱਡੀ ਮਹੱਤਵਪੂਰਨ ਦੇਣ ਹੈ ਕਿ ਵਸਤੂ ਦਾ ਸੁਭਾਵ ਹੀ ਧਰਮ ਹੈ। ਸ੍ਰਿਸ਼ਟੀ ਦਾ ਹਰ ਪ੍ਰਦਾਰਥ ਆਪਣੇ ਸੁਭਾਵ ਅਨੁਸਾਰ ਚੱਲਦਾ ਹੈ। ਉਸ ਦਾ ਪੈਦਾ ਹੋਣਾ, ਸਥਿਤੀ (ਉਮਰ) ਅਤੇ ਵਿਨਾਸ਼ ਹੁੰਦਾ ਹੈ। ਪਦਾਰਥ ਆਪਣਾ ਸੁਭਾਵ ਨਹੀਂ ਛੱਡਦਾ ਚਾਹੇ ਉਹ ਜੜ ਹੋਵੇ ਜਾਂ ਚੇਤੰਨ। ਸੱਤਾ ਦੇ ਪੱਖੋਂ ਉਹ ਹਮੇਸ਼ਾ ਸਥਿਤ ਹੈ। ਪਰਿਆਏ ਪੱਖੋਂ ਉਹ ਲਗਾਤਾਰ ਬਦਲਦਾ ਰਹਿੰਦਾ ਹੈ। ਇਸ ਤਿੰਨ ਸਿੱਧਾਂਤਾਂ ਤੇ ਸਾਰਾ ਜੈਨ ਭਵਨ ਖੜ੍ਹਾ ਹੈ। ਇਸੇ

ਤਿੰਨ ਸਿੱਧਾਂਤਾਂ ਦੇ ਆਧਾਰ ਤੇ ਲੋਕ ਬਾਰੇ ਜਿਹੀ ਜੈਨ ਦਰਸ਼ਨ ਵਿਚ ਕਿਹਾ ਗਿਆ ਹੈ। ਛੇ ਦਰੱਵਾਂ ਦੀ ਸਥਿਤੀ ਤੋਂ ਸਾਫ਼ ਜ਼ਾਹਿਰ ਹੈ ਕਿ ਲੋਕ ਅਨਾਦਿ ਅਨੰਤ ਹੈ। ਇਸ ਦਾ ਕਰਤਾ ਧਰਤਾ ਜਾਂ ਨਿਰਮਾਤਾ ਕੋਈ ਖਾਸ ਮਨੁੱਖ ਜਾਂ ਸ਼ਕਤੀ ਨਹੀਂ। ਦੇਸ਼ ਸਮੇਂ ਦੀ ਹੱਦ ਤੋਂ ਪਰ੍ਹੇ, ਵਸਤੂ ਦੇ ਸੁਭਾਵ ਨੂੰ ਆਧਾਰ ਮੰਨ ਕੇ ਆਤਮਾ ਦੀ ਸੱਤਾ ਨੂੰ ਸਵੀਕਾਰ ਕਰਕੇ, ਸਮਾਜ ਵਿਚ ਫੈਲੀ ਗਿਰਾਵਟ, ਵਰਗ ਭੇਦ, ਵਰਨ ਭੇਦ ਆਦਿ ਦਾ ਕੋਈ ਸਥਾਨ ਨਹੀਂ ਰਹਿੰਦਾ। ਅਜਿਹੀ ਹਾਲਤ ਵਿਚ ਵਿਵਹਾਰ ਜਗਤ ਵਿਚ ਮਹਾਵੀਰ ਜਿਹਾ ਵੀਤਰਾਗ ਤੱਤਵਦਰਸ਼ੀ ਹੀ ਇਹ ਆਖ ਸਕਦਾ ਹੈ ਕਿ ਸਮਭਾਵ ਹੀ ਅਹਿੰਸਾ ਹੈ। ਮਨ ਵਿਚ ਮਮਤਾ ਨਾ ਹੋਣਾ ਅਪਰਿਗ੍ਰਹਿ ਹੈ। ਸੱਚ ਇਸ ਤਰਾਂ ਵਿਚ ਨਹੀਂ ਅਨੁਭਵ ਵਿਚ ਹੈ। ਬ੍ਰਹਮਾ ਵਰਗਾ ਜੀਵਨ ਹੀ ਬ੍ਰਹਮਚਰਯ ਹੈ। ਕਰਮ (ਕੰਮ) ਤੋਂ ਹੀ ਮਨੁੱਖ ਬ੍ਰਾਹਮਣ ਹੁੰਦਾ ਹੈ। ਕਰਮ ਤੋਂ ਖ਼ੱਤਰੀ, ਕਰਮ ਤੋਂ ਬਾਨੀਆਂ ਤੇ ਕਰਮ ਤੋਂ ਸ਼ੂਦਰ। ਚਾਰਿੱਤਰਹੀਣ ਮਨੁੱਖ ਨੂੰ ਫ਼ਿਰਕੇ ਅਤੇ ਭੇਸ਼, ਧਨ ਅਤੇ ਬਲ, ਸੱਤਾ ਅਤੇ ਐਸ਼, ਗਿਆਨ ਤੇ ਪੋਥੀਆਂ, ਵੀ ਸਹਾਰਾ ਨਹੀਂ ਦੇ ਸਕਦੀਆਂ। ਦੇਵੀ ਦੇਵਤਾ ਜਾਂ ਕੁਦਰਤੀ ਸ਼ਕਤੀਆਂ ਨੂੰ ਖੁਸ਼ ਕਰਨ ਲਈ ਕਰਮਕਾਂਡ ਮਨੁੱਖ ਨੂੰ ਸਹਾਰਾ ਨਹੀਂ ਦੇ ਸਕਦਾ। ਆਤਮ ਗਿਆਨ, ਆਤਮ ਪ੍ਰਤੀਤੀ ਅਤੇ ਆਤਮਲੀਣਤਾ - ਨਿੱਜ ਆਨੰਦ, ਰਸਲੀਨਤਾ ਹੀ ਮਨੁੱਖ ਨੂੰ ਮੁਕਤੀ ਦਿਵਾਉਂਦਾ ਹੈ। ਨਿਸ਼ਚੈ ਇਹੋ ਸੀਮਅਕਤਵ ਹੈ ਮਹਾਵੀਰ ਸਹੀ ਅਰਥਾਂ ਵਿਚ ਨਿਰਗ੍ਰੰਥ ਸਨ। ਗ੍ਰੰਥ (ਗੰਢਾਂ) ਅਤੇ ਗ੍ਰੰਥੀਆਂ ਨੂੰ ਖ਼ਤਮ ਕਰਕੇ ਉਹ ਦੇਹ ਵਿਚ ਹੁੰਦੇ ਹੋਏ ਵੀ ਵਿਦੇਹ ਸਨ। ਉਨ੍ਹਾਂ ਦੀ

ਅੱਖਰਾਂ ਤੋਂ ਰਹਿਤ, ਸਭ ਦੇ ਜਾਨਣਯੋਗ, ਮਿੱਠੀ ਬਾਣੀ ਦਾ ਚਹੁਪਾਸੇ ਵਾਤਾਵਰਨ ਹੈ।

ਸ਼੍ਰਾਵਕਾਚਾਰ :

ਸਾਧਨਾ ਸ਼ਕਤੀ ਅਨੁਸਾਰ ਹੋ ਸਕਦੀ ਹੈ। ਇਸ ਲਈ ਜੈਨ ਆਚਾਰ ਮਾਰਗ ਨੂੰ ਸ਼੍ਰਾਵਕ ਅਚਾਰ ਤੇ ਸ਼੍ਰਮਣ ਅਚਾਰ ਦੇ ਦੋ ਭਾਵਾਂ ਵਿਚ ਵੰਡਿਅਠਾ ਗਿਆਂ ਹੈ। ਸ਼੍ਰਾਵਕਾ ਦਾ ਆਚਾਰ ਵਿਹਰ ਸ਼੍ਰਮਣਾਂ ਦੇ ਪੱਖੋਂ ਸੌਖਾ ਹੈ ਕਿਉਂਕਿ ਉਹ ਘਰ ਨਹੀਂ ਛੱਡਦੇ, ਸੰਸਾਰ ਦੇ ਕੰਮਾ ਵਿਚ ਲੱਗੇ ਰਹਿੰਦੇ ਹਨ। ਪਰ ਸ਼੍ਰਾਵਕ ਆਪਣੇ ਆਚਾਰ ਪ੍ਰਤੀ ਹਮੇਸ਼ਾ ਸੁਚਤੇ ਰਹਿੰਦੇ ਹਨ। ਉਸ ਦਾ ਉਦੇਸ਼ ਸ਼੍ਰਮਣ ਧਰਮ ਵੱਲ ਅੱਗੇ ਵਧਣਾ ਹੈ। ਜਦ ਸ਼੍ਰਾਵਕ ਦੀ ਆਤਮ ਸ਼ਕਤੀ ਵੱਧ ਜਾਂਦੀ ਹੈ ਅਤੇ ਰਾਗ ਦਵੇਸ਼ ਆਦਿ ਵਿਕਾਰ ਤੇ ਕਰੋਧ ਆਦਿ ਕਸ਼ਾਇ ਤੇ ਕਾਬੂ ਕਰਕੇ ਵਧਣ ਲੱਗਦਾ ਹੈ ਤਦ ਉਹ ਹੋਲੀ ਹੋਲੀ ਇਕ ਇਕ ਸ਼੍ਰੇਣੀ ਤੇ ਚੜ੍ਹ ਕੇ ਸ਼੍ਰਮਣ ਪੱਥ ਤੇ ਕਿਉਂ ਚੱਲਦਾ ਹੈ। 12 ਵਰਤਾਂ ਦਾ ਹੋਲੀ ਦੋਸ਼ਾਂ ਤੋਂ ਰਹਿਤ ਹੋ ਪਾਲਣ ਕਰਦੇ ਹੋਏ 11 ਸ਼੍ਰੇਣੀਆਂ ਤੇ ਸਫਲਤਾ ਪ੍ਰਾਪਤ ਕਰਕੇ ਸ਼੍ਰਮਣ ਦੀ ਹਾਲਤ ਵਿਚ ਪਹੁੰਚ ਜਾਂਦਾ ਹੈ। ਇਹ ਗੱਲ ਵਰਨਣਯੋਗ ਹੈ ਕਿ ਜੈਨ ਧਰਮ ਦਾ ਸਾਰਾ ਆਚਾਰ ਆਤਮਾ ਤੇ ਆਧਾਰਿਤ ਹੈ ਅਤੇ ਸ਼੍ਰਾਵਕ ਅਤੇ ਸ਼੍ਰਮਣਾਂ ਲਈ ਨਿਸ਼ਚਿਤ ਤੇ ਸਿਲਸਿਲੇ ਵਾਰ ਸੰਵਿਧਾਨ ਮੌਜੂਦ ਹੈ। ਕੇਵਲ ਨੀਤੀ ਉਪਦੇਸ਼ ਜਾਂ ਆਪਸੀ ਵਿਵਹਾਰ ਦੇ ਪੱਖੋਂ ਜੈਨ ਧਰਮ ਵਿਚ ਕੁਝ ਨਹੀਂ ਕਿਹਾ ਗਿਆ। ਸ਼ਕਤੀ ਨੂੰ ਸਾਹਮਣੇ ਰੱਖ ਕੇ ਅਤੇ ਵਿਕਾਸ ਦੀ ਕ੍ਰਿਆ ਨੂੰ ਬਾਹਰਲੇ ਕ੍ਰਿਆ ਕਾਂਡਾਂ, ਪਰੰਪਰਾ, ਦੇਵ ਜਾਂ ਗੁਰੂ ਦੀ ਪਰੰਪਰਾ ਲਈ

ਕੋਈ ਥਾਂ ਨਹੀਂ। ਅਣਵਰਤ ਆਦਿ ਦਾ ਪਾਲਣ ਸ਼੍ਰਾਵਕ ਨੂੰ ਜਿੱਥੇ ਸਾਧੂ ਬਨਣ ਦੀ ਪ੍ਰੇਰਣਾ ਦਿਦਾ ਹੈ। ਉਥੇ ਉਹ ਸਮਾਜ ਦੇ ਚਲਾਉਣ ਵਿਚ ਵੀ ਆਪਣੀ ਹਿੰਸਾ ਨਿਭਾਉਂਦਾ ਹੈ।

<u>ਕੁਝ ਗ੍ਰੰਥ ਬਾਰੇ</u> :

ਸਮਣ ਸੁੱਤ ਗ੍ਰੰਥ ਬਾਰੇ ਜੈਨ ਧਰਮ ਦਰਸ਼ਨ ਦੀ ਸਾਰ ਯੋਗ, ਸੰਖੇਪ ਵਿਚ ਸਿਲਸਿਲੇ ਵਾਰ ਇਕੱਠ ਕੀਤਾ ਗਿਆ ਹੈ। ਗ੍ਰੰਥ ਦੇ ਚਾਰ ਹਿੱਸੇ ਹਨ ਅਤੇ 44 ਪ੍ਰਕਾਰ ਹਨ। ਕੁੱਲ ਮਿਲਾ ਕੇ 756 ਗਾਥਾਵਾਂ ਹਨ।

ਗ੍ਰੰਥ ਦੀ ਰਚਨਾ ਜਾਂ ਸੰਗ੍ਰਹਿ ਪ੍ਰਾਕ੍ਰਿਤ ਗਾਥਾਵਾਂ ਵਿਚ ਕੀਤੀ ਗਈ ਹੈ। ਜੋ ਜਾਨਣਯੋਗ ਹਨ ਤੇ ਪਾਠ ਕਰਨ ਯੋਗ ਹਨ। ਜੈਨ ਆਚਾਰਿਆ ਨੇ ਪ੍ਰਾਕ੍ਰਿਤ ਗਾਥਾਵਾਂ ਨੂੰ ਸੂਤਰ ਕਿਹਾ ਹੈ। ਪ੍ਰਾਕ੍ਰਿਤੀ 'ਸੁਤ' ਸ਼ਬਦ ਦਾ ਅਰਥ, ਸੂਤਰ, ਸੁਕਤ ਅਤੇ ਸ਼ਰੁਤ ਵੀ ਹੁੰਦਾ ਹੈ। ਜੈਨ ਪਰੰਪਰਾ ਵਿਚ ਸੁਤਰ ਸ਼ਬਦ ਦੀ ਮਾਨਤਾ ਹੈ। ਇਸ ਲਈ ਗ੍ਰੰਥ ਦਾ ਨਾਉਂ ਸਮਣਸੁਤ ਰੱਖਿਆ ਗਿਆ ਹੈ। ਗਾਥਾਵਾਂ ਦੀ ਚੋਣ ਪੁਰਾਤਣ ਗ੍ਰੰਥਾਂ ਵਿਚੋਂ ਕੀਤੀ ਗਈ ਹੈ। ਸੋ ਇਹ ਸਮਣਸੁਤ ਆਗਮਾਂ ਦੀ ਤਰ੍ਹਾਂ ਹੀ ਪ੍ਰਮਾਣਿਕ ਹੈ।

ਪਹਿਲਾ ਹਿੱਸਾ ਜਯੋਤੀ ਖੰਡ ਹੈ। ਜਿਸ ਵਿਚ ਮਨੁੱਖ ਨੂੰ ਖਾਉ, ਪੀਉ, ਮੌਜ ਉੜਾਉ ਦੀ ਹੇਠਲੀ ਸ਼੍ਰੇਣੀ ਜਾਂ ਬਾਹਰਲੀ ਸ਼੍ਰੇਣੀ ਵਾਲੇ ਜੀਵਨ ਤੋਂ ਉਪਰ ਉੱਠ ਕੇ ਅੰਦਰਲੇ ਜੀਵਨ ਦੇ ਦਰਸ਼ਨ ਕਰਦਾ ਹੈ। ਇਹ ਵਿਸ਼ੇ ਭੋਗਾਂ ਨੂੰ ਸਾਰ ਰਹਿਤ, ਦੁੱਖ ਵਾਲੇ ਅਤੇ ਜਨਮ, ਬਿਮਾਰੀ ਮੌਤ ਰੂਪੀ ਸੰਸਾਰ ਦਾ ਕਾਰਨ ਜਾਣ ਕੇ, ਇਸ ਤੋਂ

ਪਰੇ ਹੋ ਜਾਂਦਾ ਹੈ। ਰਾਗ ਦਵੇਸ਼ ਨੂੰ ਹੀ ਆਪਦਾ ਸਭ ਤੋਂ ਵੱਡਾ ਦੁਸ਼ਮਣ ਸਮਝ ਕੇ ਉਹ ਹਰ ਪ੍ਰਕਾਰ ਨਾਲ ਇਨ੍ਹਾਂ ਦਾ ਖ਼ਾਤਮਾ ਕਰਦਾ ਹੈ ਅਤੇ ਕਰੋਧ, ਮਾਨ, ਮਾਇਆ ਤੇ ਲੋਭ ਦੀ ਥਾਂ ਖ਼ਿਮਾ, ਮਾਰਦਵਤਾ, ਸਰਲਤਾ ਅਤੇ ਸੰਤੋਸ਼ ਆਦਿ ਗੁਣਾਂ ਦਾ ਆਸਰਾ ਲੈਂਦਾ ਹੈ। ਕਸ਼ਾਇਆਂ ਤੇ ਰੋਕ ਕੇ ਵਿਸ਼ਿਆਂ ਵਿਚ ਫਸੀਆਂ ਇੰਦਰੀਆਂ ਨੂੰ ਕਾਬੂ ਰੱਖਦਾ ਹੈ ਅਤੇ ਦੂਸਰਿਆ ਦੀ ਜ਼ਰੂਰਤਾਂ ਦੀ ਇੱਜ਼ਤ ਕਰਦਾ ਹੋਇਆ ਪਰਿਗ੍ਰਹਿ ਦਾ ਆਪਣੀ ਸ਼ਕਤੀ ਅਨੁਸਾਰ ਤਿਆਗ ਕਰਦਾ ਹੈ। ਆਪਣੇ ਤੇ ਪਰਾਏ ਦੇ ਪ੍ਰਤਿ ਹਮੇਸ਼ਾ ਜਾਗਰੂਕ ਰਹਿੰਦਾ ਹੈ ਅਤੇ ਸਾਵਧਾਨੀ ਨਾਲ ਮੋਕਸ਼ਮਾਰਗ ਤੇ ਰਾਹ ਤੇ ਨਿਡਰ ਹੋ ਕੇ ਚੱਲਣ ਲੱਗ ਜਾਂਦਾ ਹੈ।

ਦੂਸਰਾ ਹਿੱਸਾ ਮੋਕਸ਼ ਮਾਰਗ ਹੈ। ਇਸ ਤੇ ਚੱਲਣ ਵਾਲੇ ਮਨੁੱਖ ਦੀਆਂ ਸਭ ਸ਼ੰਕਾਵਾਂ, ਡਰ ਭਰਪੂਰ ਤਕਲੀਫਾਂ, ਇੱਛਾਵਾਂ ਤੇ ਮੂਰਖਤਾਵਾਂ, ਸ਼ਰਧਾ, ਗਿਆਨ ਤੇ ਚਾਰਿੱਤਰ ਜਾਂ ਭਗਤੀ, ਗਿਆਨ ਕਰਮ ਦੇ ਮੇਲ ਦੀ ਤ੍ਰਿਵੈਣੀ ਘੁਲ ਜਾਂਦੀਆਂ ਹਨ। ਚੰਗਾ ਮਾੜਾ ਦੋਹਾਂ ਤਰ੍ਹਾਂ ਦਾ ਝਗੜਾ ਖ਼ਤਮ ਹੋ ਜਾਂਦਾ ਹੈ ਅਤੇ ਸਮਤਾ ਤੇ ਪਿਆਰ ਦਾ ਝਰਨਾ ਫੁੱਟ ਪੈਂਦਾ ਹੈ। ਸੰਸਾਰ ਦੇ ਭੋਗਾਂ ਪ੍ਰਤਿ ਲਗਾਵ ਨਾ ਰੱਖਣ ਨਾਲ ਚਿੱਤ ਸ਼ਾਂਤ ਹੋ ਜਾਂਦਾ ਹੈ। ਘਰ ਵਿਚ ਰਹਿੰਦੇ ਹੋਏ ਵੀ ਉਹ ਪਾਣੀ ਵਿਚ ਉੱਗੇ ਕਮਲ ਦੀ ਤਰ੍ਹਾਂ ਹੋ ਜਾਂਦਾ ਹੈ। ਵਿਉਪਾਰ ਧੰਦਾ ਕਰਦੇ ਹੋਏ ਵੀ ਉਹ ਕੁਝ ਵੀ ਨਹੀਂ ਕਰਦਾ। ਸ਼੍ਰਾਵਕ ਅਤੇ ਸ਼੍ਰਮਣ ਧਰਮ ਦਾ ਸਿਲਸਿਲੇ ਵਾਰ ਸਹਾਰਾ ਲੈ ਕੇ, ਉਸ ਦਾ ਚਿੱਤ ਸਹਿਜ ਹੀ ਗਿਆਨ, ਵੈਰਾਗ ਤੇ ਧਿਆਨ ਦੀਆਂ ਭਿੰਨ ਭਿੰਨ ਸ਼੍ਰੇਣੀਆਂ ਨੂੰ

ਲੰਘਦਾ ਹੋਇਆ, ਹੌਲੀ ਹੌਲੀ ਉਪਰ ਉੱਠਣ ਲੱਗ ਜਾਂਦਾ ਹੈ, ਇੱਥੋਂ ਤੱਕ ਕਿ ਵਾਸਨਾਵਾਂ ਖ਼ਤਮ ਹੋ ਜਾਂਦੀਆਂ ਹਨ। ਗਿਆਨ ਰੂਪੀ ਸੂਰਜ ਪੂਰੀ ਤਰ੍ਹਾਂ ਉੱਘੜ ਕੇ ਚਮਕਣ ਲੱਗ ਜਾਂਦਾ ਹੈ ਅਤੇ ਆਨੰਦ ਰੂਪੀ ਸਮੁੰਦਰ ਹਿਲੋਰੇ ਲੈਣ ਲੱਗ ਜਾਂਦਾ ਹੈ। ਜਦ ਤੱਕ ਦੇਹ ਹੈ ਤਦ ਤੱਕ ਉਹ ਅਰਹਤ ਜਾਂ ਜੀਵ ਮੁਕਤ ਅਵਸਥਾ ਵਿਚ, ਪਵਿੱਤਰ ਉਪਦੇਸ਼ਾਂ ਰਾਹੀਂ ਸੰਸਾਰ ਦੇ ਕਲਿਆਣ ਮਾਰਗ ਦੇ ਉਪਦੇਸ਼ ਕਰਦਾ ਘੁੰਮਦਾ ਹੈ। ਜਦ ਸਰੀਰ ਦੀ ਉਮਰ ਪੂਰੀ ਹੋ ਜਾਂਦੀ ਹੈ ਤਾਂ ਉਹ ਸਿੱਧ ਜਾ ਵਿਦੇਹ (ਦੇਹ ਰਹਿਤ ਅਵਸਥਾ) ਨੂੰ ਪ੍ਰਾਪਤ ਕਰਦੇ ਹਮੇਸ਼ਾ ਆਨੰਦ ਸਾਗਰ ਵਿਚ ਲੀਣ ਹੋ ਜਾਂਦਾ ਹੈ।

ਤੀਸਰਾ ਹਿੱਸਾ ਤੱਤਵ ਦਰਸ਼ਨ ਹੈ। ਜਿਸ ਵਿਚ ਜੀਵ ਅਜੀਵ ਆਦਿ ਸੱਤ ਤੱਤਵਾਂ ਜਾਂ ਪੁੰਨ ਪਾਪ ਆਦਿ ਨੌ ਤੱਤਵਾਂ ਦੇ ਪਦਾਰਥਾਂ ਦੀ ਵਿਆਖਿਆ ਹੈ। ਜੀਵ ਆਤਮਾ ਪੁਦਗਲ ਪ੍ਰਮਾਣੂ ਆਦਿ ਛੇ ਦਰਵਾਂ ਦੀ ਜਾਣਕਾਰੀ ਦੇ ਉਨ੍ਹਾਂ ਦੇ ਸੰਜੋਗ ਅਤੇ ਵਿਭਾਗ ਰਾਹੀਂ ਸੰਸਾਰ ਸ੍ਰਿਸ਼ਟੀ ਦੀ ਬਨਾਵਟੀ ਤੇ ਅਨਾਦਿ, ਅਨੰਤ ਅਵਸਥਾ ਦਾ ਵਰਨਣ ਕੀਤਾ ਗਿਆ ਹੈ।

ਚੌਥਾ ਹਿੱਸਾ ਹੈ ਸਿਆਦਵਾਦ। ਉਪਰ ਅਨੇਕਾਂ ਤੀ ਸੰਖੇਪ ਵਿਆਖਿਆ ਕੀਤੀ ਜਾ ਚੁੱਕੀ ਹੈ। ਇਹ ਜੈਨ ਦਰਸ਼ਨ ਦਾ ਮੁੱਖ ਨਿਆਇ ਹੈ। ਇਸ ਹਿੱਸੇ ਵਿਚ ਪ੍ਰਮਾਣੂ, ਨਯ, ਨਿਕਸ਼ੇਪ ਤੇ ਸਪਤਭੰਗੀ ਜਿਹੇ ਗੂੜ ਗੰਭੀਰ ਵਿਸ਼ਿਆਂ ਦੀ ਦਿਲ ਖਿੱਚਵੀਂ, ਸਰਲ ਤੇ ਸੰਖੇਪ ਜਾਣਕਾਰੀ ਦਿੱਤੀ ਗਈ ਹੈ। ਅਖ਼ੀਰ ਵਿਚ ਵੀਰ ਸਤਵਨ ਦੇ ਨਾਲ ਗ੍ਰੰਥ ਖ਼ਤਮ ਹੁੰਦਾ ਹੈ।

ਕਿਹਾ ਜਾ ਸਕਦਾ ਹੈ ਕਿ ਇੰਨ੍ਹਾਂ ਚਾਰ ਹਿੱਸਿਆਂ ਵਿਚ ਜਾਂ 756 ਗਾਥਾਵਾਂ ਵਿਚ ਜੈਨ ਧਰਮ, ਤੱਤਵ ਦਰਸ਼ਨ ਅਤੇ ਅਚਾਰ ਮਾਰਗ ਦਾ ਸਰਵ ਪੱਖੀ ਵਰਨਣ ਆ ਜਾਂਦਾ ਹੈ। ਭਾਵੇਂ ਜੈਨ ਸਾਹਿਤ ਬਹੁਤ ਵਿਸ਼ਾ ਹੈ ਅਤੇ ਇਕ ਇਕ ਸ਼ਾਖਾ ਬਾਰੇ ਅਨੇਕਾਂ ਗ੍ਰੰਥ ਪ੍ਰਾਪਤ ਹੁੰਦੇ ਹਨ। ਸੂਖਮਤਾ ਨਾਲ ਅਧਿਐਨ ਕਰਨ ਲਈ ਇਨ੍ਹਾਂ ਗ੍ਰੰਥਾਂ ਦਾ ਸਹਾਰਾ ਲੈਣਾ ਪੈਂਦਾ ਹੈ। ਪਰ ਫ਼ਿਰਕਾਪ੍ਰਸਤੀ ਤੋਂ ਪਰ੍ਹਾਂ, ਮੂਲ ਵਿ ਚਜੈਨ ਧਰਮ ਦੇ ਸਿਧਾਂਤ ਦਾ, ਆਚਾਰ ਪ੍ਰਣਾਲੀ ਦਾ, ਜੀਵਨ ਦੇ ਸਿਲਸਿਲੇਵਾਰ ਵਿਕਾਸ ਦੀ ਕ੍ਰਿਆ ਦਾ ਆਮ ਲੋਕਾਂ ਨੂੰ ਜਾਣਕਾਰੀ ਕਰਾਉਣ ਲਈ ਇਹ ਇਕ ਸਰਵ ਸਮਤ ਪ੍ਰਤਿਨਿਧੀ ਗ੍ਰੰਥ ਹੈ।

- ਪੁਰਸ਼ੋਤਮ ਜੈਨ, ਰਵਿੰਦਰ ਜੈਨ

# 1. ਮੰਗਲ ਸੂਤਰ

(1) ਅਰਿਹੰਤਾ ਨੂੰ ਨਮਸਕਾਰ ਹੋਵੇ
ਸਿੱਧਾਂ ਨੂੰ ਨਮਸਕਾਰ ਹੋਵੇ
ਅਚਾਰਿਆ ਨੂੰ ਨਮਸਕਾਰ ਹੋਵੇ
ਉਪਾਧਿਆ ਨੂੰ ਨਮਸਕਾਰ ਹੋਵੇ
ਸੰਸਾਰ ਵਿਚ ਘੁੰਮਣ ਵਾਲੇ ਸਾਰੇ ਸਾਧੂਆਂ ਨੂੰ ਨਮਸਕਾਰ ਹੋਵੇ

(2) ਇਨ੍ਹਾਂ ਪੰਜਾਂ ਨੂੰ ਕੀਤਾ ਨਮਸਕਾਰ ਸਭ ਪਾਪਾਂ ਦਾ ਨਾਸ਼ ਕਰਨ ਵਾਲਾ ਹੈ ਅਤੇ ਇਹ ਸਭ ਮੰਗਲਾਂ ਵਿਚੋਂ ਪ੍ਰਮੁੱਖ ਮੰਗਲ ਹੈ।

(3-5) ਅਰਿਹੰਤ ਮੰਗਲ ਹੈ
ਸਿੱਧ ਮੰਗਲ ਹੈ
ਸਾਧੂ ਮੰਗਲ ਹੈ
ਕੇਵਲੀਆਂ (ਸਰਵੱਗ ਅਰਿਹੰਤਾਂ) ਰਾਹੀਂ ਪ੍ਰਗਟ ਕੀਤਾ ਧਰਮ ਮੰਗਲ ਹੈ

ਅਰਿਹੰਤ ਸੰਸਾਰ ਵਿਚ ਉੱਤਮ ਹਨ
ਸਿੱਧ ਸੰਸਾਰ ਵਿਚ ਉੱਤਮ ਹਨ
ਸਾਧੂ ਸੰਸਾਰ ਵਿਚ ਉੱਤਮ ਹਨ
ਕੇਵਲੀਆਂ ਰਾਹੀਂ ਪ੍ਰਗਟ ਕੀਤਾ ਧਰਮ ਸੰਸਾਰ ਵਿਚ ਉੱਤਮ ਹੈ।

ਮੈਂ ਅਰਿਹੰਤਾਂ ਦੀ ਸ਼ਰਨ ਗ੍ਰਹਿਣ ਕਰਦਾ ਹਾਂ
ਮੈਂ ਸਿੱਧਾਂ ਦੀ ਸ਼ਰਨ ਗ੍ਰਹਿਣ ਕਰਦਾ ਹਾਂ

ਮੈਂ ਸਾਧੂਆਂ ਦੀ ਸ਼ਰਨ ਗ੍ਰਹਿਣ ਕਰਦਾ ਹਾਂ

ਮੈਂ ਕੇਵਲੀਆਂ ਰਾਹੀਂ ਪ੍ਰਗਟ ਕੀਤੇ ਧਰਮ ਦੀ ਸ਼ਰਨ ਗ੍ਰਹਿਣ ਕਰਦਾ ਹਾਂ

(6) ਇਹ ਮੰਗਲ ਰੂਪੀ, ਚਾਰੇ ਸ਼ਰਨ ਸੰਸਾਰ ਵਿਚ ਉੱਤਮ ਪਰਮ ਪੂਜਨ ਯੋਗ, ਮਨੁੱਖ, ਸੁਰ ਅਤੇ ਵਿਦਿਆਧਰਾਂ ਰਾਹੀਂ ਪੂਜਨ ਯੋਗ, ਕਰਮ ਰੂਪੀ ਦੁਸ਼ਮਨਾਂ ਤੇ ਜਿੱਤ ਹਾਸਲ ਕਰਨ ਵਾਲੇ ਹਨ, ਪੰਜ ਗੁਰੂਆਂ (ਅਰਿਹੰਤ, ਸਿੱਧ, ਆਚਾਰਿਆ, ਉਪਾਧਿਆ ਤੇ ਸਾਧੂ) ਦਾ ਧਿਆਨ ਕਰਨਾ ਚਾਹੀਦਾ ਹੈ।

(7) ਗਾੜ੍ਹੇ, ਘਾਤਕ ਕਰਮਾਂ ਦਾ ਖ਼ਾਤਮਾ ਕਰਨ ਵਾਲੇ, ਤਿੰਨ ਲੋਕਾਂ ਵਿਚ ਰਹਿਣ ਵਾਲੇ, ਜਨਮ ਮਰਨ ਰੂਪੀ ਕਮਲ ਨੂੰ ਸੁਹੱਪਣ ਦੇਣ ਵਾਲੇ ਸੂਰਜ, ਅਨੰਤ ਗਿਆਨੀ ਅਤੇ ਉਪਮਾ ਰਹਿਤ ਸੁੱਖਾਂ ਦੇ ਧਨੀ ਅਰਿਹੰਤਾਂ ਦੀ ਜੈ ਹੋਵੇ।

(8) ਅੱਠ ਕਰਮਾਂ ਤੋਂ ਰਹਿਤ, ਭਰਪੂਰ, ਜਨਮ ਮਰਨ ਦੇ ਚੱਕਰ ਤੋਂ ਮੁਕਤ ਅਤੇ ਸਾਰੇ ਤੱਤਾਂ ਨੂੰ ਵੇਖਣ ਤੇ ਜਾਨਣ ਵਾਲੇ ਸਿੱਧ ਮੈਨੂੰ ਸਿੱਧੀ ਦੇਵੋ।

(9) ਪੰਜ ਮਹਾਵਰਤਾਂ ਵਿਚ ਉੱਨਤੀ ਕਰਨ ਵਾਲੇ, ਸਵਸਮੇਂ (ਆਪਣੀ ਆਤਮਾ) ਅਤੇ ਪਰਸਮੇਂ (ਦੂਸਰੇ ਦੀ ਆਤਮਾ) ਦੇ ਗਿਆਨ ਦੇ ਜਾਣਕਾਰ ਅਤੇ ਭਿੰਨ ਗੁਣਾਂ ਨਾਲ ਭਰਪੂਰ ਆਚਾਰਿਆ ਮੇਰੇ ਤੇ ਖ਼ੁਸ਼ ਰਹਿਣ।

(10) ਜਿਸ ਦਾ ਅਤਾ ਪਤਾ ਪਾਉਣਾ ਕਠਿਣ ਹੈ ਅਜਿਹੇ ਅਗਿਆਨ ਰੂਪੀ ਘੋਰ ਹਨੇਰੇ ਵਿਚ ਭਟਕਨ ਵਾਲੇ ਸੰਸਾਰੀ ਜੀਵਾਂ ਨੂੰ

ਗਿਆਨ ਦਾ ਚਾਨਣ ਦੇਣ ਵਾਲੇ ਉਪਾਧਿਆ (ਭਗਵਾਨ) ਮੈਨੂੰ ਉੱਤਮ ਬੁੱਧੀ ਦੇਵੋ।

(11) ਸ਼ੀਲ ਰੂਪੀ ਮਾਲਾ ਨੂੰ ਮਜਬੂਤੀ ਨਾਲ ਧਾਰਨ ਕਰਨ ਵਾਲੇ, ਰਾਗ ਰਹਿਤ, ਯੱਸ਼ ਕੀਰਤੀ ਨਾਲ ਭਰਪੂਰ, ਵਿਨੈ ਰੂਪੀ ਸ਼ਿੰਗਾਰ ਨਾਲ ਸਰੀਰ ਨੂੰ ਸਜਾਉਣ ਵਾਲੇ ਸਾਧੂ ਮੈਨੂੰ ਸੁੱਖ ਦੇਵੋ।

(12) ਅਰਹਤ, ਅਸ਼ਰੀਰ (ਸਰੀਰ ਰਹਿੱਤ ਸਿੱਧ), ਆਚਾਰਿਆ, ਉਪਾਧਿਆ ਅਤੇ ਮੁਨੀ ਇਨ੍ਹਾਂ ਪੰਜਾਂ ਅੱਖਰਾਂ (ਅ+ਅ+ਆ+ੳ+ਮ) ਨੂੰ ਮਿਲਾ ਕੇ ਉਂਕਾਰ (ਓਮ) ਬਣਦਾ ਹੈ। ਜੋ ਪੰਜ ਪਰਮੇਸ਼ਟੀ ਦਾ ਬੀਜ ਰੂਪੀ ਮੰਤਰ ਹੈ।

(13) ਮੈਂ (1) ਰਿਸ਼ਵ (2) ਅਜਿਤ (3) ਸੰਭਵ (4) ਅਭਿਨੰਦਨ (5) ਸੁਮਤੀ (6) ਪਦਮਪ੍ਰਭੂ (7) ਸੁਪਾਰਸ਼ਵ (8) ਚੰਦਰ ਪ੍ਰਭੂ (ਤੀਰਥੰਕਰਾਂ) ਨੂੰ ਬੰਦਨਾ (ਨਮਸਕਾਰ) ਕਰਦਾ ਹਾਂ।

(14) ਮੈਂ (9) ਸੁਵਿਧੀ (ਪੁਸ਼ਪਦੰਤ) (10) ਸ਼ੀਤਲ (11) ਸ਼ਰੇਆਂਸ (12) ਵਾਸੂ ਪੂਜਯ (13) ਵਿਮਲ (14) ਅਨੰਤ (15) ਧਰਮ (16) ਸ਼ਾਂਤੀ (ਤੀਰਥੰਕਰ) ਨੂੰ ਬੰਦਨਾ ਕਰਦਾ ਹਾਂ।

(15) ਮੈਂ (17) ਕੁੰਥੂ (18) ਅਰਹ (19) ਮੱਲੀ (20) ਮੁਨੀਸੁਵਰਤ (21) ਨਮਿ (22) ਅਰਿਸ਼ਟ ਨੇਮੀ (23) ਪਾਰਸ਼ਵ (24) ਵਰਧਮਾਨ (ਤੀਰਥੰਕਰ) ਨੂੰ ਬੰਦਨਾ ਕਰਦਾ ਹਾਂ।

(16) ਚੰਦ ਤੋਂ ਜ਼ਿਆਦਾ ਪਵਿੱਤਰ, ਸੂਰਜ ਤੋਂ ਜ਼ਿਆਦਾ ਪ੍ਰਕਾਸ਼ ਦੇਣ ਵਾਲੇ ਸਮੁੰਦਰ ਦੀ ਤਰ੍ਹਾਂ ਗੰਭੀਰ, ਸਿੱਧ ਭਗਵਾਨ ਮੈਨੂੰ ਸਿੱਧ ਪਦਵੀ ਦੇਣ।

# 2. ਜਿਨ ਸ਼ਾਸਨ ਸੂਤਰ

(17) ਜਿਸ ਦੇ ਵਿਚ ਲੀਨ ਹੋ ਕੇ, ਜੀਵ ਅਨੰਤ ਸੰਸਾਰ ਸਾਗਰ ਨੂੰ ਪਾਰ ਕਰ ਜਾਂਦੇ ਹਨ, ਜੋ ਸਾਰੇ ਜੀਵਾਂ ਦਾ ਆਸਰਾ ਹਨ। ਅਜਿਹਾ ਜਿਨ ਸ਼ਾਸਨ (ਜੈਨ ਧਰਮ) ਲੰਬੇ ਸਮੇਂ ਤੱਕ ਖੁਸ਼ਹਾਲ ਰਹੇ।

(18) ਇਹ 'ਜਿਨਾਂ' (ਤੀਰਥੰਕਰ) ਦੇ ਬਚਨ ਵਿਸ਼ਿਆਂ ਵਿਕਾਰਾਂ ਦੇ ਸੁੱਖ ਲਈ ਮੱਲ੍ਹਮ, ਬੁਢਾਪੇ ਮਰਨ ਰੂਪੀ ਦੁੱਖ ਅਤੇ ਸਭ ਪ੍ਰਕਾਰ ਦੇ ਦੁੱਖਾਂ ਦਾ ਖ਼ਾਤਮਾ ਕਰਨ ਵਾਲੀ ਅੰਮ੍ਰਿਤ ਰੂਪੀ ਦਵਾਈ ਹੈ।

(19) ਜੋ ਅਰਿਹੰਤਾਂ ਰਾਹੀਂ ਬਾਣੀ ਅਰਥ ਰੂਪ ਵਿਚ ਪ੍ਰਗਟ ਕੀਤੀ ਗਈ ਹੈ ਅਤੇ ਗਣਧਰਾਂ ਰਾਹੀਂ ਸੂਤਰ (ਸ਼ਾਸਤਰਾਂ) ਰਾਹੀਂ, ਸਹੀ ਢੰਗ ਨਾਲ ਗੁੰਦੀ ਗਈ ਹੈ, ਉਸ ਸ਼ਰੁਤ ਗਿਆਨ ਰੂਪੀ ਮਹਾਸਿੰਧੂ ਨੂੰ ਮੈਂ ਭਗਤੀ ਪੂਰਵਕ ਨਮਸਕਾਰ ਕਰਦਾ ਹਾਂ।

(20) ਅਰਿਹੰਤਾਂ ਦੇ ਮੁੱਖੋਂ ਨਿਕਲੇ, ਦੋਸ਼ ਰਹਿਤ ਸ਼ੁੱਧ ਬਚਨਾਂ ਨੂੰ ਆਗਮ ਆਖਦੇ ਹਨ। ਉਸ ਆਗਮ ਵਿਚ ਜੋ ਆਖਿਆ ਗਿਆ ਹੈ, ਉਹ ਸਭ ਸੱਚ ਹੈ (ਅਰਿਹੰਤਾਂ ਰਾਹੀਂ ਫੁਰਮਾਏ ਅਤੇ ਗਣਧਰਾਂ ਰਾਹੀਂ ਇਕੱਠਾ ਕੀਤਾ ਸ਼ਰੁਤ ਆਗਮ ਹੈ।

(21) ਜੋ 'ਜਿਨਾਂ' (ਤੀਰਥੰਕਰਾਂ) ਦੇ ਬਚਨਾਂ ਵਿਚ ਲੱਗਾ ਹੋਇਆ ਹੈ ਅਤੇ ਜਿਨ ਬਚਨਾਂ ਤੇ ਸੱਚੀ ਭਾਵਨਾ ਨਾਲ ਚੱਲਦਾ ਹੈ, ਉਹ ਨਿਰਮਲ ਤੇ ਪਾਪਾਂ ਵਿਚ ਨਾ ਲਿੱਬੜਨ ਵਾਲਾ, ਥੋੜ੍ਹੇ ਜਨਮ ਮਰਨ ਵਾਲਾ ਰਹਿ ਜਾਂਦਾ ਹੈ (ਭਾਵ ਮੁਕਤੀ ਯੋਗ ਹੋ ਜਾਂਦਾ ਹੈ।)

(22) ਹੇ ਵੀਤਰਾਗ ! ਹੇ ਜਗਤਗੁਰੂ ! ਹੇ ਭਗਵਾਨ ! ਆਪ

ਦੀ ਕ੍ਰਿਪਾ ਸਦਕਾ ਮੈਨੂੰ ਸੰਸਾਰ ਤੋਂ ਮੁਕਤੀ, ਮੋਕਸ਼ ਮਾਰਗ ਅਤੇ ਚੰਗੇ ਫਲ ਦੀ ਪ੍ਰਾਪਤੀ ਹੁੰਦੀ ਰਹੇ।

(23) ਜੋ ਸਵ-ਸਮੇਂ ਤੇ ਪਰ-ਸਮੇਂ ਦਾ ਜਾਣਕਾਰ ਹੈ, ਗੰਭੀਰ, ਪ੍ਰਕਾਸ਼ ਦੀ ਤਰ੍ਹਾਂ ਚਮਕਣ ਵਾਲਾ, ਕਲਿਆਣਕਾਰੀ ਅਤੇ ਸਭਿਅਤਾ ਵਾਲਾ ਹੈ। ਸੈਂਕੜਿਆਂ ਗੁਣਾਂ ਦਾ ਮਾਲਿਕ ਹੈ, ਉਹ ਹੀ 'ਨਿਰਗਰੰਥ ਪ੍ਰਵਚਨ' ਦਾ ਸਾਰ ਆਖਣ ਦਾ ਹੱਕਦਾਰ ਹੈ।

(24) ਜੋ ਤੁਸੀਂ ਆਪਣੇ ਲਈ ਚਾਹੁੰਦੇ ਹੋ। ਉਹ ਹੀ ਦੂਸਰੇ ਲਈ ਚਾਹੋ। ਜੋ ਤੁਸੀਂ ਆਪਣੇ ਲਈ ਨਹੀਂ ਚਾਹੁੰਦੇ, ਦੂਸਰਿਆਂ ਲਈ ਵੀ ਨਾ ਚਾਹੋ, ਇਹੋ ਜਿਨ ਸ਼ਾਸਨ (ਜੈਨ ਧਰਮ) ਹੈ - ਤੀਰਥੰਕਰਾਂ ਦਾ ਉਪਦੇਸ਼ ਹੈ।

# 3. ਸੰਘ ਸੂਤਰ

(25) ਗੁਣਾਂ ਦਾ ਸਮੂਹ ਸੰਘ ਹੈ, ਸੰਘ ਕਰਮਾਂ ਦਾ ਖ਼ਾਤਮਾ ਕਰਨ ਵਾਲਾ ਹੈ। ਜੋ ਗਿਆਨ, ਦਰਸ਼ਨ, ਚਾਰਿੱਤਰ ਦਾ ਮੇਲ ਕਰਾਉਂਦਾ ਹੈ, ਉਹ ਸੰਘ ਹੈ।

(26) ਰਤਨ ਤ੍ਰੈ (ਸੱਮਿਅਕ ਗਿਆਨ, ਸੱਮਿਅਕ ਦਰਸ਼ਨ ਤੇ ਸੱਮਿਅਕ ਚਾਰਿੱਤਰ ਰੂਪੀ ਤਿੰਨ ਰਤਨ) ਹੀ ਗੁਣ ਹੈ। ਮੋਕਸ਼ ਮਾਰਗ ਵਿਚ ਘੁੰਮਣਾ ਗੱਛ (ਮੁਨੀ ਸਮੂਹ) ਹੈ। ਗੁਣਾਂ ਦਾ ਸਮੂਹ ਹੀ 'ਸੰਘ' ਹੈ। ਨਿਰਮਲ ਆਤਮਾ ਹੀ ਸਮੇਂ (ਧਰਮ) ਹੈ।

(27) ਸੰਘ ਡਰੇ ਹੋਏ ਲੋਕਾਂ ਦੇ ਲਈ ਭਰੋਸਾ, ਛੱਲ ਰਹਿਤ, ਅਵਿਸ਼ਵਾਸੀ ਵਰਤਾਉ ਕਾਰਨ ਵਿਸ਼ਵਾਸ ਦਾ ਕਾਰਨ, ਸਭ ਪਾਸੇ ਇਕਸੁਰਤਾ (ਮਮਤਾ) ਕਾਰਨ ਠੰਢੇ ਘਰ ਦੀ ਤਰ੍ਹਾਂ, ਖ਼ਤਰੇ ਤੋਂ ਰਹਿਤ ਹੋਣ ਕਾਰਨ ਮਾਂ ਪਿਉ ਦੀ ਤਰ੍ਹਾਂ, ਸਾਰੇ ਪ੍ਰਾਣੀਆਂ ਲਈ ਸ਼ਰਨ (ਆਸਰਾ) ਦੇਣ ਵਾਲਾ ਹੁੰਦਾ ਹੈ। ਇਸ ਲਈ ਤੁਸੀਂ ਸੰਘ ਤਾਂ ਤੋਂ ਨਾ ਡਰੋ।

(28) ਸੰਘ ਵਿਚ ਰਹਿੰਦਾ ਸਾਧੂ ਹੀ ਸੱਚੇ ਗਿਆਨ ਦਾ ਹੱਕਦਾਰ ਹੁੰਦਾ ਹੈ। ਦਰਸ਼ਨ ਤੇ ਚਾਰਿੱਤਰ ਵਿਚ ਵਿਸ਼ੇਸ਼ ਰੂਪ ਵਿਚ ਪੱਕਾ ਰਹਿੰਦਾ ਹੈ। ਉਹ ਧੰਨ ਹਨ ਜੋ ਸਾਰੀ ਜ਼ਿੰਦਗੀ ਗੁਰੂਕੁਲ ਨੂੰ ਨਹੀਂ ਛੱਡਦੇ।

(29) ਜਿਸ ਵਿਚ ਗੁਰੂ ਦੇ ਪ੍ਰਤਿ ਨਾ ਭਗਤੀ ਹੈ ਨਾ ਸਨਮਾਨ ਹੈ, ਨਾ ਗੌਰਵ ਹੈ, ਨਾ ਅਨੁਸ਼ਾਸਨ ਹੈ, ਨਾ ਸ਼ਰਮ ਹੈ ਅਤੇ ਨਾ ਹੀ ਆਪਸੀ ਪਿਆਰ ਹੈ, ਅਜਿਹੇ ਮਨੁੱਖ ਦਾ ਗੁਰੂਕੁਲ ਵਿਚ ਰਹਿਣ ਦਾ

ਕੀ ਮਤਲਬ ਹੈ ?

(30-31) ਸੰਘ ਕਮਲ ਦੀ ਤਰ੍ਹਾਂ ਹੈ ਕਿਉਂਕਿ ਸੰਘ ਕਰਮ ਰੂਪੀ ਧੂੜ, ਸੰਘ ਤੋਂ ਉਸੇ ਤਰ੍ਹਾਂ ਦੂਰ ਰਹਿੰਦੀ ਹੈ, ਜਿਵੇਂ ਚਿੱਕੜ ਵਿਚ ਉੱਗੇ ਕਮਲ ਤੋਂ ਚਿੱਕੜ ਦੂਰ ਰਹਿੰਦਾ ਹੈ। ਸ਼ਰੁਤ (ਆਗਮ ਗਿਆਨ) ਹੀ ਇਸ ਕਮਲ ਦੀ 'ਨਾਲ' ਹੈ। ਪੰਜ ਮਹਾਵਰਤ ਹੀ ਉਸ ਨੂੰ ਸਥਿਰ ਰੱਖਣ ਦੀ ਡੰਡੀ ਹੈ। ਉੱਤਰ ਗੁਣ (ਬਾਹਰਲੇ ਗੁਣ) ਹੀ ਉਸ ਦੇ ਦਰਮਿਆਨ ਦਾ ਕੇਸਰ ਹੈ। ਜਿਸ ਨੂੰ ਸ਼੍ਰਾਵਕ (ਉਪਾਸਕ) ਰੂਪੀ ਭੌਰੇ ਹਮੇਸ਼ਾ ਘੇਰੀ ਰੱਖਦੇ ਹਨ। ਜੋ ਜਿਨੇਸ਼ਰ ਦੇਵ ਰੂਪੀ ਸੂਰਜ ਦੀ ਕਿਰਨਾਂ ਨਾਲ ਖਿਲਦਾ ਹੈ ਅਤੇ ਜਿਸ ਦੇ ਸ਼੍ਰਮਣਾਂ (ਸਾਧੂ-ਸਾਧਵੀ) ਦੇ ਸਮੂਹ ਹਜ਼ਾਰਾਂ ਪੱਤੇ ਹਨ, ਉਸ ਸੰਘ ਰੂਪੀ ਕਮਲ ਦਾ ਹਮੇਸ਼ਾ ਕਲਿਆਣ (ਭਲਾ) ਹੋਵੇ।

# 4. ਨਿਰੂਪਣ ਸੂਤਰ

(32) ਜੋ ਪ੍ਰਮਾਣ, ਨਯ ਅਤੇ ਨਿਕਸ਼ੇਪ ਰਾਹੀਂ ਅਰਥ ਦੀ ਜਾਣਕਾਰੀ ਪ੍ਰਾਪਤ ਨਹੀਂ ਕਰਦਾ ਉਸ ਨੂੰ ਯੋਗ ਅਯੋਗ ਲੱਗਦਾ ਹੈ, ਅਤੇ ਅਯੋਗ ਯੋਗ ਲੱਗਦਾ ਹੈ।

(33) ਗਿਆਨ ਹੀ ਪ੍ਰਮਾਣ ਹੈ। ਜਾਣਕਾਰ ਰਾਹੀਂ, ਗਿਆਨ ਨੂੰ ਦਿਲੋਂ ਗ੍ਰਹਿਣ ਕਰਨਾ ਹੀ ਨਯ ਹੈ। ਜਾਣਕਾਰੀ ਦੇ ਢੰਗ ਨੂੰ ਨਿਕਸ਼ੇਪ ਆਖਦੇ ਹਨ। ਇਸ ਤਰ੍ਹਾਂ ਜੁਗਤ ਨਾਲ ਅਰਥ ਗ੍ਰਹਿਣ ਕਰਨਾ ਚਾਹੀਦਾ ਹੈ।

(34) ਨਿਸ਼ਚੈ ਤੇ ਵਿਵਹਾਰ - ਇਹ ਦੋ ਨਯ ਹੀ ਸਾਰੇ ਨਯਾਂ ਦਾ ਮੂਲ ਹਨ ਅਤੇ ਦਰਵਯ ਆਰਥਿਕ ਤੇ ਪਰਿਆਏ ਆਰਥਿਕ ਨਯ ਨੂੰ ਨਿਸ਼ਚਿਤ ਕਰਨ ਦਾ ਸਾਧਨ ਹਨ।

(35) ਜੋ ਇਕ ਅਖੰਡ ਚੀਜ਼ ਦੇ ਭਿੰਨ-ਭਿੰਨ ਧਰਮਾਂ (ਸੁਭਾਵਾਂ) ਵਿਚੋਂ ਕਿਸੇ ਇਕ ਪੱਖੋਂ ਭੇਦ ਦੱਸਦਾ ਹੈ, ਉਹ ਵਿਵਹਾਰ ਨਯ ਹੈ। ਜੋ ਅਜਿਹਾ ਨਹੀਂ ਕਰਦਾ ਭਾਵ ਅਖੰਡ ਪਦਾਰਥ ਨੂੰ ਅਖੰਡ ਰੂਪ ਵਿਚ ਹੀ ਮਹਿਸੂਸ ਕਰਦਾ ਹੈ ਉਹ ਨਿਸ਼ਚੈ ਨਯ ਹੈ।

(36) ਵਿਵਹਾਰ ਨਯ ਦੇ ਪੱਖੋਂ ਇਹ ਆਖਿਆ ਜਾਂਦਾ ਹੈ ਕਿ ਗਿਆਨੀ ਦੇ ਚਾਰਿੱਤਰ ਹੁੰਦਾ ਹੈ, ਦਰਸ਼ਨ ਹੁੰਦਾ ਹੈ ਅਤੇ ਗਿਆਨ ਹੁੰਦਾ ਹੈ। ਪਰ ਨਿਸ਼ਚੈ ਨਯ ਪੱਖੋਂ ਨਾ ਉਨ੍ਹਾਂ ਪਾਸ ਗਿਆਨ ਹੁੰਦਾ ਹੈ ਨਾ ਚਾਰਿੱਤਰ ਅਤੇ ਨਾ ਹੀ ਦਰਸ਼ਨ ਹੁੰਦਾ ਹੈ। ਗਿਆਨੀ ਕੋਲ ਤਾਂ ਸ਼ੁੱਧ ਗਿਆਨ ਹੀ ਹੁੰਦਾ ਹੈ।

(37) ਇਸ ਤਰ੍ਹਾਂ ਆਤਮਾ ਦੇ ਸਹਾਰੇ ਨਿਸ਼ਚੈ ਨਯ ਦੇ ਰਾਹੀਂ,

ਪਰ ਅਧੀਨ ਵਿਵਹਾਰ ਨਯ ਦਾ ਵਰਨਣ ਕੀਤਾ ਜਾਂਦਾ ਹੈ। ਨਿਸ਼ਚੈ ਨਯ ਦਾ ਆਸਰਾ ਲੈਣ ਵਾਲੇ ਮੁਨੀ ਲੋਕ ਹੀ ਨਿਰਵਾਨ ਪ੍ਰਾਪਤ ਕਰਦੇ ਹਨ।

(38) ਪਰ ਜਿਵੇਂ ਅਨਾਰਿਆ (ਦੁਸ਼ਟ) ਪੁਰਸ਼ ਨੂੰ ਅਨਾਰਿਆ ਭਾਸ਼ਾ ਤੋਂ ਬਿਨਾਂ ਸਮਝਾਉਣਾ ਸੰਭਵ ਨਹੀਂ, ਉਸੇ ਪ੍ਰਕਾਰ ਵਿਵਹਾਰ ਤੋਂ ਬਿਨਾਂ ਪਰਮਾਰਥ (ਭਲੇ) ਦਾ ਉਪਦੇਸ਼ ਦੇਣਾ ਸੰਭਵ ਨਹੀਂ।

(39) ਵਿਵਹਾਰ ਸੱਚ ਦਾ ਅਰਥ ਨਹੀਂ, ਪਰ ਨਿਸ਼ਚੈ ਪੂਰੀ ਤਰ੍ਹਾਂ ਸੱਚ ਦਾ ਅਰਥ ਹੈ। ਸੱਚ ਦਾ ਆਸਰਾ ਲੈਣ ਵਾਲਾ ਹੀ ਜੀਵ ਸੱਮਿਅਕ ਦ੍ਰਿਸ਼ਟੀ ਵਾਲਾ ਹੁੰਦਾ ਹੈ।

(40) ਨਿਸ਼ਚੈ ਦਾ ਸਹਾਰਾ ਲੈਣ ਵਾਲੇ, ਕੁਝ ਜੀਵ ਨਿਸ਼ਚੈ ਨੂੰ ਨਿਸ਼ਚੈ ਨਾ ਸਮਝਣ ਕਾਰਨ ਬਾਹਰਲੇ ਮਾਮਲਿਆਂ ਵਿਚ ਉਲਝ ਕੇ , ਆਲਸੀ ਹੋ ਕੇ ਆਪਣੇ ਆਕਾਰ (ਚਾਰਿੱਤਰ) ਦਾ ਨਾਸ਼ ਕਰ ਲੈਂਦੇ ਹਨ।

(41) ਪਰਮਭਾਵ (ਤੱਤਵਾਂ) ਦੇ ਜਾਣਕਾਰ, ਜੀਵਾਂ ਨੂੰ ਨਿਸ਼ਚੈ ਨਯ ਰਾਹੀਂ ਉਪਦੇਸ਼ ਦੇਣਾ ਠੀਕ ਹੈ। ਪਰ ਅਪਰਮਭਾਵ (ਤੱਤਵਾਂ ਤੋਂ ਅਨਜਾਣ) ਜੀਵ ਨੂੰ ਵਿਵਹਾਰ ਨਯ ਰਾਹੀਂ ਉਪਦੇਸ਼ ਦੇਣਾ ਠੀਕ ਹੈ।

(42) ਨਿਸ਼ਚੈ ਹੀ ਇਹ ਜਾਨਣਾ ਕਠਿਣ ਹੈ ਕਿ ਕਿਹੜਾ ਸ਼੍ਰਮਣ (ਮੁਨੀ) ਕਿਸ ਭਾਵ ਵਿਚ ਸਥਿਤ ਹਨ ? ਇਸੇ ਲਈ ਜੋ ਪੂਰਵ ਚਾਰਿੱਤਰ ਵਿਚ ਸਥਿਤ ਹੈ, ਭਾਵ ਜੋ ਨਿਸ਼ਚੈ ਨਯ ਵਿਚ ਘੁੰਮਦਾ ਹੈ, ਉਨ੍ਹਾਂ ਨੂੰ ਬੰਦਨਾਂ, ਨਮਸਕਾਰ ਕਰਨਾ ਵਿਵਹਾਰ ਪੱਖੋਂ ਹੀ ਠੀਕ ਹੈ।

(43) ਇਸ ਲਈ (ਇਹ ਸਮਝਣਾ ਚਾਹੀਦਾ ਹੈ) ਆਪਣੇ ਆਪਣੇ ਪੱਖ ਦੀ ਜ਼ਿੱਦ ਕਰਨ ਵਾਲੇ ਸਾਰੇ ਨਯ ਮਿੱਥਿਆ ਹਨ ਅਤੇ ਪਰ ਸਾਪੇਕਸ਼ (ਸਭ ਪੱਖੋਂ ਵਿਚਾਰ ਕਰਨ) ਰਾਹੀਂ ਉਹ ਸੱਮਿਅਕ ਭਾਵ ਨੂੰ ਪ੍ਰਾਪਤ ਹੋ ਜਾਂਦੇ ਹਨ।

(44) ਗਿਆਨ ਆਦਿ ਕਮ ਉਤਸਰਗ (ਸਹੀ ਮਾਰਗ) ਅਤੇ ਅੱਪਵਾਦ (ਮਜਬੂਰੀ ਵਿਚ ਲਿਆ ਫੈਸਲਾ) ਵਿਚ ਸੱਚ ਹੁੰਦੇ ਹਨ। ਇਸ ਤਰ੍ਹਾਂ ਕੀਤੇ ਸਭ ਕੰਮ ਸਫਲ ਹੁੰਦੇ ਹਨ।

# 5. ਸੰਸਾਰ ਚੱਕਰ

(45) ਅਧਰੁਵ (ਅਸਥਿਰ) ਅਸ਼ਾਸਵਤ (ਖ਼ਤਮ ਹੋਣ ਵਾਲਾ) ਅਤੇ ਦੁੱਖ ਭਰਪੂਰ ਸੰਸਾਰ ਵਿਚ ਅਜਿਹਾ ਕਿਹੜਾ ਕੰਮ ਹੈ ਜਿਸ ਰਾਹੀਂ ਮੈਂ ਦੁਰਗਤੀ ਵਿਚ ਨਾ ਭਟਕਾਂ।

(46) ਇਹ ਕਾਮ ਭੋਗ ਥੋੜ੍ਹਾ ਸਮਾਂ ਸੁੱਖ ਅਤੇ ਲੰਬਾ ਸਮਾਂ ਦੁੱਖ ਦੇਣ ਵਾਲੇ ਹਨ, ਬਹੁਤ ਦੁੱਖ ਅਤੇ ਥੋੜ੍ਹਾ ਸੁੱਖ ਦੇਣ ਵਾਲੇ ਹਨ। ਸੰਸਾਰ ਤੋਂ ਮੁਕਤੀ ਦੇ ਵਿਰੋਧੀ ਅਤੇ ਅਨਰਥਾਂ ਦੀ ਖਾਨ ਹਨ।

(47) ਬਹੁਤ ਖੋਜ ਕਰਨ ਤੇ ਵੀ ਜਿਵੇਂ ਕੇਲੇ ਦੇ ਦਰਖ਼ਤ ਦਾ ਕੋਈ ਸਾਰ ਵਿਖਾਈ ਨਹੀਂ ਦਿੰਦਾ, ਇਸੇ ਪ੍ਰਕਾਰ ਇੰਦਰੀਆਂ ਦੇ ਵਿਸ਼ਿਆਂ ਵਿਚ ਕੁਝ ਵੀ ਸੁੱਖ ਵਿਖਾਈ ਨਹੀਂ ਦਿੰਦਾ।

(48) ਨਰੇਂਦਰ ਤੇ ਸੁਰੇਂਦਰ ਆਦਿ ਦੇਵਤਿਆਂ ਦੇ ਸੁੱਖ ਦੀ ਦਰਅਸਲ ਦੁੱਖ ਹੀ ਹਨ ਉਹ ਸੁੱਖ ਤਾਂ ਥੋੜ੍ਹੇ ਸਮੇਂ ਲਈ ਦਿੰਦੇ ਹਨ, ਪਰ ਨਤੀਜਾ ਬਹੁਤ ਭੈੜਾ ਹੁੰਦਾ ਹੈ। ਇਸ ਲਈ ਇਨ੍ਹਾਂ ਤੋਂ ਦੂਰ ਰਹਿਣਾ ਹੀ ਚੰਗਾ ਹੈ।

(49) ਜਿਵੇਂ ਖਾਜ ਦਾ ਰੋਗੀ ਖਾਜ ਕਰਨ ਨਾਲ ਹੋਣ ਵਾਲੇ ਦੁੱਖ ਨੂੰ ਸੁੱਖ ਮੰਨਦਾ ਹੈ, ਉਸੇ ਪ੍ਰਕਾਰ ਮੋਹ ਵਿਚ ਫਸਿਆ, ਕਾਮ ਭੋਗੀ ਮਨੁੱਖ ਦੁੱਖ ਨੂੰ ਵੀ ਸੁੱਖ ਮੰਨਦਾ ਹੈ।

(50) ਆਤਮਾ ਨੂੰ ਗੰਦਾ ਕਰਨ ਵਾਲੀ ਕਾਮ ਭੋਗ ਰੂਪੀ ਲਗਾਵ ਦੀ ਭਾਵਨਾ ਵਿਚ ਲੱਗਾ, ਆਪਣੇ ਭਲੇ ਤੇ ਚੰਗੇ ਨੂੰ ਵੀ ਨਾ ਸਮਝਣ ਵਾਲਾ ਅਗਿਆਨੀ, ਬੇਵਕੂਫ ਅਤੇ ਪਾਗਲ ਜੀਵ ਉਸੇ ਤਰ੍ਹਾਂ ਕਰਮਾਂ ਦੀ ਜੰਜ਼ੀਰ ਵਿਚ ਜਕੜ ਜਾਂਦਾ ਹੈ, ਜਿਵੇਂ ਥੁੱਕ ਵਿਚ ਮੱਖੀ।

(51) ਜੋ ਜੀਵ ਜਨਮ, ਬੁਢਾਪਾ ਅਤੇ ਮੌਤ ਦੇ ਹੋਣ ਵਾਲੇ ਦੁੱਖ ਨੂੰ ਜਾਣਦਾ ਹੈ, ਉਸ ਦਾ ਵਿਚਾਰ ਵੀ ਕਰਦਾ ਹੈ, ਪਰ ਵਿਸ਼ੇ ਵਿਕਾਰਾਂ ਤੋਂ ਛੁਟਕਾਰਾ ਨਹੀਂ ਪਾ ਸਕਦਾ। ਹਾਏ ! ਇਹ ਧੋਖੇ ਦੀ ਗਠੜੀ ਕਿੰਨੀ ਮਜਬੂਤ ਹੈ ?

(52-54) ਸੰਸਾਰੀ ਜੀਵ ਦੇ ਰਾਗ ਦਵੇਸ਼ ਰੂਪੀ ਨਤੀਜੇ ਹੁੰਦੇ ਹਨ। ਇਨ੍ਹਾਂ ਨਤੀਜਿਆਂ ਕਾਰਨ ਕਰਮਾਂ ਦਾ ਸੰਗ੍ਰਹਿ ਹੁੰਦਾ ਹੈ। ਕਰਮਾਂ ਦੇ ਸੰਗ੍ਰਹਿ ਕਾਰਨ ਜੀਵ ਚਾਰ ਗਤੀਆਂ (ਮਨੁੱਖ, ਪਸ਼ੂ, ਦੇਵਤਾ, ਨਾਰਕੀ (ਨਰਕ ਦੇ ਜੀਵ) ਵਿਚ ਘੁੰਮਦਾ (ਜਨਮ-ਮਰਨ) ਹੈ। ਜਨਮ ਤੋਂ ਸਰੀਰ ਤੇ ਸਰੀਰ ਰਾਹੀਂ ਇੰਦਰੀਆਂ ਪ੍ਰਾਪਤ ਹੁੰਦੀਆਂ ਹਨ। ਇੰਦਰੀਆਂ ਰਾਹੀਂ ਜੀਵ ਵਿਸ਼ੇ ਵਿਕਾਰਾਂ ਨੂੰ ਗ੍ਰਹਿਣ ਕਰਦਾ ਹੈ। ਉਸ ਰਾਹੀਂ ਫਿਰ ਰਾਗ ਦਵੇਸ਼ ਪੈਦਾ ਹੁੰਦਾ ਹੈ। ਇਸ ਪ੍ਰਕਾਰ ਜੀਵ ਸੰਸਾਰ ਚੱਕਰ ਵਿਚ ਘੁੰਮਦਾ ਹੈ। ਉਸ ਦੇ ਜਨਮ ਮਰਨ ਦਾ ਇਹ ਚੱਕਰ ਤਦ ਤੱਕ ਬਿਨਾਂ ਕਿਸੇ ਸ਼ੁਰੂ ਤੇ ਖ਼ਾਤਮੇ ਤੋਂ ਚੱਲਦਾ ਹੈ ਜਦ ਤੱਕ ਸੱਮਿਅਕ ਦ੍ਰਿਸ਼ਟੀ ਨਾ ਪ੍ਰਾਪਤ ਹੋਵੇ। ਸੱਮਿਅਕ ਦ੍ਰਿਸ਼ਟੀ ਪ੍ਰਾਪਤ ਹੋਣ ਤੇ ਇਹ ਨਾ ਖ਼ਤਮ ਹੋਣ ਵਾਲਾ ਚੱਕਰ ਖ਼ਤਮ ਹੋ ਜਾਂਦਾ ਹੈ।

(55) ਜਨਮ ਦੁੱਖ ਹੈ, ਬੁਢਾਪਾ ਦੁੱਖ ਹੈ, ਰੋਗ ਦੁੱਖ ਹੈ, ਮੌਤ ਦੁੱਖ ਹੈ। ਆਹ ! ਸੰਸਾਰ ਹੀ ਦੁੱਖ ਹੈ, ਜੀਵ ਕਸ਼ਟ ਪਾ ਰਿਹਾ ਹੈ।

# 6. ਕਰਮ ਸੂਤਰ

(56) ਜੋ ਭਾਵ (ਸੁਭਾਵ) ਜਿਸ ਪ੍ਰਕਾਰ ਨਿਸ਼ਚਿਤ ਹਨ, ਉਸ ਨੂੰ ਹੋਰ ਢੰਗ ਨਾਲ ਆਖਣਾ ਜਾਂ ਕਰਨਾ ਉਲਟ ਬੁੱਧੀ ਹੈ।

(57) ਜਿਸ ਸਮੇਂ ਜੀਵ ਜਿਹੋ ਜਿਹੇ ਭਾਵ ਕਰਦਾ ਹੈ, ਉਹ ਉਸ ਸਮੇਂ ਉਸੇ ਤਰ੍ਹਾਂ ਦੇ ਸ਼ੁਭ ਤੇ ਅਸ਼ੁਭ ਕਰਮਾਂ ਦਾ ਸੰਗ੍ਰਹਿ ਕਰਦਾ ਹੈ।

(58) ਗਾਫ਼ਲ ਮਨੁੱਖ, ਸਰੀਰ ਤੇ ਬਚਨ ਤੋਂ ਪਾਗਲ ਹੁੰਦਾ ਹੈ। ਧਨ ਅਤੇ ਇਸਤਰੀਆਂ ਵਿਚ ਫਸਿਆ ਰਹਿੰਦਾ ਹੈ। ਉਹ ਰਾਗ ਦਵੇਸ਼ ਰਾਹੀਂ, ਦੋਹਾਂ ਤਰ੍ਹਾਂ ਦੇ ਕਰਮਾਂ ਦੀ ਰਜ (ਮੈਲ) ਇਕੱਠੀ ਕਰਦਾ ਰਹਿੰਦਾ ਹੈ। ਜਿਵੇਂ ਸ਼ੇਸ਼ਨਾਗ ਮੂੰਹ ਤੇ ਸਰੀਰ ਦੋਹਾਂ ਨਾਲ ਮਿੱਟੀ ਇਕੱਠੀ ਕਰਦਾ ਹੈ।

(59) ਜਾਤ ਵਾਲੇ ਮਿੱਤਰ, ਪੁੱਤਰ ਅਤੇ ਰਿਸ਼ਤੇਦਾਰ, ਉਸ ਜੀਵ ਦਾ ਦੁੱਖ ਨਹੀਂ ਵੰਡਾ ਸਕਦੇ। ਉਹ ਆਪ ਇਕੱਲਾ ਹੀ ਦੁੱਖ ਦਾ ਅਨੁਭਵ ਕਰਦਾ ਹੈ ਕਿਉਂਕਿ ਕਰਮ, ਕਰਤਾ ਦੇ ਪਿੱਛੇ ਚਲਦਾ ਹੈ।

(60) ਜੀਵ ਕਰਮਾਂ ਦਾ ਸੰਗ੍ਰਹਿ ਕਰਨ ਦੇ ਮਾਮਲੇ ਵਿਚ ਤਾਂ ਸੁਤੰਤਰ ਹੈ। ਪਰ ਕਰਮਾਂ ਦਾ ਫਲ ਪ੍ਰਗਟ ਹੋਣ ਤੇ, ਭੋਗਣ ਸਮੇਂ ਉਸ ਦੇ ਅਧੀਨ ਹੋ ਜਾਂਦਾ ਹੈ, ਜਿਵੇਂ ਕੋਈ ਮਨੁੱਖ ਆਪਣੀ ਮਰਜ਼ੀ ਨਾਲ ਦਰਖ਼ਤ ਤੇ ਚੜ੍ਹ ਤਾਂ ਜਾਂਦਾ ਹੈ, ਪਰ ਅਣਗਹਿਲੀ ਕਾਰਨ ਜਦ ਡਿੱਗ ਜਾਂਦਾ ਹੈ ਤਾਂ ਉਸ ਸਮੇਂ ਪਰਾਏ ਵੱਸ ਹੋ ਜਾਂਦਾ ਹੈ।

(61) ਕਦੇ ਜੀਵ ਕਰਮ ਦੇ ਅਧੀਨ ਹੋ ਜਾਂਦਾ ਹੈ ਅਤੇ ਕਦੇ

ਕਰਮ ਜੀਵ ਦੇ ਅਧੀਨ ਹੋ ਜਾਂਦੇ ਹਨ ਜਿਵੇਂ ਕਰਜ਼ਾ ਦੇਣ ਲੱਗੇ ਸ਼ਾਹੂਕਾਰ ਸ਼ਕਤੀਸ਼ਾਲੀ ਹੁੰਦਾ ਹੈ ਅਤੇ ਕਰਜ਼ਾ ਮੋੜਨ ਸਮੇਂ ਕਰਜ਼ਦਾਰ ਸ਼ਕਤੀਸ਼ਾਲੀ ਹੋ ਜਾਂਦਾ ਹੈ।

(62) ਸਾਧਾਰਣ ਤੌਰ ਤੇ ਕਰਮ ਇਕ ਹੀ ਹੈ। ਪਰ ਦਰੱਵ ਤੇ ਭਾਵ ਪੱਖੋਂ ਦੋ ਪ੍ਰਕਾਰ ਦਾ ਹੈ। ਕਰਮਾਂ ਦੇ ਪੁਦਗਲਾਂ ਦਾ ਟੁਕੜਾ ਦਰੱਵ ਕਰਮ ਹੈ ਅਤੇ ਉਸ ਪਿੰਡ (ਟੁਕੜੇ) ਵਿਚ ਰਹਿਣ ਵਾਲੀ ਸ਼ਕਤੀ ਜਾਂ ਉਸ ਦੇ ਕਾਰਨ ਜੀਵ ਵਿਚ ਹੋਣ ਵਾਲੇ ਰਾਗ ਦਵੇਸ਼ ਰੂਪੀ ਵਿਕਾਰ ਭਾਵ ਕਰਮ ਹਨ।

(63) ਜੋ ਇੰਦਰੀਆਂ ਆਦਿ ਤੇ ਜਿੱਤ ਹਾਸਲ ਕਰਕੇ ਉਪਯੋਗਮਯ (ਗਿਆਨ ਦਰਸ਼ਨ ਭਰਪੂਰ ਆਤਮਾ) ਦਾ ਧਿਆਨ ਕਰਦਾ ਹੈ, ਉਹ ਕਰਮਾਂ ਦਾ ਸੰਗ੍ਰਹਿ ਨਹੀਂ ਕਰਦਾ। ਇਸ ਲਈ ਪੁਦਗਲਾਂ ਨਾਲ ਬਣੇ ਪ੍ਰਾਣ (ਸਾਹ) ਉਸ ਨੂੰ ਕਿਵੇਂ ਘੇਰ ਸਕਦੇ ਹਨ (ਭਾਵ ਉਸ ਨੂੰ ਨਵਾਂ ਜਨਮ ਧਾਰਨ ਕਰਨਾ ਨਹੀਂ ਪੈਂਦਾ।

(64-65) ਗਿਆਨਾਵਰਨ, ਦਰਸ਼ਨਾਵਰਨ, ਵੇਦਨੀਆ, ਮੋਹਨੀਆ, ਆਯੂ, ਨਾਮ, ਗੋਤਰ ਤੇ ਅੰਤਰਾਇ ਇਹ ਅੱਠ ਕਰਮ ਹਨ।

(66) ਇਨ੍ਹਾਂ ਕਰਮਾਂ ਦੇ ਸੁਭਾਵ ਪਰਦਾ, ਚੌਕੀਦਾਰ, ਤਲਵਾਰ, ਸ਼ਰਾਬ, ਕਾਠ, ਚਿੱਤਰਕਾਰ, ਘੁਮਾਰ ਤੇ ਭੰਡਾਰੀ ਦੀ ਤਰ੍ਹਾਂ ਹਨ।

## ਟਿੱਪਣੀਆਂ (ਸ਼ਲੋਕ ਨੰ: 64, 65, 66)

(1) ਜਿਵੇਂ ਪਰਦਾ ਕਮਰੇ ਦੇ ਅੰਦਰ ਪਈ ਹਰ ਚੀਜ਼ ਦਾ ਗਿਆਨ ਨਹੀਂ ਹੋਣ ਦਿੰਦਾ, ਉਸੇ ਪ੍ਰਕਾਰ ਗਿਆਨਾਵਰਨ ਕਰਮ

ਗਿਆਨ ਦੇ ਪ੍ਰਕਾਸ਼ ਨੂੰ ਆਉਣ ਵਿਚ ਰੁਕਾਵਟ ਪਾਉਂਦਾ ਹੈ, ਇਸ ਕਰਮ ਦੇ ਘੱਟ ਹੋ ਜਾਣ ਤੇ ਘੱਟ ਗਿਆਨ ਵਾਲਾ ਵਿਦਵਾਨ ਹੋ ਜਾਂਦਾ ਹੈ। ਇਸ ਦੇ ਵਧ ਜਾਣ ਨਾਲ ਗਿਆਨੀ ਦਾ ਗਿਆਨ ਘੱਟ ਹੋ ਜਾਂਦਾ ਹੈ। (2) ਜਿਵੇਂ ਚੌਕੀਦਾਰ, ਰਾਜੇ ਆਦਿ ਦੇ ਦਰਸ਼ਨਾਂ ਲਈ ਲੋਕਾਂ ਨੂੰ ਰੋਕਦਾ ਹੈ, ਉਸੇ ਪ੍ਰਕਾਰ ਦਰਸ਼ਨ (ਵਿਸ਼ਵਾਸ) ਨੂੰ ਢਕਣ ਵਾਲਾ ਇਹ ਦਰਸ਼ਨਾਵਰਨ ਕਰਮ ਹੈ। (3) ਜਿਵੇਂ ਤਲਵਾਰ ਦੀ ਧਾਰ ਨੂੰ ਲੱਗਿਆ ਸ਼ਹਿਦ ਚੱਟਣ ਨਾਲ ਮਿਠਾਸ ਦੀ ਪ੍ਰਾਪਤੀ ਤਾਂ ਹੁੰਦੀ ਹੈ ਪਰ ਨਾਲ ਜੀਭ ਕੱਟ ਜਾਣ ਦਾ ਦੁੱਖ ਵੀ ਭੋਗਨਾ ਪੈਂਦਾ ਹੈ, ਉਸੇ ਪ੍ਰਕਾਰ ਵੇਦਨੀਆਂ ਕਰਮ ਦਾ ਸੁਭਾਵ ਹੈ। (4) ਜਿਵੇਂ ਸ਼ਰਾਬੀ ਆਪਣੀ ਸੁੱਧ-ਬੁੱਧ ਖੋ ਬੈਠਦਾ ਹੈ, ਉਸੇ ਪ੍ਰਕਾਰ ਮੋਹਨੀਆ ਕਰਮ ਦੇ ਪ੍ਰਗਟ ਹੋਣ ਨਾਲ ਮਨੁੱਖ ਆਪਣੇ ਸਵਰੂਪ ਨੂੰ ਭੁੱਲ ਜਾਂਦਾ ਹੈ। (5) ਜਿਸ ਤਰ੍ਹਾਂ ਰੱਲੀ (ਕਾਠ) ਵਿਚ ਪੈਰ ਫਸਾ ਦੇਣ ਵਾਲਾ ਮਨੁੱਖ ਰੁਕ ਜਾਂਦਾ ਹੈ, ਉਸੇ ਪ੍ਰਕਾਰ ਆਯੂ ਕਰਮ ਦੇ ਪ੍ਰਗਟ ਹੋਣ ਤੇ ਜੀਵ ਸਰੀਰ ਨਿਸ਼ਚਿਤ ਸਮੇਂ ਤੱਕ ਰੁਕ ਜਾਂਦਾ ਹੈ। (6) ਜਿਵੇਂ ਚਿੱਤਰਕਾਰ ਭਿੰਨ-ਭਿੰਨ ਚਿੱਤਰ ਬਣਾਉਂਦਾ ਹੈ, ਉਸੇ ਪ੍ਰਕਾਰ ਨਾਮ ਕਰਮ ਦੇ ਪ੍ਰਗਟ ਹੋਣ ਨਾਲ ਭਿੰਨ-ਭਿੰਨ ਪ੍ਰਕਾਰ ਦੇ ਨਾਂਵਾ ਵਾਲੇ ਸਰੀਰ ਦੀ ਰਚਨਾ ਕਰਦਾ ਹੈ। (7) ਜਿਵੇਂ ਘੁਮਾਰ ਛੋਟੇ ਵੱਡੇ ਭਾਂਡੇ ਬਣਾਉਂਦਾ ਹੈ, ਉਸੇ ਪ੍ਰਕਾਰ ਗੋਤਰ ਕਰਮ ਕਾਰਨ ਉੱਚ-ਕੁਲ ਤੇ ਨੀਚ ਗੋਤ ਦੀ ਪ੍ਰਾਪਤੀ ਹੁੰਦੀ ਹੈ। (8) ਜਿਵੇਂ ਖ਼ਜਾਨਚੀ ਦੇਣ ਵਾਲੇ ਨੂੰ ਦੇਣ ਤੋਂ ਅਤੇ ਲੈਣ ਵਾਲੇ ਨੂੰ ਲੈਣ ਤੋਂ ਰੋਕਦਾ ਹੈ, ਉਸੇ ਪ੍ਰਕਾਰ ਅਤੇ ਗਾਇਕ ਕਰਮ ਦਾਨ ਆਦਿ ਦੇ ਲਾਭ ਵਿਚ ਅੰਤਰਾਇ (ਰੁਕਵਾਟ) ਪਾਉਂਦਾ ਹੈ। ਇਹ ਅੱਠਾਂ ਕਰਮਾਂ ਦਾ ਸੁਭਾਵ ਹੈ।

# 7. ਮਿੱਥਿਆਤਵ ਸੂਤਰ

(67) ਹਾਏ ! ਕਿੰਨੇ ਦੁੱਖ ਦੀ ਗੱਲ ਹੈ ਕਿ ਮੈਂ ਸਦਗਤੀ ਨੂੰ ਨਾ ਜਾਨਣ ਕਾਰਨ, ਮੈਂ ਮੂਰਖ ਭਿਆਨਕ ਅਤੇ ਘੋਰ ਜਨਮ ਮਰਨ ਰੂਪੀ ਜੰਗਲ ਵਿਚ ਭਟਕਦਾ ਰਿਹਾ।

(68) ਜੋ ਜੀਵ ਮਿੱਥਿਆਤਵ ਨਾਲ ਘਿਰਿਆ ਹੁੰਦਾ ਹੈ, ਉਸ ਦੀ ਦ੍ਰਿਸ਼ਟੀ (ਸੋਚ) ਉਲਟ ਹੋ ਜਾਂਦੀ ਹੈ। ਉਸ ਨੂੰ ਧਰਮ ਚੰਗਾ ਨਹੀਂ ਲੱਗਦਾ, ਜਿਵੇਂ ਬੁਖਾਰ ਦੇ ਮਰੀਜ਼ ਨੂੰ ਮਿੱਠਾ ਰਸ ਚੰਗਾ ਨਹੀਂ ਲੱਗਦਾ।

(69) ਮਿੱਥਿਆ ਦ੍ਰਿਸ਼ਟੀ ਜੀਵ ਤੇਜ਼ ਕਸ਼ਾਏ (ਰਾਗ ਦਵੇਸ਼) ਕਾਰਨ ਜੀਵ ਤੇ ਸਰੀਰ ਨੂੰ ਇਕ ਮੰਨਦਾ ਹੈ। ਦਰਸ਼ਲ ਉਹ ਦੇਹ ਨੂੰ ਹੀ ਆਤਮਾ ਮੰਨਣ ਲੱਗ ਜਾਂਦਾ ਹੈ।

(70) ਜੋ ਤੱਤਵ (ਵਿਚਾਰ) ਅਨੁਸਾਰ ਨਹੀਂ ਚੱਲਦਾ, ਉਸ ਤੋਂ ਵੱਡਾ ਮਿਥਿਆ ਦ੍ਰਿਸ਼ਟੀ, ਹੋਰ ਕੌਣ ਹੋ ਸਕਦਾ ਹੈ ?

ਉਹ ਦੂਸਰਿਆਂ ਨੂੰ ਵੀ ਭੁਲੇਖਿਆਂ ਵਿਚ ਪਾ ਕੇ ਮਿਥਿਆਤਵ ਵਿਚ ਵਾਧਾ ਕਰਦਾ ਰਹਿੰਦਾ ਹੈ।

# 8. ਰਾਗ ਪਰਿਹਾਰ ਸੂਤਰ

(71) ਰਾਗ ਤੇ ਦਵੇਸ਼ ਕਰਮ ਦੇ ਬੀਜ (ਮੂਲ ਕਾਰਨ) ਹਨ। ਕਰਮ ਮੋਹ ਤੋਂ ਪੈਦਾ ਹੁੰਦਾ ਹੈ। ਇਹ ਜਨਮ ਮਰਨ ਦਾ ਮੂਲ ਹੈ। ਜਨਮ ਮਰਨ ਦੁੱਖ ਦਾ ਮੂਲ ਹੈ।

(72) ਬੁਰੀ ਤਰ੍ਹਾਂ ਫਿਟਕਾਰਿਆ ਸਮਰਥ ਦੁਸ਼ਮਣ ਵੀ ਓਨਾ ਨੁਕਸਾਨ ਨਹੀਂ ਪਹੁੰਚਾਉਂਦਾ, ਜਿੰਨਾ ਨੁਕਸਾਨ ਰਾਗ ਤੇ ਦਵੇਸ਼ ਪਹੁੰਚਾਉਂਦੇ ਹਨ।

(73) ਇਸ ਸੰਸਾਰ ਵਿਚ ਜਨਮ, ਬੁਢਾਪੇ ਤੇ ਮੌਤ ਦੇ ਦੁੱਖਾਂ ਵਿਚ ਉਲਝੇ ਜੀਵ ਨੂੰ ਕਦੇ ਵੀ ਸੁੱਖ ਨਹੀਂ ਮਿਲਦਾ। ਇਸ ਲਈ ਮੋਕਸ਼ ਹੀ ਲਾਭਦਾਇਕ ਹੈ।

(74) ਜੇ ਤੁਸੀਂ ਘੋਰ ਜਨਮ ਮਰਨ ਰੂਪੀ ਸਮੁੰਦਰ ਦੇ ਕਿਨਾਰੇ ਤੇ ਪਹੁੰਚਣਾ ਚਾਹੁੰਦੇ ਹੋ ਤਾਂ ਹੇ ਗਿਆਨੀ ! ਤੁਸੀਂ ਛੇਤੀ ਹੀ ਤਪ, ਸੱਜਮ ਰੂਪੀ ਕਿਸ਼ਤੀ ਦੇ ਸਵਾਰ ਹੋ ਜਾਵੋ।

(75) ਸੱਮਿਅਕਤਵ ਤੇ ਚਾਰਿੱਤਰ ਆਦਿ ਗੁਣਾਂ ਦੇ ਵਿਨਾਸ਼ਕ, ਘੋਰ ਭਿਆਨਕ ਰਾਗ ਦਵੇਸ਼ ਰੂਪੀ ਪਾਪਾਂ ਦੇ ਵਸ ਵਿਚ ਨਹੀਂ ਪੈਣਾ ਚਾਹੀਦਾ।

(76) ਸਭ ਜੀਵਾਂ ਦੇ ਤਾਂ ਕਿ ਦੇਵਤਿਆਂ ਤੱਕ ਦੇ ਸਾਰੇ ਸਰੀਰਿਕ ਤੇ ਮਾਨਸਿਕ ਦੁੱਖਾਂ ਦਾ ਮੁੱਖ ਕਾਰਨ ਕਾਮ ਭੋਗ ਤੋਂ ਪੈਦਾ ਹੋਣ ਵਾਲੀ ਇੱਛਾ ਹੈ। ਵੀਤਰਾਗ ਉਸ ਦੁੱਖ ਦਾ ਅੰਤ ਪਾ ਲੈਂਦਾ ਹੈ।

(77) ਜਿਸ ਢੰਗ ਤੋਂ ਵੈਰਾਗ ਪੈਦਾ ਹੋਵੇ, ਉਹ ਢੰਗ ਆਦਰ

ਸਤਿਕਾਰ ਨਾਲ ਅਪਨਾਉਣਾ ਚਾਹੀਦਾ ਹੈ। ਲਗਾਵ ਦੀ ਭਾਵਨਾ ਤੋਂ ਮੁਕਤ ਮਨੁੱਖ ਸੰਸਾਰ ਦੀ ਜ਼ੰਜੀਰ ਤੋਂ ਛੁਟਕਾਰਾ ਪਾ ਜਾਂਦਾ ਹੈ। ਲਗਾਵ ਵਿਚ ਫਸਿਆ ਮਨੁੱਖ ਅਨੰਤ ਸੰਸਾਰ ਵਿਚ ਘੁੰਮਦਾ ਰਹਿੰਦਾ ਹੈ।

(78) "ਆਪਣੇ ਰਾਗ ਦਵੇਸ਼ ਰਾਹੀਂ ਪੈਦਾ ਹੋਏ ਸੰਕਲਪ, ਵਿਕਲਪ ਸਭ ਦੋਸ਼ਾਂ ਦਾ ਮੁੱਖ ਕਾਰਨ ਹਨ।" ਜੋ ਇਸ ਪ੍ਰਕਾਰ ਵਿਚਾਰ ਕਰਦਾ ਹੈ। "ਇੰਦਰੀਆਂ ਦੇ ਵਿਸ਼ੇ, ਦੋਸ਼ਾਂ ਦਾ ਮੁੱਖ ਕਾਰਨ ਨਹੀਂ ਹਨ।" ਇਸ ਪ੍ਰਕਾਰ ਦਾ ਸੰਕਲਪ ਕਰਨ ਵਾਲੇ ਦੇ ਮਨ ਵਿਚ ਮਮਤਾ ਉਤਪੰਨ ਹੁੰਦੀ ਹੈ। ਇਸ ਰਾਹੀਂ ਉਸ ਦੇ ਮਨ ਦੇ ਵਿਚ ਪੈਦਾ ਹੋਣ ਵਾਲੀ ਕਾਮ ਇੱਛਾ ਘੱਟਦੀ ਹੈ।

(79) ਨਿਸ਼ਚੈ ਦਰਿਸ਼ਟੀ ਪੱਖੋਂ ਸਰੀਰ ਤੇ ਆਤਮਾ ਭਿੰਨ ਹਨ ਇਸ ਲਈ ਸਰੀਰ ਦੇ ਪ੍ਰਤਿ ਪੈਦਾ ਹੋਣ ਵਾਲੇ ਦੁੱਖਕਾਰੀ ਤੇ ਕਲੇਸ਼ਕਾਰੀ ਮਮਤਾ ਦਾ ਖ਼ਾਤਮਾ ਕਰੇ।

(80) ਮੋਕਸ਼ ਦੀ ਪ੍ਰਾਪਤੀ ਦੇ ਲਈ ਕਰਮਾਂ ਦੇ ਆਉਣ ਦੇ ਦਰਵਾਜ਼ੇ ਆਸ਼ਰਵਾਂ ਨੂੰ ਤੇ ਇੰਦਰੀਆਂ ਨੂੰ ਤਿੰਨ ਕਰਨ (ਮਨ, ਬਚਨ ਤੇ ਕਾਇਆ) ਅਤੇ ਤਿੰਨ ਯੋਗ (ਕਰਨਾ, ਕਰਾਉਣ ਤੇ ਕਰਦੇ ਨੂੰ ਚੰਗਾ ਸਮਝਨਾ) ਰਾਹੀਂ ਰੋਕੇ ਅਤੇ ਕਸ਼ਾਇ ਦਾ ਖ਼ਾਤਮਾ ਕਰੇ।

(81) ਭਾਵ ਤੋਂ ਮੁਕਤ ਮਨੁੱਖ ਦੁੱਖਾਂ ਤੋਂ ਛੁਟਕਾਰਾ ਪਾ ਲੈਂਦਾ ਹੈ। ਜਿਵੇਂ ਕਮਲ ਦਾ ਪੱਤਾ ਪਾਣੀ ਨਾਲ ਨਹੀਂ ਲਿੱਬੜਦਾ, ਉਸੇ ਪ੍ਰਕਾਰ ਉਹ ਗਿਆਨੀ ਵੀ ਸੰਸਾਰ ਵਿਚ ਰਹਿ ਕੇ ਅਨੇਕਾਂ ਦੁੱਖਾਂ ਨਾਲ ਨਹੀਂ ਲਿੱਬੜਦਾ।

# 9. ਧਰਮ ਸੂਤਰ

(82) ਧਰਮ ਸਰਬ-ਉੱਚ ਮੰਗਲ ਹੈ, ਅਹਿੰਸਾ, ਸੰਜਮ ਤੇ ਤਪ ਉਸ ਦੇ ਲੱਛਣ ਹਨ। ਜਿਸ ਦਾ ਮਨ ਸਦਾ ਧਰਮ ਵਿਚ ਲੱਗਿਆ ਰਹਿੰਦਾ ਏ, ਉਸ ਨੂੰ ਦੇਵਤੇ ਵੀ ਨਮਸਕਾਰ ਕਰਦੇ ਹਨ।

(83) ਵਸਤੂ ਦਾ ਸੁਭਾਅ ਹੀ ਧਰਮ ਹੈ। ਖਿਮਾਂ ਆਦਿ ਭਾਵ ਦੇ ਪੱਖੋਂ ਇਹ ਦਸ ਪ੍ਰਕਾਰ ਦਾ ਹੈ। ਰਤਨ ਤ੍ਰੈ (ਸੱਮਿਅਕ ਗਿਆਨ, ਸੱਮਿਅਕ ਦਰਸ਼ਨ ਤੇ ਸੱਮਿਅਕ ਚਾਰਿੱਤਰ) ਤੇ ਜੀਵਾਂ ਦੀ ਰੱਖਿਆ ਕਰਨਾ ਧਰਮ ਹੈ।

(84) ਉੱਤਮ ਖਿਮਾਂ, ਉੱਤਮ ਮਾਰਦਵ, ਉੱਤਮ ਆਰਜਵ, ਉੱਤਮ ਸੱਚ, ਉੱਤਮ ਸੋਚ, ਉੱਤਮ ਸੰਜਮ, ਉੱਤਮ ਤੱਪ, ਉੱਤਮ ਤਿਆਗ, ਉੱਤਮ ਅਕਿੰਚਨ ਤੇ ਉੱਤਮ ਬ੍ਰਹਮਚਰਜ - ਇਹ ਦਸ ਪ੍ਰਕਾਰ ਦਾ ਧਰਮ ਹੈ।

(85) ਦੇਵ, ਮਨੁੱਖ ਤੇ ਪਸ਼ੂਆਂ ਰਾਹੀਂ ਘੋਰ ਤੇ ਭਿਆਨਕ ਦੁੱਖ ਦੇਣ ਤੇ ਵੀ ਜੋ ਗੁੱਸੇ ਨਾਲ ਗਰਮ ਨਹੀਂ ਹੁੰਦਾ, ਉਸ ਦੇ ਅੰਦਰ ਹੀ ਉੱਤਮ ਖਿਮਾਂ ਧਰਮ ਹੁੰਦਾ ਹੈ।

(86) ਮੈਂ ਸਭ ਜੀਵਾਂ ਨੂੰ ਖਿਮਾਂ ਕਰਦਾ ਹਾਂ। ਸਾਰੇ ਜੀਵ ਮੈਨੂੰ ਖਿਮਾਂ ਕਰਨ। ਮੇਰੀ ਸਭ ਮਨੁੱਖਾਂ ਦੇ ਨਾਲ ਦੋਸਤੀ ਦੀ ਭਾਵਨਾ ਹੈ। ਮੇਰੀ ਕਿਸੇ ਨਾਲ ਦੁਸ਼ਮਣੀ ਨਹੀਂ।

(87) ਥੋੜ੍ਹੀ ਜਿਹੀ ਅਣਗਹਿਲੀ ਕਾਰਨ ਵੀ ਜੇ ਮੈਂ ਆਪ ਪ੍ਰਤਿ ਠੀਕ ਵਿਵਹਾਰ ਨਹੀਂ ਕਰ ਸਕਿਆ ਤਾਂ ਮੈਂ ਪਾਪ ਰਹਿਤ ਤੇ ਕਸ਼ਾਏ ਰਹਿਤ ਹੋ ਕੇ ਆਪ ਪਾਸੋਂ ਖਿਮਾਂ ਮੰਗਦਾ ਹਾਂ।

(88) ਜੋ ਸ੍ਰਮਣ, ਕੁੱਲ, ਰੂਪ, ਜਾਤ, ਗਿਆਨ, ਤੱਪ, ਸ਼ਰੁੱਤ (ਗਿਆਨ) ਅਤੇ ਸ਼ੀਲ ਦਾ ਅਭਿਮਾਨ ਨਹੀਂ ਕਰਦਾ, ਉਸ ਦੇ ਅੰਦਰ ਹੀ ਮਾਰਦਵ ਧਰਮ ਹੁੰਦਾ ਹੈ।

(89) ਜੋ ਦੂਸਰੇ ਦੀ ਬੇਇੱਜ਼ਤੀ ਕਰਨ ਲਈ ਹਮੇਸ਼ਾ ਹੁਸ਼ਿਆਰ ਰਹਿੰਦਾ ਹੈ, ਉਹ ਹੀ ਸਹੀ ਅਰਥ ਵਿਚ ਮਾਨ ਕਰਨ ਵਾਲਾ ਹੈ। ਗੁਣ ਰਹਿਤ ਅਭਿਮਾਨ ਕਰਨ ਨਾਲ ਕੋਈ ਮਾਨ ਕਰਨ ਵਾਲਾ ਮਾਨੀ ਨਹੀਂ ਹੁੰਦਾ।

(90) ਇਹ ਮਨੁੱਖ ਅਨੇਕਾਂ ਵਾਰ ਉੱਚੇ ਤੇ ਨੀਵੇਂ ਗੋਤ ਵਿਚ ਅਨੇਕਾਂ ਵਾਰ ਘੁੰਮ ਚੁੱਕਾ ਹੈ। ਇਸ ਲਈ ਨਾ ਕੋਈ ਛੋਟਾ ਹੈ ਨਾ ਕੋਈ ਵੱਡਾ ਹੈ। ਇਸ ਲਈ ਉੱਚੇ ਗੋਤ ਦੀ ਇੱਛਾ ਨਾ ਕਰੇ (ਜਦ ਮਨੁੱਖ ਕਈ ਵਾਰ ਉੱਚੇ ਨੀਚੇ ਗੋਤ ਵਿਚ ਪੈਦਾ ਹੋਣ ਦਾ ਅਨੁਭਵ ਲੈ ਚੁੱਕਾ ਹੈ) ਇਹ ਸਮਝ ਕੇ ਕੌਣ ਗੋਤ ਵਾਲ ਹੋਵੇਗਾ ? ਕੌਣ ਗੋਤ ਦਾ ਮਾਨ ਕਰੇਗਾ ?

(91) ਜੋ ਭੈੜੇ ਵਿਚਾਰ ਨਹੀਂ ਕਰਦਾ, ਭੈੜਾ ਕੰਮ ਨਹੀਂ ਕਰਦਾ, ਭੈੜੇ ਬਚਨ ਨਹੀਂ ਬੋਲਦਾ, ਆਪਣੇ ਦੋਸ਼ਾਂ ਨੂੰ ਨਹੀਂ ਲੁਕਾਉਂਦਾ, ਉਹ ਹੀ ਆਰਜਵ ਧਰਮ ਦਾ ਪਾਲਣ ਕਰਦਾ ਹੈ।

(92) ਜੋ ਭਿਕਸ਼ੂ ਦੂਸਰੇ ਨੂੰ ਦੁੱਖ ਪਹੁੰਚਾਉਣ ਵਾਲੇ ਵਾਕ ਤਿਆਗ ਕੇ ਆਪਣੇ ਤੇ ਹੋਰਾਂ ਦੇ ਭਲੇ ਦੇ ਬਚਨ ਬੋਲਦਾ ਹੈ, ਉਹ ਚੋਖੇ ਸੱਚ ਧਰਮ ਦਾ ਪਾਲਣ ਕਰਦਾ ਹੈ।

(93) ਝੂਠ ਬੋਲ ਕੇ ਮਨੁੱਖ ਇਹ ਸੋਚ ਕੇ ਦੁਖੀ ਹੁੰਦਾ ਹੈ ਕਿ ਉਹ ਝੂਠ ਬੋਲ ਕੇ ਸਫਲ ਨਹੀਂ ਹੋਇਆ। ਝੂਠ ਬੋਲਣ ਤੋਂ ਪਹਿਲਾਂ ਇਸ ਲਈ ਦੁਖੀ ਰਹਿੰਦਾ ਹੈ ਕਿ ਉਹ ਦੂਸਰੇ ਨਾਲ ਠੱਗੀ ਮਾਰ

ਰਿਹਾ ਹੈ। ਉਹ ਇਸ ਲਈ ਵੀ ਦੁਖੀ ਰਹਿੰਦਾ ਹੈ ਕਿ ਕਿਤੇ ਕੋਈ ਉਸ ਦੇ ਝੂਠ ਨੂੰ ਨਾ ਜਾਣ ਲਵੇ। ਇਸ ਪ੍ਰਕਾਰ ਝੂਠੇ ਵਰਤਾਉ ਦਾ ਅੰਤ ਦੁੱਖਦਾਈ ਹੀ ਹੁੰਦਾ ਹੈ। ਇਸੇ ਪ੍ਰਕਾਰ ਵਿਸ਼ਿਆਂ ਦਾ ਭੁੱਖ ਮਨੁੱਖ ਚੋਰੀ ਕਰਦਾ ਹੋਇਆ ਦੁਖੀ ਅਤੇ ਆਸਰੇ ਰਹਿਤ ਹੋ ਜਾਂਦਾ ਹੈ।

(94) ਆਪਣੇ ਸਾਥੀ ਰਾਹੀਂ ਆਖੀ ਭਲੇ ਦੀ ਗੱਲ, ਭਾਵੇਂ ਕੁਝ ਸਮੇਂ ਮਨ ਨੂੰ ਚੰਗੀ ਨਾ ਲੱਗੇ, ਪਰ ਕੌੜੀ ਦਵਾਈ ਦੀ ਤਰ੍ਹਾਂ ਇਸ ਦਾ ਸਿੱਟਾ ਬਹੁਤ ਮਿੱਠਾ ਹੁੰਦਾ ਹੈ।

(95) ਸੱਚਾ ਮਨੁੱਖ ਮਾਂ ਦੀ ਤਰ੍ਹਾਂ ਵਿਸ਼ਵਾਸ ਪਾਤਰ, ਆਮ ਲੋਕਾਂ ਲਈ ਗੁਰੂ ਦੀ ਤਰ੍ਹਾਂ ਪੂਜਨ ਯੋਗ ਤੇ ਰਿਸ਼ਤੇਦਾਰਾਂ ਦੀ ਤਰ੍ਹਾਂ ਪਿਆਰਾ ਲੱਗਦਾ ਹੈ।

(96) ਸੱਚ ਵਿਚ ਤੱਪ, ਸੰਜਮ ਅਤੇ ਬਾਕੀ ਸਾਰੇ ਗੁਣਾਂ ਦਾ ਠਿਕਾਣਾ ਹੈ ਜਿਵੇਂ ਸਮੁੰਦਰ ਮੱਛੀਆਂ ਆਦਿ ਦਾ ਉਤਪਤੀ ਸਥਾਨ ਹੈ। ਉਸੇ ਪ੍ਰਕਾਰ ਸੱਚ ਸਭ ਗੁਣਾਂ ਦਾ ਕਾਰਨ ਹੈ।

(97) ਜਿਵੇਂ ਜਿਵੇਂ ਲਾਭ ਹੁੰਦਾ ਹੈ। ਉਸੇ ਤਰ੍ਹਾਂ ਲੋਕ ਵਧਦਾ ਰਹਿੰਦਾ ਹੈ। ਲਾਭ, ਲੋਭ ਵਿਚ ਵਾਧਾ ਕਰਦਾ ਹੈ। ਦੋ ਮਾਸੇ ਸੋਨੇ ਨਾਲ ਹੋਣ ਵਾਲਾ ਕੰਮ, ਕਰੋੜਾਂ ਸੋਨੇ ਦੀਆਂ ਮੋਹਰਾਂ ਨਾਲ ਪੂਰਾ ਨਹੀਂ ਹੁੰਦਾ।

(98) ਜੋ ਸੋਨੇ ਤੇ ਚਾਂਦੀ ਦੇ ਅਸੰਖ ਕੈਲਾਸ਼ ਪਰਬਤ ਵੀ ਲੋਭੀ ਪੁਰਸ਼ ਨੂੰ ਦੇ ਦਿੱਤੇ ਜਾਣ ਤਾਂ ਵੀ ਉਸ ਦਾ ਲਾਲਚ ਖ਼ਤਮ ਨਹੀਂ ਹੁੰਦਾ। ਕਿਉਂਕਿ ਇੱਛਾ ਆਕਾਸ਼ ਦੀ ਤਰ੍ਹਾਂ ਅਨੰਤ ਹੈ।

(99) ਜਿਵੇਂ ਬੱਤਖ਼ ਆਂਡੇ ਤੋਂ ਪੈਦਾ ਹੁੰਦੀ ਹੈ ਤੇ ਆਂਡਾ ਬੱਤਖ਼

ਤੋਂ ਪੈਦਾ ਹੁੰਦਾ ਹੈ, ਉਸੇ ਪ੍ਰਕਾਰ ਕ੍ਰਿਸ਼ਨਾ (ਇੱਛਾ) ਮੋਹ ਤੋਂ ਪੈਦਾ ਹੁੰਦੀ ਹੈ ਤੇ ਮੋਹ ਤ੍ਰਿਸ਼ਨਾ ਤੋਂ ਪੈਦਾ ਹੁੰਦਾ ਹੈ।

(100)ਇਸ ਲਈ ਜੋ ਸਮਝ ਤੇ ਸੰਤੋਖ ਰੂਪੀ ਪਾਣੀ ਨਾਲ, ਤੇਜ਼ ਲੋਭ ਰੂਪੀ ਮੈਲ ਧੋਂਦਾ ਹੈ ਅਤੇ ਜੋ ਭੋਜਨ ਦਾ ਲਾਲਚੀ ਨਹੀਂ। ਉਹ ਹੀ ਮੈਲ ਰਹਿਤ, ਸੋਚ ਧਰਮ ਵਿਚ ਘੁੰਮਦਾ ਹੈ।

(101)ਵਰਤ ਧਾਰਨ ਕਰਨਾ, ਸਮਿਤਿ ਦਾ ਪਾਲਣ ਕਰਨਾ, ਕਸ਼ਾਏ ਤੇ ਕਾਬੂ ਰੱਖਣਾ, ਮਨ, ਬਚਨ ਤੇ ਸਰੀਰ ਦੀਆਂ ਭੈੜੀਆਂ ਹਰਕਤਾਂ ਦਾ ਤਿਆਗ, ਪੰਜ ਇੰਦਰੀਆਂ ਨੂੰ ਜਿਤਨਾ ਹੀ ਸੰਜਮ ਆਖਿਆ ਗਿਆ ਹੈ।

(102)ਇੰਦਰੀਆਂ ਦੇ ਵਿਸ਼ੇ ਤੇ ਕਸ਼ਾਏ ਨੂੰ ਰੋਕ ਕੇ ਧਿਆਨ ਤੇ ਸਵਾਧਿਆਏ ਰਾਹੀਂ ਜੋ ਆਤਮਾ ਨੂੰ ਪਵਿੱਤਰ ਕਰਦਾ ਹੈ, ਉਹ ਹੀ ਤਪ ਧਾਰਨ ਕਰਨ ਵਾਲਾ ਹੁੰਦਾ ਹੈ।

(103)ਸਾਰੇ ਦਰੱਵਾਂ ਪ੍ਰਤਿ ਪੈਦਾ ਹੋਣ ਵਾਲੇ ਮੋਹ ਨੂੰ ਛੱਡ ਕੇ ਜੋ ਮਨ, ਬਚਨ ਤੇ ਸਰੀਰੀ ਰਾਹੀਂ ਨਿਰਵੇਦ (ਸੰਸਾਰ, ਦੇਹ ਤੇ ਭੋਗਾਂ ਪ੍ਰਤੀ ਵੈਰਾਗ) ਨਾਲ ਆਪਣੀ ਆਤਮਾ ਨੂੰ ਪਵਿੱਤਰ ਕਰਦਾ ਹੈ, ਉਸ ਦੇ ਅੰਦਰ ਹੀ ਤਿਆਗ ਧਰਮ ਹੁੰਦਾ ਹੈ, ਅਜਿਹਾ ਜਿਨੇਂਦਰ ਦੇਵ ਨੇ ਫੁਰਮਾਇਆ ਹੈ।

(104)ਤਿਆਗੀ ਉਹ ਹੀ ਅਖਵਾਉਂਦਾ ਹੈ ਹੈ ਜੋ ਮੋਹਨੇ ਤੇ ਪਿਆਰੇ ਭੋਗ ਪ੍ਰਾਪਤ ਹੋਣ ਤੇ ਵੀ ਉਨ੍ਹਾਂ ਭੋਗਾਂ ਵੱਲੋਂ ਪੀਠ ਫੇਰ ਲੈਂਦਾ ਹੈ ਅਤੇ ਸੁਤੰਤਰਤਾ ਪੂਰਵਕ ਭੋਗਾਂ ਦਾ ਤਿਆਗ ਕਰਦਾ ਹੈ।

(105)ਜੋ ਮੁਨੀ ਸਭ ਪ੍ਰਕਾਰ ਦੇ ਪਰਿਗ੍ਰਹਿ ਦਾ ਤਿਆਗ ਕਰਕੇ

, ਨਿਸੰਗ ਹੋ ਜਾਂਦਾ ਹੈ, ਆਪਣੇ ਸੁੱਖ ਦੁੱਖ ਦੇ ਭਾਵਾਂ ਨੂੰ ਰੋਕ ਕੇ ਮਾਨਸਿਕ ਲੜਾਈ ਤੋਂ ਰਹਿਤ ਹੋ ਕੇ ਘੁੰਮਦਾ ਹੈ, ਉਹ ਹੀ ਅਕਿੰਚਨੰ ਧਰਮ ਦਾ ਪਾਲਣ ਕਰਦਾ ਹੈ।

(106)ਮੈਂ ਇਕ ਸ਼ੁੱਧ ਦਰਸ਼ਨ, ਗਿਆਨ, ਭਰਪੂਰ, ਨਿੱਤ (ਰਹਿਣਵਾਲਾ) ਅਤੇ ਅਰੂਪੀ (ਸ਼ਕਲ ਰਹਿਤ) ਹਾਂ ਇਸ ਤੋਂ ਛੁੱਟ ਹੋਰ ਪ੍ਰਮਾਣੂ ਤੱਕ ਵੀ ਮੇਰਾ ਨਹੀਂ' (ਇਸ ਪ੍ਰਕਾਰ ਦੀ ਭਾਵਨਾ ਹੀ ਅਕਿੰਚਨ ਧਰਮ ਹੈ)

(107-08) ਅਸੀਂ ਲੋਕ, ਜਿਨ੍ਹਾਂ ਕੋਲ ਆਪਣਾ ਕੁਝ ਵੀ ਨਹੀਂ ਹੈ, ਸੁੱਖ ਪੂਰਵਕ ਰਹਿੰਦੇ ਹੋਏ, ਸੁੱਖ ਵਿਚ ਹੀ ਜ਼ਿੰਦਗੀ ਗੁਜ਼ਾਰਦੇ ਹਾਂ। ਮਿਥਿਲਾ ਜਲ ਰਹੀ ਹੈ, ਇਸ ਨਾਲ ਮੇਰਾ ਕੁਝ ਵੀ ਨਹੀਂ ਜਲ ਰਿਹਾ। ਕਿਉਂਕਿ ਪੁੱਤਰ ਤੇ ਇਸਤਰੀਆਂ ਤੋਂ ਮੁਕਤ ਅਤੇ ਸੰਸਾਰਿਕ ਕੰਮਾਂ ਤੋਂ ਨਿਰਲੇਪ ਭਿਕਸ਼ੂ ਲਈ ਕੋਈ ਵੀ ਚੀਜ਼ ਨਾ ਤਾਂ ਪਿਆਰੀ ਹੈ ਅਤੇ ਨਾ ਹੀ ਘ੍ਰਿਣਾ ਯੋਗ ਹੈ (ਇਹ ਗੱਲ ਸ੍ਰੀ ਉੱਤਰਾਧਿਐਨ ਸੂਤਰ ਵਿਚ ਨੇਮੀ ਰਾਜਰਿਸ਼ੀ, ਇੰਦਰ ਦੇ ਭੇਸ ਵਿਚ ਬ੍ਰਾਹਮਣ ਨੂੰ ਆਖੀ) ਜਦੋਂ ਉਹ ਸੰਸਾਰ ਤਿਆਗ ਮੁਨੀ ਬਣ ਰਹੇ ਸਨ)।

(109)ਜਿਸ ਤਰ੍ਹਾਂ ਪਾਣੀ ਵਿਚ ਪੈਦਾ ਹੋਇਆ ਕਮਲ, ਪਾਣੀ ਵਿਚ ਨਹੀਂ ਲਿਬੜਦਾ ਉਸੇ ਪ੍ਰਕਾਰ ਕਾਮ-ਭੋਗਾਂ ਦੇ ਵਾਤਾਵਰਨ ਵਿਚ ਪੈਦਾ ਹੋਇਆ ਮਨੁੱਖ ਭੋਗਾਂ ਵਿਚ ਨਹੀਂ ਲਿੱਬੜਦਾ। ਅਜਿਹੇ ਮਨੁੱਖ ਨੂੰ ਅਸੀਂ ਬ੍ਰਾਹਮਣ ਆਖਦੇ ਹਾਂ।

(110)ਜਿਸ ਦੇ ਅੰਦਰ ਮੋਹ ਨਹੀਂ, ਉਸ ਨੇ ਦੁੱਖ ਦਾ ਨਾਸ਼ ਕਰ ਦਿੱਤਾ। ਜਿਸ ਦੇ ਅੰਦਰ ਤ੍ਰਿਸ਼ਨਾ ਨਹੀਂ, ਉਸ ਨੇ ਮੋਹ ਦਾ ਨਾਸ਼ ਕਰ ਦਿੱਤਾ। ਜਿਸ ਦੇ ਅੰਦਰ ਲੋਭ ਨਹੀਂ, ਉਸ ਨੇ ਤ੍ਰਿਸ਼ਨਾ ਦਾ

ਖ਼ਾਤਮਾ ਕਰ ਦਿੱਤਾ। ਜਿਸ ਪਾਸ ਕੁਝ ਨਹੀਂ ਉਸ ਨੇ ਲੋਭ ਦਾ ਨਾਸ਼ ਕਰ ਦਿੱਤਾ।

(111)ਜੀਵ ਹੀ ਬ੍ਰਹਮ ਹੈ। ਸਰੀਰ ਦੇ ਮੋਹ ਤੋਂ ਮੁਕਤ ਮੁਨੀ ਦੀ ਬ੍ਰਹਮ (ਆਤਮਾ) ਦੀ ਜੋ ਚਰਿਆ (ਕ੍ਰਿਆ) ਹੈ, ਉਹ ਹੀ ਬ੍ਰਹਚਰਜ ਹੈ।

(112)ਜੋ ਇਸਤਰੀਆਂ ਦੇ ਸਮੁੱਚੇ ਅੰਗਾਂ ਨੂੰ ਵੇਖ ਕੇ ਜੋ ਮਨ ਵਿਚ ਭੈੜੇ ਵਿਚਾਰ ਨਹੀਂ ਲਿਆਉਂਦਾ, ਦਰਅਸਲ ਉਹ ਹੀ ਬ੍ਰਹਮਚਰਜ ਭਾਵ ਨੂੰ ਧਾਰਨ ਕਰਦਾ ਹੈ।

(113)ਜਿਵੇਂ ਲਾਖ ਦਾ ਘੜਾ ਤਪਦੀ ਅੱਗ ਤੇ ਰੱਖਣ ਸਾਰ ਹੀ ਨਸ਼ਟ ਹੋ ਜਾਂਦਾ ਹੈ, ਉਸੇ ਪ੍ਰਕਾਰ ਇਸਤਰੀ ਦੇ ਸੰਗ ਨਾਲ ਮੁਨੀ ਨਸ਼ਟ ਹੋ ਜਾਂਦਾ ਹੈ।

(114)ਜੋ ਮਨੁੱਖ ਇਨ੍ਹਾਂ ਇਸਤਰੀਆਂ ਸਬੰਧੀ ਵਿਸ਼ੇ ਵਿਕਾਰਾ ਦਾ ਪਾਰ ਪਾ ਲੈਂਦਾ ਹੈ, ਉਹ ਬਾਕੀ ਸਭ ਪ੍ਰਕਾਰ ਦੇ ਵਿਕਾਰਾਂ ਦਾ ਪਾਰ ਛੇਤੀ ਪਾ ਲੈਂਦਾ ਹੈ ਜਿਵੇਂ ਸਮੁੰਦਰ ਦਾ ਪਾਰ ਪਾਉਣ ਵਾਲੇ ਲਈ ਗੰਗਾ ਜੇਹੀ ਵੱਡੀ ਨਦੀ ਪਾਰ ਪਾਉਣਾ ਔਖਾ ਨਹੀਂ।

(115)ਜਿਵੇਂ ਸ਼ੀਲ (ਚਾਰਿੱਤਰ) ਦੇ ਰੱਖਿਅਕ ਲਈ ਇਸਤਰੀਆਂ ਨਿੰਦਾ ਯੋਗ ਹਨ, ਉਸੇ ਪ੍ਰਕਾਰ ਸ਼ੀਲ ਰੱਖਿਅਕ ਇਸਤਰੀਆਂ ਲਈ ਪੁਰਸ਼ ਨਿੰਦਾ ਯੋਗ ਹਨ (ਭਾਵ ਦੋਹਾਂ ਨੂੰ ਚਾਰਿੱਤਰ ਦੇ ਮਾਮਲੇ ਵਿਚ ਇਕ ਦੂਸਰੇ ਤੋਂ ਬਚਣਾ ਚਾਹੀਦਾ ਹੈ।)

(116)ਪਰ ਅਜਿਹੀਆਂ ਵੀ ਸ਼ੀਲ ਗੁਣ ਸੰਪੰਨ ਇਸਤਰੀਆਂ ਹਨ ਜਿਨ੍ਹਾਂ ਦਾ ਜੱਸ ਸਭ ਪਾਸੇ ਫੈਲਿਆ ਹੋਇਆ ਹੈ। ਉਹ ਮਨੁੱਖ ਲੋਕ ਵਿਚ ਦੇਵਤਾ ਹਨ ਤੇ ਦੇਵਤੇ ਵੀ ਉਨ੍ਹਾਂ ਨੂੰ ਬੰਦਨਾ ਕਰਦੇ

ਹਨ।

(117)ਵਿਸ਼ੇ ਵਿਕਾਰਾਂ ਦੀ ਅੱਗ ਤਿੰਨ ਲੋਕ ਰੂਪੀ ਜੰਗਲ ਨੂੰ ਸਾੜ ਦਿੰਦੀ ਹੈ। ਜਵਾਨੀ ਰੂਪੀ ਘਾਹ ਨੂੰ ਬਚਾਉਣ ਵਾਲੇ, ਕੁਸ਼ਲ ਮੁਨੀ ਨੂੰ ਇਹ ਅੱਗ ਨਹੀਂ ਸਾੜ ਸਕਦੀ, ਅਜਿਹੇ ਮੁਨੀ ਧੰਨ ਹਨ।

(118)ਜਿਉਂ ਜਿਉਂ ਰਾਤ ਬੀਤਦੀ ਜਾਂਦੀ ਹੈ, ਉਹ ਮੁੜਕੇ ਨਹੀਂ ਆਉਂਦੀ। ਅਧਰਮ ਕਰਨ ਵਾਲੇ ਦੀਆਂ ਰਾਤਾਂ ਫਿਜ਼ੂਲ ਜਾਂਦੀਆਂ ਹਨ।

(119-120) ਜਿਵੇਂ ਤਿਨ ਬਾਣੀਏ ਪੂੰਜੀ ਲੈ ਕੇ ਵਿਉਪਾਰ ਕਰਨ ਲਈ ਨਿਕਲੇ। ਉਨ੍ਹਾਂ ਵਿਚੋਂ ਇਕ ਲਾਭ ਖੱਟਦਾ ਹੈ ਅਤੇ ਇਕ ਮੂਲ ਪੂੰਜੀ ਲੈ ਕੇ ਵਾਪਸ ਆਉਂਦਾ ਹੈ ਅਤੇ ਇਕ ਮੂਲ ਪੂੰਜੀ ਵੀ ਗੁਆ ਬੈਠਦਾ ਹੈ। ਇਹ ਇਕ ਵਿਵਹਾਰਕ ਉਦਾਹਰਨ ਤੋਂ ਇਸੇ ਤਰ੍ਹਾਂ ਧਰਮ ਸਬੰਧੀ ਵੀ ਸਮਝਣਾ ਚਾਹੀਦਾ ਹੈ।

(121)ਆਤਮਾ ਹੀ ਆਪਣੇ ਅੰਦਰ ਸਥਿਤ ਆਤਮਾ ਨੂੰ ਜਾਣਦਾ ਹੈ। ਇਸ ਪ੍ਰਕਾਰ ਸੁਭਾਵ ਦੇ ਰੂਪ ਵਿਚ ਧਰਮ ਵੀ ਆਤਮਾ ਦੀ ਸਾਥੀ ਹੁੰਦਾ ਹੈ। ਇਸ ਧਰਮ ਦਾ ਪਾਲਣ ਉਹ ਉਸੇ ਪ੍ਰਕਾਰ ਕਰਦਾ ਹੈ ਜਿਵੇਂ ਕਿ ਉਸ ਦੀ ਆਤਮਾ ਨੂੰ ਸੁੱਖ ਹੋਵੇ।

# 10. ਸੰਜਮ ਸੂਤਰ

(122)ਮੇਰੀ ਆਤਮਾ ਹੀ ਵਿਤਰਨੀ ਨਦੀ ਹੈ। ਆਤਮਾ ਹੀ ਕੂਟਸ਼ਾਲਮਲੀ ਦਰਖ਼ਤ ਹੈ। ਆਤਮਾ ਹੀ ਕਾਮਧੇਨੂੰ ਗਾਂ ਹੈ ਅਤੇ ਆਤਮਾ ਹੀ ਨੰਦਨ ਵਣ ਹੈ।

(123)ਆਤਮਾ ਹੀ ਸੁੱਖ ਦੁੱਖ ਦਾ ਕਰਤਾ (ਕਰਨ ਵਾਲਾ) ਹੈ ਅਤੇ ਆਤਮਾ ਹੀ ਦੁੱਖ ਸੁੱਖ ਭੋਗਣ ਵਾਲਾ ਹੈ। ਚੰਗੇ ਪਾਸੇ ਵੱਲ ਲੱਗ ਆਤਮਾ ਆਪਣਾ ਦੋਸਤ ਹੈ। ਭੈੜੇ ਕੰਮਾਂ ਵੱਲ ਲੱਗੀ ਆਤਮਾ ਮਨੁੱਖ ਦੀ ਦੁਸ਼ਮਣ ਹੈ।

(124)ਨਾ ਜਿੱਤਣ ਯੋਗ ਆਤਮਾ ਹੀ ਆਪਣਾ ਦੁਸ਼ਮਣ ਹੈ। ਨਾ ਜਿੱਤੇ ਜਾਣ ਵਾਲੇ ਕਸ਼ਾਏ ਤੇ ਇੰਦਰੀਆਂ ਹੀ ਦੁਸ਼ਮਨ ਹੈ। ਹੇ ਮੁਨੀ ! ਮੈਂ ਇਨ੍ਹਾਂ ਨੂੰ ਜਿੱਤ ਕੇ ਧਰਮ ਅਨੁਸਾਰ ਚੱਲਦਾ ਹਾਂ।

(125)ਜੋ ਭਿਆਨਕ ਜੰਗ ਵਿਚ ਹਜ਼ਾਰਾਂ ਸਿਪਾਹੀਆਂ ਤੇ ਜਿੱਤ ਹਾਸਲ ਕਰਦਾ ਹੈ, ਉਸ ਯੁੱਧ ਜਿੱਤਣ ਵਾਲੇ ਦੇ ਪੱਖੋਂ, ਜੋ ਆਪਣੀ ਆਤਮਾ ਨੂੰ ਜਿੱਤਦਾ ਹੈ, ਉਹ ਹੀ ਸੱਚੀ ਜਿੱਤ ਹਾਸਲ ਕਰਦਾ ਹੈ।

(126)ਬਾਹਰਲੇ ਯੁੱਧਾਂ ਤੋਂ ਕੀ ਫਾਇਦਾ ? ਆਪਣੇ ਨਾਲ ਹੀ ਯੁੱਧ ਕਰੋ। ਆਪਣੇ ਤੇ ਜਿੱਤ ਹਾਸਲ ਕਰਨ ਨਾਲ ਸੱਚਾ ਸੁੱਖ ਪ੍ਰਾਪਤ ਹੁੰਦਾ ਹੈ।

(127)ਆਪਣੇ ਤੇ ਹੀ ਜਿੱਤ ਹਾਸਲ ਕਰਨੀ ਚਾਹੀਦੀ ਹੈ। ਆਪਣੇ ਆਪ ਨੂੰ ਜਿੱਤਣਾ ਬਹੁਤ ਔਖਾ ਹੈ। ਆਤਮਾ ਜੇਤੂ ਹੀ ਇਸ ਲੋਕ ਤੇ ਪਰਲੋਕ ਵਿਚ ਸੁੱਖ ਹਾਸਲ ਕਰਦਾ ਹੈ।

(128)ਚੰਗਾ ਇਹ ਹੀ ਹੈ ਕਿ ਮੈਂ ਸੰਜਮ ਤੇ ਤਪ ਰਾਹੀਂ

ਆਪਣੇ ਤੇ ਜਿੱਤ ਹਾਸਲ ਕਰਾਂ। ਜ਼ੰਜੀਰ ਜਾਂ ਬੰਧਨ ਰਾਹੀਂ ਦੂਸਰੇ ਮੈਨੂੰ ਤੰਗ ਕਰਨ, ਇਹ ਠੀਕ ਨਹੀਂ।

(129)ਇਕ ਨੂੰ ਛੱਡ ਕੇ ਦੂਸਰੇ ਪਾਸੇ ਲੱਗਣਾ ਚਾਹੀਦਾ ਹੈ, ਅਸੰਜਮ ਨੂੰ ਛੱਡ ਕੇ ਸੰਜਮ ਵੱਲ ਲੱਗੋ।

(130)ਪਾਪ ਕਰਮ ਦੇ ਸੰਸਥਾਪਕ ਰਾਗ ਤੇ ਦਵੇਸ਼ ਦੋ ਹੀ ਇਹ ਪਾਪ ਹਨ। ਜੋ ਭਿਕਸ਼ੂ ਇਨ੍ਹਾਂ ਨੂੰ ਰੋਕਦਾ ਹੈ, ਉਹ ਸੰਸਾਰ ਤੋਂ ਮੁਕਤ ਹੋ ਜਾਂਦਾ ਹੈ।

(131)ਗਿਆਨ, ਧਿਆਨ ਤੇ ਤੱਪ ਦੇ ਸਹਾਰੇ ਇੰਦਰੀਆਂ ਦੇ ਵਿਸ਼ੇ ਤੇ ਕਸ਼ਾਇਆਂ (ਰਾਗ ਦਵੇਸ਼) ਨੂੰ ਤਾਕਤ ਨਾਲ ਰੋਕਣਾ ਚਾਹੀਦਾ ਹੈ, ਜਿਵੇਂ ਲਗਾਮ ਨਾਲ ਘੋੜੇ ਨੂੰ ਰੋਕਿਆ ਜਾਂਦਾ ਹੈ।

(132)ਮਹਾਨ ਗੁਣਾਂ ਵਾਲੇ ਮੁਨੀ ਰਾਹੀਂ ਸ਼ਾਂਤ ਕੀਤੇ ਕਸ਼ਾਏ ਜਿਨੇਸ਼ਵਰ ਦੇਵ ਦੀ ਤਰ੍ਹਾਂ ਚਾਰਿੱਤਰ ਵਾਲੇ ਮੁਨੀ ਨੂੰ ਵੀ ਡਿਗਾ ਸਕਦੇ ਹਨ, ਤਾਂ ਆਮ ਰਾਗੀ ਮੁਨੀ ਦਾ ਡਿੱਗਣਾ ਕੀ ਮੁਸ਼ਕਿਲ ਹੈ।

(133)ਜਦ ਕਿ ਕਸ਼ਾਏਆਂ ਨੂੰ ਸ਼ਾਂਤ ਕਰਨ ਵਾਲਾ ਪੁਰਸ਼ ਵੀ ਅੰਤਹੀਣ ਪਤਨ (ਵਿਸ਼ਧ ਅਧਿਵਸਾਏ ਦੀ ਅਨੰਤ ਹਾਨੀ) ਨੂੰ ਪ੍ਰਾਪਤ ਹੋ ਜਾਂਦਾ ਹੈ। ਫਿਰ ਬਾਕੀ ਰਹਿੰਦੇ ਥੋੜ੍ਹੇ ਕਸ਼ਾਇ (ਰਾਗ ਦਵੇਸ਼) ਤੇ ਕਿਵੇਂ ਵਿਸ਼ਵਾਸ ਕੀਤਾ ਜਾ ਸਕਦਾ ਹੈ ?

(134)ਕਰਜੇ ਨੂੰ ਥੋੜ੍ਹਾ, ਜ਼ਖਮ ਨੂੰ ਛੋਟਾ, ਅੱਗ ਨੂੰ ਥੋੜ੍ਹਾ ਅਤੇ ਕਸ਼ਾਏਆਂ ਨੂੰ ਥੋੜ੍ਹਾ ਮੰਨ ਕੇ, ਬੇਫ਼ਿਕਰ ਨਹੀਂ ਹੋ ਜਾਣਾ ਚਾਹੀਦਾ। ਕਿਉਂਕਿ ਇਹ ਥੋੜ੍ਹੇ ਵੀ ਜ਼ਿਆਦਾ ਹੀ ਹੁੰਦੇ ਹਨ।

(135)ਗੁੱਸਾ ਪਿਆਰ ਦਾ ਖ਼ਾਤਮਾ ਕਰਦਾ ਹੈ, ਮਾਨ ਵਿਨੈ (ਨਿਮਰਤਾ) ਦਾ ਖ਼ਾਤਮਾ ਕਰਦਾ ਹੈ। ਮਾਇਆ (ਧੋਖਾ) ਦੋਸਤੀ ਦਾ

ਖ਼ਾਤਮਾ ਕਰਦੀ ਹੈ, ਲੋਭ ਸਭ ਕੁਝ ਹੀ ਨਸ਼ਟ ਕਰ ਦਿੰਦਾ ਹੈ।

(136)ਖਿਮਾ ਰਾਹੀਂ ਕਰੋਧ ਦਾ ਖ਼ਾਤਮਾ ਕਰੇ, ਮਾਰਦਵ (ਅਭਿਮਾਨ ਰਹਿਤ) ਰਾਹੀਂ ਮਨ ਨੂੰ ਜਿੱਤੇ, ਆਰਜਵ (ਸਰਲਤਾ) ਰਾਹੀਂ ਮਾਇਆ ਨੂੰ ਜਿੱਤੇ ਅਤੇ ਸੰਤੋਖ ਰਾਹੀਂ ਲੋਭ ਨੂੰ ਜਿੱਤੇ।

(137)ਜਿਵੇਂ ਕੱਛੂ ਆਪਣੇ ਅੰਗਾਂ ਨੂੰ ਆਪਣੇ ਸਰੀਰ ਵਿਚ ਹੀ ਇਕੱਠਾ ਕਰ ਲੈਂਦਾ ਹੈ, ਇਸੇ ਪ੍ਰਕਾਰ ਗਿਆਨੀ ਪੁਰਸ਼ ਪਾਪਾਂ ਨੂੰ ਅਧਿਆਤਮਿਕ ਸ਼ਕਤੀ ਰਾਹੀਂ ਸਮੇਟ ਲੈਂਦਾ ਹੈ।

(138)ਜਾਣਦੇ ਹੋਏ ਜਾਂ ਅਨਜਾਣ ਪੁਣੇ ਵਿਚ ਕੋਈ ਅਧਰਮ ਦਾ ਕੰਮ ਹੋ ਜਾਵੇ ਤਾ ਆਪਣੀ ਆਤਮਾ ਨੂੰ ਫੌਰਨ ਉਸ ਪਾਸੇ ਤੋਂ ਹਟਾ ਲੈਣਾ ਚਾਹੀਦਾ ਹੈ ਅਤੇ ਦੂਸਰੀ ਵਾਰ ਉਹ ਕੰਮ ਨਹੀਂ ਕਰਨਾ ਚਾਹੀਦਾ।

(139)ਧੀਰਜਵਾਲੇ, ਧਰਮ ਰੂਪੀ ਰਥ ਨੂੰ ਚਲਾਉਣ ਵਾਲੇ, ਧਰਮ ਵਿਚ ਰਹਿਣ ਵਾਲੇ, ਇੰਦਰੀਆਂ ਤੇ ਕਾਬੂ ਰੱਖਣ ਵਾਲੇ, ਬ੍ਰਹਮਚਰਜ ਰਾਹੀਂ ਮਾਨਸਿਕ ਸ਼ਾਂਤੀ ਪਾਉਣ ਵਾਲੇ ਭਿਕਸ਼ੂ ਨੂੰ ਧਰਮ ਰੂਪੀ ਭਵਨ ਵਿਚ ਘੁੰਮਣਾ ਚਾਹੀਦਾ ਹੈ।

# 11. ਅਪਰਿਗ੍ਰਹਿ ਸੂਤਰ

(140)ਜੀਵ ਪਰਿਗ੍ਰਹਿ ਕਾਰਨ ਹਿੰਸਾ ਕਰਦਾ ਹੈ, ਝੂਠ ਬੋਲਦਾ ਹੈ, ਚੋਰੀ ਕਰਦਾ ਹੈ, ਕਾਮ ਭੋਗ ਦਾ ਸੇਵਨ ਕਰਦਾ ਹੈ ਅਤੇ ਜ਼ਰੂਰਤ ਤੋਂ ਜ਼ਿਆਦਾ ਚੀਜ਼ਾਂ ਪ੍ਰਤਿ ਲਗਾਵ ਕਰਦਾ ਹੈ।

(141)ਜੀਵ ਸਹਿਤ ਹੋਵੇ, ਜਾਂ ਜੀਵ ਰਹਿਤ ਹੋਵੇ, ਥੋੜ੍ਹੀ ਜਿਹੀ ਚੀਜ਼ ਦਾ ਵੀ ਜੋ ਪਰਿਗ੍ਰਹਿ ਕਰਦਾ ਹੈ ਜਾਂ ਅਜਿਹਾ ਦੂਸਰੇ ਤੋਂ ਕਰਵਾਉਂਦਾ ਹੈ, ਉਹ ਦੁੱਖ ਤੋਂ ਮੁਕਤ ਨਹੀਂ ਹੋ ਸਕਦਾ।

(142)ਜੋ ਪਰਿਗ੍ਰਹਿ ਦੀ ਬੁੱਧੀ ਦਾ ਤਿਆਗ ਕਰਦਾ ਹੈ, ਉਹ ਹੀ ਪਰਿਗ੍ਰਹਿ ਨੂੰ ਤਿਆਗ ਸਕਦਾ ਹੈ। ਜਿਸ ਕੋਲ ਪਰਿਗ੍ਰਹਿ ਨਹੀਂ ਹੈ, ਉਹ ਮੁਨੀ ਹੀ ਸੰਤਾਂ ਦਾ ਰਾਹ ਵੇਖ ਸਕਦਾ ਹੈ।

(143–144) ਪਰਿਗ੍ਰਹਿ ਦੋ ਪ੍ਰਕਾਰ ਦਾ ਹੈ – ਅੰਦਰਲਾ ਤੇ ਬਾਹਰਲਾ ਅੰਦਰਲਾ ਪਰਿਗ੍ਰਹਿ 14 ਪ੍ਰਕਾਰ ਦਾ ਹੈ :

(1) ਮਿਥਿਆਤਵ (2) ਇਸਤਰੀ ਵੇਦ (3) ਪੁਰਸ਼ ਵੇਦ (4) ਨਪੁੰਸਕ ਵੇਦ (5) ਹਾਸਾ (6) ਰਤਿ (ਮਨ ਭਾਉਂਦੇ ਭੋਗ) (7) ਅਰਤਿ (ਮਨ ਨੂੰ ਨਾ ਭਾਉਂਦੇ ਭੋਗ) (8) ਪਛਤਾਵਾ (9) ਡਰ (10) ਜੁਗਪਸਾ (ਆਪਦੇ ਦੋਸ਼ਾਂ ਤੇ ਦੂਸਰੇ ਦੇ ਗੁਣਾਂ ਨੂੰ ਛਿਪਾਉਣਾ) (11) ਕਰੋਧ (12) ਮਾਨ (13) ਮਾਇਆ (14) ਲੋਭ

ਬਾਹਰਲੇ ਪਰਿਗ੍ਰਹਿ 10 ਪ੍ਰਕਾਰ ਦਾ ਹੈ :

(1) ਖੇਤ 92) ਮਕਾਨ (3) ਧਨ–ਅਨਾਜ (4) ਕੱਪੜੇ (5) ਭਾਂਡੇ (6) ਦਾਸ–ਦਾਸੀ (7) ਪਸ਼ੂ (8) ਸਵਾਰੀ ਦੇ ਸਾਧਨ (9) ਮੰਜਾ (10) ਬਿਸਤਰਾ।

(145)ਸਾਰੀਆਂ ਗੰਢਾਂ ਤੋਂ ਮੁਕਤ, ਠੰਢੇ ਸੁਭਾਅ ਵਾਲੇ, ਪ੍ਰਸੰਨ ਚਿੱਤ, ਸ੍ਰਮਣ ਨੂੰ ਜਿਵੇਂ ਮੁਕਤੀ ਦਾ ਸੁੱਖ ਮਿਲਦਾ ਹੈ। ਉਸੇ ਤਰ੍ਹਾਂ ਸੁੱਖ ਚੱਕਰਵਰਤੀ ਨੂੰ ਵੀ ਨਹੀਂ ਮਿਲਦਾ।

(146)ਜਿਵੇਂ ਹਾਥੀ ਨੂੰ ਵੱਸ ਵਿਚ ਰੱਖਣ ਲਈ ਅੰਕੁਸ਼ ਹੁੰਦਾ ਹੈ ਅਤੇ ਸ਼ਹਿਰ ਦੀ ਰੱਖਿਆ ਲਈ ਖਾਈ ਹੁੰਦੀ ਹੈ, ਉਸੇ ਪ੍ਰਕਾਰ ਇੰਦਰੀਆਂ ਦੇ ਵਿਸ਼ਿਆਂ ਤੇ ਕਾਬੂ ਪਾਉਣ ਲਈ ਪਰਿਗ੍ਰਹਿ ਦਾ ਤਿਆਗ ਆਖਿਆ ਗਿਆ ਹੈ। ਪਰਿਗ੍ਰਹਿ ਦਾ ਤਿਆਗ ਕਰਨ ਵਾਲੇ ਦੀਆਂ ਹੀ ਇੰਦਰੀਆਂ ਵਸ ਵਿਚ ਰਹਿੰਦੀਆਂ ਹਨ।

# 12. ਅਹਿੰਸਾ ਸੂਤਰ

(147)ਗਿਆਨੀ ਹੋਣ ਦਾ ਸਾਰ ਇਹ ਹੀ ਹੈ ਕਿ ਕਿਸੇ ਵੀ ਪ੍ਰਾਣੀ ਦੀ ਹਿੰਸਾ ਨਾ ਕੀਤੀ ਜਾਵੇ। ਇਨਾ ਹੀ ਕਾਫੀ ਹੈ ਕਿ ਅਹਿੰਸਾ ਭਰਪੂਰ ਸਮਤਾ ਹੀ ਧਰਮ ਹੈ।

(148)ਸਾਰੇ ਜੀਵ ਜਿਉਣਾ ਚਾਹੁੰਦੇ ਹਨ, ਮਰਨਾ ਨਹੀਂ। ਇਸ ਲਈ ਜੀਵ ਹੱਤਿਆ ਨੂੰ ਭਿਆਨਕ ਜਾਣ ਕੇ ਨਿਰਗਰੰਥ (ਜੈਨ ਸਾਧੂ) ਉਸ ਦੀ ਮਨਾਹੀ ਕਰਦੇ ਹਨ।

(149)ਸੰਸਾਰ ਵਿਚ ਜਿੰਨੇ ਵੀ ਤਰੱਸ (ਹਿੱਲਣ ਚੱਲਣ ਵਾਲੇ) ਤੇ ਸਥਾਵਰ (ਸਥਿਰ) ਪ੍ਰਾਣੀ ਹਨ। ਨਿਰਗਰੰਥ ਇਨ੍ਹਾਂ ਨੂੰ ਜਾਣਦੇ ਹੋਏ ਜਾਂ ਅਨਜਾਣਪੁਣੇ ਵਿਚ ਵੀ ਨਾ ਜੀਵ ਹੱਤਿਆ ਆਪ ਕਰੇ ਨਾ ਹੀ ਕਿਸੇ ਤੋਂ ਕਰਵਾਏ, ਨਾ ਕਰਦੇ ਨੂੰ ਚੰਗਾ ਜਾਣੇ।

(150)''ਜਿਵੇਂ ਤੁਹਾਨੂੰ ਦੁੱਖ ਚੰਗਾ ਨਹੀਂ ਲੱਗਾ, ਉਸੇ ਪ੍ਰਕਾਰ ਕਿਸੇ ਵੀ ਨੂੰ ਦੁੱਖ ਚੰਗਾ ਨਹੀਂ ਲੱਗਦਾ।'' ਅਜਿਹਾ ਸਮਝ ਕੇ ਆਦਰ, ਸਤਿਕਾਰ ਨਾਲ ਅਤੇ ਸੁਚੇਤ ਹੋ ਕੇ, ਸਾਰੇ ਜੀਵਾਂ ਨੂੰ ਆਪਣੀ ਤਰ੍ਹਾਂ ਸਮਝ ਕੇ, ਸਭ ਤੇ ਰਹਿਮ ਕਰੇ।

(151)ਜੀਵ ਹੱਤਿਆ, ਆਤਮ ਹੱਤਿਆ ਹੀ ਹੈ। ਜੀਵਾਂ ਤੇ ਰਹਿਮ ਆਪਣੇ ਆਪ ਤੇ ਰਹਿਮ ਕਰਨਾ ਹੈ। ਇਸ ਲਈ ਆਤਮਾ ਦਾ ਭਲਾ ਚਾਹੁਣ ਵਾਲੇ ਪੁਰਸ਼ਾਂ ਨੇ ਸਭ ਤਰ੍ਹਾਂ ਦੇ ਜੀਵ ਹਿੰਸਾ ਦਾ ਤਿਆਗ ਕੀਤਾ ਹੈ।

(152)''ਜਿਸ ਨੂੰ ਤੁਸੀਂ ਮਾਰਨਾ ਚਾਹੁੰਦੇ ਹੋ ਉਹ ਤੁਸੀਂ ਆਪ ਹੋ। ਜਿਸ ਤੇ ਤੁਸੀਂ ਹੁਕਮ ਚਲਾਉਣਾ ਚਾਹੁੰਦੇ ਹੋ ਉਹ ਵੀ ਤੁਸੀਂ

ਆਪ ਹੋ ?

(153)ਜਿਨੇਸ਼ਵਰ ਦੇਵਾਂ ਨੇ ਕਿਹਾ ਹੈ, "ਰਾਗ ਦੀ ਅਨਹੋਂਦ ਅਹਿੰਸਾ ਹੈ ਅਤੇ ਹੋਂਦ ਹਿੰਸਾ ਹੈ।"

(154)ਹਿੰਸਾ ਕਰਨ ਦੇ ਵਿਚਾਰ ਨਾਲ ਹਿੰਸਾ ਯੋਗ ਕਰਮਾਂ ਸੰਗ੍ਰਹਿ ਹੋ ਜਾਂਦਾ ਹੈ। ਫਿਰ ਚਾਹੇ ਕੋਈ ਜੀਵ ਮਰੇ ਜਾਂ ਨਾ ਮਰੇ। ਨਿਸ਼ਚੈ ਨਯ (ਅਸਲ ਸੱਚਾਈ) ਪੱਖੋਂ ਕਰਮ ਬੰਧ ਦਾ ਸੰਖੇਪ ਕਾਰਨ ਇਹ ਹੀ ਹੈ।

(155)ਹਿੰਸਾ ਤੋਂ ਛੁਟਕਾਰਾ ਨਾ ਪਾਉਣਾ ਅਤੇ ਹਿੰਸਾ ਦੀ ਭਾਵਨਾ ਰੱਖਣਾ, ਹਿੰਸਾ ਹੀ ਹੈ। ਇਸ ਲਈ ਜਿਸ ਦੀ ਵਿਰਤੀ ਪ੍ਰਮਾਦਪੂਰਨ (ਅਣਗਹਿਲੀ) ਹੈ, ਉਹ ਹਮੇਸ਼ਾ ਹੀ ਹਿੰਸਕ ਹੈ।

(156)ਗਿਆਨੀ ਜੀਵ ਕਰਮਾਂ ਦੇ ਖ਼ਾਤਮੇ ਲਈ ਤਿਆਰ ਹੋਇਆ ਹੈ। ਹਿੰਸਾ ਦੇ ਲਈ ਨਹੀਂ। ਉਹ ਛਲ ਰਹਿਤ ਅਹਿੰਸਾ ਦੇ ਪਾਲਣ ਦੀ ਕੋਸ਼ਿਸ਼ ਕਰਦਾ ਹੈ ਅਜਿਹਾ ਪ੍ਰਮਾਦ (ਅਣਗਹਿਲੀ) ਤੋਂ ਰਹਿਤ ਮੁਨੀ ਅਹਿੰਸਕ ਹੁੰਦਾ ਹੈ।

(157)ਆਤਮਾ ਹੀ ਅਹਿੰਸਾ ਹੈ ਤੇ ਆਤਮਾ ਹੀ ਹਿੰਸਾ ਹੈ - ਇਹ ਸਿਧਾਂਤ ਨਿਸ਼ਚੈ ਹੈ। ਜੋ ਜੀਵ ਪ੍ਰਮਾਦ ਰਹਿਤ ਹੈ, ਉਹ ਅਹਿੰਸਕ ਹੈ ਜੋ ਪ੍ਰਮਾਦ ਕਰਦਾ ਹੈ, ਉਹ ਹਿੰਸਕ ਹੈ।

(158)ਜਿਵੇਂ ਸੰਸਾਰ ਵਿਚ ਮੇਰੂ ਪਰਬਤ ਤੋਂ ਉੱਚਾ ਅਤੇ ਅਕਾਸ਼ ਤੋਂ ਵਿਸ਼ਾਲ ਹੋਰ ਕੁਝ ਨਹੀਂ, ਇਸੇ ਪ੍ਰਕਾਰ ਅਹਿੰਸਾ ਤੋਂ ਵੱਡਾ ਕੋਈ ਧਰਮ ਨਹੀਂ।

(159)(ਮੁਨੀ ਨੇ ਆਖਿਆ) "ਹੇ ਸਰੀਰ ! ਤੁਸੀਂ ਡਰ ਤੋਂ ਰਹਿਤ ਹੋ ਅਤੇ ਤੁਸੀਂ ਦੂਸਰਿਆਂ ਲਈ ਵੀ ਡਰ ਦਾ ਕਾਰਨ ਨਾ

ਬਣੋ। ਇਹ ਨਾ ਰਹਿਣ ਵਾਲੇ ਸੰਸਾਰ ਵਿਚ ਤੁਸੀਂ ਹਿੰਸਾ ਵੱਲ ਕਿਉਂ ਲੱਗ ਗਏ ਹੋ ?

# 13. ਅਪ੍ਰਮਾਦ ਸੂਤਰ

(160)"ਇਹ ਮੇਰੇ ਕੋਲ ਹੈ, ਇਹ ਮੇਰੇ ਕੋਲ ਨਹੀਂ, ਮੈਂ ਅਜਿਹਾ ਕਰਨਾ ਹੈ, ਅਜਿਹਾ ਨਹੀਂ ਕਰਨਾ" ਇਸ ਪ੍ਰਕਾਰ ਦੀ ਬੇਅਰਥ ਬਕਵਾਸ ਮਾਰਨ ਵਾਲੇ ਪੁਰਸ਼ ਨੂੰ ਮੌਤ ਚੁੱਕ ਕੇ ਲੈ ਜਾਂਦੀ ਹੈ ਅਜਿਹੀ ਹਾਲਤ ਵਿਚ ਪ੍ਰਮਾਦ (ਅਣਗਹਿਲੀ) ਕਿਉਂ ਕੀਤੀ ਜਾਵੇ ?

(161)ਜੋ ਮਨੁੱਖ ਸੌਂਦੇ ਹਨ, ਉਨ੍ਹਾਂ ਦੇ ਲਈ ਸੰਸਾਰ ਵਿਚ ਆਉਣ ਦਾ ਸਾਰ ਨਸ਼ਟ ਹੋ ਜਾਂਦਾ ਹੈ। ਇਸ ਲਈ ਲਗਾਤਾਰ ਜਾਗਦੇ ਹੋਏ ਹੀ ਪਿਛਲੇ ਸੰਗ੍ਰਹਿ (ਇਕੱਠੇ) ਕੀਤੇ ਕਰਮਾਂ ਨੂੰ ਨਸ਼ਟ ਕਰੋ।

(162)"ਧਾਰਮਿਕ ਦਾ ਜਾਗਦੇ ਰਹਿਣਾ ਹੀ ਸਰੇਸ਼ਟ ਹੈ। ਅਧਰਮੀਆਂ ਦਾ ਸੌਣਾ ਹੀ ਚੰਗਾ ਹੈ" ਅਜਿਹਾ ਭਗਵਾਨ ਮਹਾਵੀਰ ਨੇ ਵਤਸ ਦੇਸ਼ ਦੇ ਰਾਜਾ ਸ਼ਤਾਨੀਕ ਦੀ ਭੈਣ ਜੈਅੰਤੀ ਨੂੰ ਫੁਰਮਾਇਆ।

(163)ਬੁੱਧੀਮਾਨ ਵਿਦਵਾਨ ਸੁੱਤੇ ਹੋਏ ਲੋਕਾਂ ਵਿਚ ਵੀ ਜਾਗਦਾ ਰਹੇ। ਗਫਲਤ ਵਿਚ ਵਿਸ਼ਵਾਸ ਨਾ ਕਰੇ। ਮਹੂਰਤ (48 ਮਿੰਟ) ਬਹੁਤ ਨਿਰਦੇਈ ਹੈ। ਸਰੀਰ ਕਮਜ਼ੋਰ ਹੈ। ਇਸ ਲਈ ਭਾਰੰਡ ਪੰਛੀ ਦੀ ਤਰ੍ਹਾਂ ਅਣਗਹਿਲੀ ਰਹਿਤ ਹੋ ਕੇ ਘੁੰਮੇ।

(164)ਅਣਗਹਿਲੀ ਨੂੰ ਹੀ ਕਰਮ (ਆਸ਼ਰਵ) ਅਤੇ ਸਾਵਧਾਨੀ ਨੂੰ ਹੀ ਅਕਰਮ (ਸੰਬਰ) ਕਿਹਾ ਗਿਆ ਹੈ। ਅਣਗਹਿਲੀ ਦੇ ਕਾਰਨ ਮਨੁੱਖ ਅਗਿਆਨੀ ਬਣਦੇ ਹਨ ਅਤੇ ਸਾਵਧਾਨੀ ਕਾਰਨ ਮਨੁੱਖ

ਵਿਦਵਾਨ ਅਖਵਾਉਂਦੇ ਹਨ।

(165)ਕਰਮਾਂ ਨਾਲ ਕਰਮ ਦਾ ਖ਼ਾਤਮਾ ਨਹੀਂ ਹੁੰਦਾ, ਧੀਰਜ ਵਾਲੇ ਮਨੁੱਖ ਅਕਰਮ (ਸੰਬਰ ਜਾਂ ਪਾਪਾਂ ਤੋਂ ਛੁਟਕਾਰਾ) ਰਾਹੀਂ ਕਰਮਾਂ ਦਾ ਖ਼ਾਤਮਾ ਕਰਦੇ ਹਨ। ਗਿਆਨੀ ਪੁਰਸ਼ ਲੋਭ ਤੇ ਮਾਨ ਤੋਂ ਦੂਰ ਹੋ ਕੇ ਸੰਤੋਖ ਪ੍ਰਾਪਤ ਕਰਦੇ ਪਾਪ ਨਹੀਂ ਕਰਦੇ।

(166)ਅਣਗਹਿਲੀ ਕਰਨ ਵਾਲੇ ਨੂੰ ਸਭ ਪਾਸੇ ਤੋਂ ਡਰ ਤੰਗ ਕਰਦਾ ਹੈ। ਸਾਵਧਾਨੀ ਧਾਰਨ ਕਰਨ ਵਾਲੇ ਨੂੰ ਕੋਈ ਡਰ ਨਹੀਂ ਹੁੰਦਾ।

(167)ਆਲਸੀ ਸੁਖੀ ਨਹੀਂ ਹੋ ਸਕਦਾ, ਨੀਂਦਰ ਲੈਣ ਵਾਲਾ ਵਿੱਦਿਆ ਦਾ ਅਭਿਆਸੀ ਨਹੀਂ ਹੋ ਸਕਦਾ, ਮਮਤਾ ਵਾਲਾ ਵੈਰਾਗ ਧਾਰਨ ਨਹੀਂ ਕਰ ਸਕਦਾ ਅਤੇ ਹਿੰਸਕ ਰਹਿਮ ਵਾਲਾ ਨਹੀਂ ਹੋ ਸਕਦਾ।

(168)"ਮਨੁੱਖੋ ! ਹਮੇਸ਼ਾ ਜਾਗਦੇ ਰਹੋ। ਜੋ ਜਾਗਦਾ ਹੈ, ਉਸ ਦੀ ਬੁੱਧੀ ਦਾ ਵਿਕਾਸ ਹੁੰਦਾ ਹੈ, ਜੋ ਸੌਂਦਾ ਹੈ, ਉਹ ਮਹਾਨ ਨਹੀਂ ਬਣ ਸਕਦਾ, ਉਹ ਧੰਨ ਹੈ ਜੋ ਜਾਗਦਾ ਹੈ।

(169)ਚੀਜ਼ਾਂ ਨੂੰ ਚੁੱਕਣ-ਧਰਨ ਵਿਚ, ਮਲ-ਮੂਤਰ ਤਿਆਗਨ ਵਿਚ, ਬੈਠਣ ਤੇ ਚੱਲਣ ਫਿਰਨ ਵਿਚ ਅਤੇ ਸੋਣ ਸਮੇਂ ਜੋ ਮਨੁੱਖ ਸਦਾ ਸਾਵਧਾਨੀ ਰੱਖਦਾ ਹੈ। ਉਹ ਹੀ ਅਹਿੰਸਕ ਹੈ।

# 14. ਸਿੱਖਿਆ ਸੂਤਰ

(170)ਵਿਨੈ ਰਹਿਤ ਜੀਵ ਦੇ ਗਿਆਨ ਆਦਿ ਸਭ ਗੁਣ ਨਸ਼ਟ ਹੋ ਜਾਂਦੇ ਹਨ। ਇਹੋ ਉਸ ਲਈ ਮੁਸੀਬਤ ਹੈ ਅਤੇ ਵਿਨੈਵਾਨ ਨੂੰ ਗਿਆਨ ਆਦਿ ਗੁਣਾਂ ਦੀ ਪ੍ਰਾਪਤੀ ਹੁੰਦੀ ਹੈ, ਉਹ ਸੱਚੀ ਸਿੱਖਿਆ ਪ੍ਰਾਪਤ ਕਰਦਾ ਹੈ।

(171)ਇਨ੍ਹਾਂ ਪੰਜਾਂ ਕਾਰਨਾਂ ਕਰਕੇ ਸਿੱਖਿਆ ਪ੍ਰਾਪਤ ਨਹੀਂ ਹੁੰਦੀ (1) ਅਭਿਮਾਨ (2) ਕਰੋਧ (3) ਪ੍ਰਮਾਦ (ਅਣਗਹਿਲੀ ਜਾਂ ਗਫਲਤ) (4) ਰੋਗ ਅਤੇ (5) ਆਲਸ

(172-73) ਇਨ੍ਹਾਂ ਅੱਠ ਕਾਰਨਾਂ ਕਰਕੇ ਮਨੁੱਖ ਸਿੱਖਿਆ ਪ੍ਰਾਪਤ ਕਰਦਾ ਹੈ (1) ਹਾਸਾ ਮਜਾਕ ਨਾ ਕਰਨ ਵਾਲਾ (2) ਸਦਾ ਇੰਦਰੀਆਂ ਤੇ ਮਨ ਤੇ ਕਾਬੂ ਰੱਖਣ ਵਾਲਾ (3) ਕਿਸੇ ਦੇ ਭੇਦ ਨਾ ਦੱਸਣ ਵਾਲਾ (4) ਚੰਗੇ ਚਾਲ ਚੱਲਣ ਵਾਲਾ (5) ਦੋਸ਼ਾਂ ਤੋਂ ਰਹਿਤ (6) ਜ਼ਿਆਦਾ ਸੁਆਦੀ ਭੋਜਨ ਦੀ ਇੱਛਾ ਨਾ ਕਰਨ ਵਾਲਾ (7) ਕਰੋਧ ਰਹਿਤ (8) ਸੱਚ ਦਾ ਪਾਲਣ ਕਰਨ ਵਾਲਾ

(174)ਅਧਿਐਨ ਦੇ ਰਾਹੀਂ ਆਦਮੀ ਨੂੰ ਗਿਆਨ ਤੇ ਮਨ ਦੀ ਇਕ ਸੁਰਤਾ ਪ੍ਰਾਪਤ ਹੁੰਦੀ ਹੈ। ਉਹ ਆਪ ਤਾਂ ਧਰਮ ਵਿਚ ਘੁੰਮਦਾ ਹੀ ਹੈ ਪਰ ਨਾਲ ਦੂਸਰਿਆਂ ਨੂੰ ਵੀ ਇਸੇ ਪਾਸੇ ਵੱਲ ਲਗਾਉਂਦਾ ਹੈ। ਅਨੇਕ ਪ੍ਰਕਾਰ ਦੇ ਸ਼ਰੁਤ (ਸ਼ਾਸਤਰ) ਦਾ ਅਧਿਐਨ ਕਰਕੇ ਉਹ ਸ਼ਰੁਤ ਰੂਪੀ ਸਮਾਧੀ ਵਿਚ ਲੱਗ ਜਾਂਦਾ ਹੈ।

(175)ਜੋ ਸਦਾ ਗੁਰੂਕੁੱਲ ਵਿਚ ਰਹਿੰਦਾ ਹੈ, ਜੋ ਸਮਾਧੀ ਵਾਲਾ ਹੈ, ਜੋ ਉਪਦਾਨ (ਸ਼ਾਸਤਰਾਂ ਦੇ ਅਧਿਐਨ ਸਮੇਂ ਕੀਤਾ ਜਾਣ ਵਾਲਾ

ਵਿਸ਼ੇਸ਼ ਤੱਪ ਕਰਦਾ ਹੈ, ਜੋ ਚੰਗਾ ਕੰਮ ਕਰਦਾ ਹੈ ਜੋ ਮਿੱਠਾ ਬੋਲਦਾ ਹੈ, ਉਹ ਹੀ ਸਿੱਖਿਆ ਪ੍ਰਾਪਤ ਕਰਦਾ ਹੈ।

(176)ਜਿਵੇਂ ਇਕ ਦੀਵੇ ਨਾਲ ਸੈਂਕੜੇ ਦੀਵੇ ਬਲਦੇ ਹਨ, ਉਸੇ ਪ੍ਰਕਾਰ ਆਚਾਰਿਆ ਭਗਵਾਨ ਦੀਵੇ ਦੀ ਤਰ੍ਹਾਂ ਹਨ। ਜੋ ਆਪ ਵੀ ਰੋਸ਼ਨੀ ਦਿੰਦਾ ਹੈ ਅਤੇ ਦੂਸਰੇ ਨੂੰ ਵੀ ਰੋਸ਼ਨੀ ਪ੍ਰਦਾਨ ਕਰਦਾ ਹੈ।

# 15. ਆਤਮ ਸੂਤਰ

(177)ਤੁਸੀ ਨਿਸ਼ਚੈ ਨਾਲ ਇਹ ਸਮਝੋ ਕਿ ਜੀਵ ਉੱਤਮ ਗੁਣਾਂ ਦਾ ਆਸਰਾ ਸਾਰੇ ਦਰੱਵਾਂ ਵਿਚੋਂ ਉੱਤਮ ਦਰੱਵ ਅਤੇ ਸਾਰੇ ਤੱਤਵਾਂ ਵਿਚੋਂ ਪਰਮ ਤੱਤਵ ਹੈ।

(178)ਜੀਵ (ਆਤਮਾ) ਤਿੰਨ ਪ੍ਰਕਾਰ ਦਾ ਹੈ। (1) ਬਾਹਰਲੀ ਆਤਮਾ (2) ਅੰਤਰ ਆਤਮਾ (3) ਪ੍ਰਮਾਤਮਾ। ਪ੍ਰਮਾਤਮਾ ਦੋ ਪ੍ਰਕਾਰ ਦਾ ਹੈ (1) ਅਰਿਹੰਤ ਦੇਵ (2) ਸਿੱਧ

(179)ਇੰਦਰੀਆਂ ਦੇ ਸਮੂਹ ਨੂੰ ਆਤਮਾ ਦੇ ਰੂਪ ਵਿਚ ਸਵੀਕਾਰ ਕਰਨਾ ਬਾਹਰਲੀ ਆਤਮਾ ਹੈ। ਆਤਮ ਸੰਕਲਪ - ਆਤਮਾ ਨੂੰ ਸਰੀਰ ਤੋਂ ਭਿੰਨ ਸਮਝਨਾ ਅੰਤਰ ਆਤਮਾ ਹੈ। ਕਰਮਾਂ ਦੇ ਕਲੰਕ ਤੋਂ ਮੁਕਤ ਆਤਮਾ ਪ੍ਰਮਾਤਮਾ ਹੈ।

(180)ਕੇਵਲ ਗਿਆਨ (ਸਰਵੱਗਤਾ) ਰਾਹੀਂ ਸਾਰੇ ਪਦਾਰਥਾਂ ਨੂੰ ਜਾਨਣ ਵਾਲੇ, ਸਰੀਰ ਦੇ ਧਾਰਕ ਜੀਵ ਅਰਿਹੰਤ ਹਨ ਅਤੇ ਸਰਵ-ਉੱਤਮ ਸੁੱਖ ਨੂੰ ਪ੍ਰਾਪਤ ਗਿਆਨ ਸਰੀਰੀ ਜੀਵ ਸਿੱਧ ਅਖਵਾਉਂਦੇ ਹਨ।

(181)ਜਿਨਵੇਸ਼ਵਰ ਦੇਵ ਦਾ ਇਹ ਕਥਨ ਹੈ "ਕਿ ਤੁਸੀਂ ਮਨ, ਬਚਨ ਤੇ ਸਰੀਰ ਰਾਹੀਂ ਬਾਹਰਲੀ ਆਤਮਾ ਨੂੰ ਛੱਡ ਕੇ ਅੰਤਰ ਆਤਮਾ ਦੇ ਸਵਾਰ ਹੋ ਕੇ ਪ੍ਰਮਾਤਮਾ ਦਾ ਧਿਆਨ ਕਰੋ।

(182)ਸ਼ੁੱਧ ਆਤਮਾ ਵਿਚ ਚਾਰ ਗਤੀ ਰੂਪੀ, ਜਨਮ ਮਰਨ ਦਾ ਚੱਕਰ ਜਨਮ, ਬੁਢਾਪਾ, ਮੌਤ, ਰੋਗ, ਦੁੱਖ ਤੇ ਕੁੱਲ, ਜੂਨ, ਜੀਵ ਸਥਾਨ ਤੇ ਮਾਰਗ ਸਥਾਨ ਨਹੀਂ ਹੁੰਦੇ।

(183)ਸ਼ੁੱਧ ਆਤਮਾ ਵਿਚ ਵਰਨ, ਰਸ, ਗੰਧ, ਸਪਰਸ਼ ਤੇ ਇਸਤਰੀ, ਪੁਰਸ਼, ਨਪੁੰਸਕ ਆਦਿ ਪਰਿਆਏ (ਸੁਭਾਅ) ਤੇ ਸੰਸਥਾਨ ਤੇ ਸਹਨੰਨ (ਸਰੀਰ ਤੇ ਅਕਾਰ) ਨਹੀਂ ਹੁੰਦੇ।

(184)ਇਹ ਸਭ ਭਾਵ, ਵਿਵਹਾਰ ਨਯ ਪੱਖੋਂ ਆਖੇ ਗਏ ਹਨ। ਸ਼ੁੱਧ ਨਯ (ਨਿਸ਼ਚੈ ਨਯ) ਪੱਖੋਂ ਸੰਸਾਰੀ ਜੀਵ ਵੀ ਸਿੱਧ ਰੂਪ ਹਨ।

(185)ਸ਼ੁੱਧ ਨਯ ਪੱਖੋਂ ਆਤਮਾ ਅਸਲ ਵਿਚ ਰਸ ਰਹਿਤ, ਗੰਧ ਰਹਿਤ, ਨਾ ਵਰਨਣਯੋਗ, ਚੇਤਨ ਗੁਣ ਵਾਲਾ, ਸ਼ਬਦ ਤੋਂ ਰਹਿਤ, ਅਨੁਮਾਨ ਤੋਂ ਰਹਿਤ ਤੇ ਸੰਸਥਾਨ (ਸਰੀਰ) ਤੋਂ ਰਹਿਤ ਹੈ।

(186)ਆਤਮਾ - ਮਨ, ਬਚਨ ਤੇ ਸਰੀਰ ਦੇ ਰੂਪ ਤੋਂ ਰਹਿਤ, ਇਕੱਲਾ ਮਮਤਾ ਰਹਿਤ, ਸਰੀਰ ਰਹਿਤ, ਕਿਸੇ ਦਰੱਵ ਦੇ ਸਹਾਰੇ ਤੋਂ ਰਹਿਤ, ਵੀਤਰਾਗ, ਦੋਸ਼ ਰਹਿਤ, ਮੋਹ ਰਹਿਤ ਤੇ ਡਰ ਰਹਿਤ ਹੈ।

(187)ਉਹ (ਆਤਮਾ) ਨਿਰਗਰੰਥ (ਗੰਢ ਰਹਿਤ) ਹੈ, ਰਾਗ ਰਹਿਤ ਹੈ, ਨਿਸ਼ਲਯ (ਸਵਰਗ ਸੁੱਖ ਦੀ ਇੱਛਾ, ਮਾਇਆ ਤੇ ਮਿੱਥਿਆ ਦਰਸ਼ਨ ਰੂਪੀ ਕੰਡੇ) ਤੋਂ ਰਹਿਤ ਹੈ। ਸਾਰੇ ਦੋਸ਼ਾਂ ਤੋਂ ਮੁਕਤ ਹੈ, ਕਾਮਨਾ ਰਹਿਤ ਹੈ, ਕਰੋਧ, ਮਾਨ ਤੇ ਮੋਹ ਰਹਿਤ ਹੈ।

(188)ਆਤਮਾ ਹੀ ਜਾਣਕਾਰ ਹੈ। ਜੋ ਜਾਣਕਾਰ ਹੁੰਦਾ ਹੈ ਉਹ ਨਾ ਪ੍ਰਮਤ ਹੁੰਦਾ ਹੈ ਅਤੇ ਨਾ ਅਪ੍ਰਮਤ। ਜੋ ਅਪ੍ਰਮਤ ਅਤੇ ਪ੍ਰਮਤ ਨਹੀਂ ਹੁੰਦਾ, ਉਹ ਸ਼ੁੱਧ ਹੁੰਦਾ ਹੈ। ਆਤਮਾ ਦਾ ਜਾਣਕਾਰ (ਗਿਆਨੀ) ਰੂਪ ਹੀ ਸੱਚਾ ਰੂਪ ਹੈ ਅਤੇ ਉਹ ਹੀ ਸ਼ੁੱਧ ਅਰਥ ਵਿਚ ਜਾਨਣਯੋਗ ਹੈ। ਉਸ ਆਤਮਾ ਦੇ ਗਿਆਨ ਵਿਚ ਅਸ਼ੁੱਧਤਾ ਨਹੀਂ।

(189)ਮੈਂ (ਆਤਮਾ) ਨਾ ਸਰੀਰ ਹਾਂ, ਨਾ ਮਨ ਹਾਂ, ਨਾ ਪਾਣੀ ਹਾਂ ਅਤੇ ਨਾ ਉਨ੍ਹਾਂ ਦਾ ਕਾਰਨ ਹੈ। ਮੈਂ ਨਾ ਤਾਂ ਕਰਤਾ ਹੈ, ਨਾ

ਕਰਨ ਵਾਲਾ ਹੈ, ਨਾ ਕਰਾਉਣ ਵਾਲਾ ਹਾਂ ਅਤੇ ਨਾ ਕਰਤਾ ਦੀ ਹਿਮਾਇਤ ਕਰਨ ਵਾਲਾ ਹਾਂ।

(190)ਆਤਮਾ ਦੇ ਸ਼ੁੱਧ ਸਵਰੂਪ ਨੂੰ ਜਾਨਣ ਵਾਲੇ ਅਤੇ ਆਤਮਾ ਤੋਂ ਛੁੱਟ ਹੋਰ ਭਾਵਾਂ ਨੂੰ ਜਾਨਣ ਵਾਲਾ, ਅਜਿਹਾ ਕੌਣ ਗਿਆਨੀ ਹੋਵੇਗਾ, ਜੋ ਆਖੇਗਾ ਕਿ ''ਇਹ ਮੇਰਾ ਹੈ।''

(191)ਮੈਂ ਇਕ ਹਾਂ, ਸ਼ੁੱਧ ਹਾਂ, ਮਮਤਾ ਰਹਿਤ ਹਾਂ ਅਤੇ ਗਿਆਨ ਦਰਸ਼ਨ ਨਾਲ ਭਰਪੂਰ ਹਾਂ। ਆਪਣੇ ਇਸ ਸ਼ੁੱਧ ਸੁਭਾਵ ਵਿਚ ਸਥਿਤ ਤੇ ਇਕਸੁਰ ਹੋ ਕੇ ਮੈਂ ਇਨ੍ਹਾਂ ਆਤਮਾ ਤੋਂ ਛੁੱਟ ਹੋਰ ਭਾਵਾਂ ਦਾ ਖ਼ਾਤਮਾ ਕਰਦਾ ਹੈ।

## ਟਿੱਪਣੀ

ਗਾਥਾ 188 : 14 ਗੁਣਸਥਾਨਾਂ ਦੀ ਦ੍ਰਿਸ਼ਟੀ ਤੋਂ ਜੀਵ ਛੇਵੇਂ ਗੁਣ ਸਥਾਨ ਤੱਕ ਪ੍ਰਮਤ ਤੇ ਸੱਤਵੇਂ ਵਿਚ ਅਪ੍ਰਮਤ ਕਿਹਾ ਗਿਆ ਹੈ। ਇਹ ਦੋਹੇ ਆਤਮਾ ਦੀਆਂ ਅਸ਼ੁੱਧ ਅਸਵਥਾਵਾਂ ਹਨ।

# 16. ਮੋਕਸ਼ ਮਾਰਗ ਸੂਤਰ

(192)ਜੈਨ ਸ਼ਾਸਨ (ਧਰਮ) ਵਿਚ ਮਾਰਗ (ਰਾਹ) ਤੇ ਮਾਰਗ ਫਲ (ਮੰਜ਼ਿਲ) ਦੋ ਪ੍ਰਕਾਰ ਦਾ ਆਖਿਆ ਗਿਆ ਹੈ। 'ਮਾਰਗ' ਮੋਕਸ਼ ਪ੍ਰਾਪਤ ਕਰਨ ਦਾ ਢੰਗ ਹੈ। ਉਸ ਦਾ 'ਫਲ' ਨਿਰਵਾਨ ਜਾਂ ਮੋਕਸ਼ ਹੈ।

(193)ਜਿਨੇਂਦਰ ਦੇਵ ਨੇ ਫੁਰਮਾਇਆ ਹੈ ਕਿ 'ਸੱਮਿਅਕ ਦਰਸ਼ਨ, ਸੱਮਿਅਕ ਗਿਆਨ ਤੇ ਸੱਮਿਅਕ ਚਾਰਿੱਤਰ ਮੋਕਸ਼ ਦਾ ਮਾਰਗ ਹੈ। ਸਾਧੂਆਂ ਨੂੰ ਇਨ੍ਹਾਂ ਦਾ ਪਾਲਣ ਕਰਨਾ ਚਾਹੀਦਾ ਹੈ। ਜੇ ਉਹ ਆਪਣੇ ਸਹਾਰੇ ਤੇ ਰਹਿੰਦੇ ਹਨ ਤਾਂ ਉਨ੍ਹਾਂ ਨੂੰ ਮੋਕਸ਼ ਪ੍ਰਾਪਤ ਹੁੰਦਾ ਹੈ। ਪਰ ਅਧੀਨ ਹੋਣ ਨਾਲ ਕਰਮਾਂ ਦਾ ਬੰਧ (ਸੰਗ੍ਰਹਿ) ਹੁੰਦਾ ਹੈ ਭਾਵ ਮੋਕਸ਼ ਪ੍ਰਾਪਤ ਨਹੀਂ ਹੁੰਦਾ।

(194)ਅਗਿਆਨ ਕਾਰਨ ਜੇ ਗਿਆਨੀ ਵੀ ਅਜਿਹਾ ਮੰਨਣ ਲੱਗੇ ਕਿ ਸ਼ੁੱਧ ਭਗਤੀ ਆਦਿ ਚੰਗੀਆਂ ਭਾਵਨਾਵਾਂ ਨਾਲ ਦੁੱਖਾਂ ਤੋਂ ਛੁਟਕਾਰਾ ਮਿਲਦਾ ਹੈ ਤਾਂ ਉਹ ਵੀ ਰਾਗ ਦਾ ਅੰਸ਼ ਹੋਣ ਕਾਰਨ ਆਪਣੇ ਅਸਲ ਰਾਹ ਤੋਂ ਭਟਕ ਜਾਂਦੇ ਹਨ।

(195)ਜਿਨੇਂਦਰ ਭਗਵਾਨ ਰਾਹੀਂ ਫੁਰਮਾਏ ਗਏ ਵਰਤ, ਸਮਿਤਿ, ਗੁਪਤੀ, ਸ਼ੀਲ ਅਤੇ ਤਪ ਦਾ ਪਾਲਣ ਕਰਨ ਵਾਲੇ ਵੀ ਕਈ ਜੀਵ ਜਨਮ ਮਰਨ ਦੇ ਚੱਕਰ ਵਿਚ ਭਟਕਨ ਵਾਲੇ ਅਗਿਆਨੀ ਤੇ ਮਿੱਥਿਆ ਦਰਿਸ਼ਟੀ ਹੋ ਸਕਦੇ ਹਨ।

(196)ਜੋ ਨਿਸ਼ਚੈ ਤੇ ਵਿਵਹਾਰ ਸਵਰੂਪ ਰਤਨਤ੍ਰੈ (ਸੱਮਿਅਕ ਦਰਸ਼ਨ, ਸੱਮਿਅਕ ਗਿਆਨ, ਸੱਮਿਅਕ ਚਾਰਿੱਤਰ) ਨੂੰ ਨਹੀਂ ਜਾਣਦਾ,

ਉਸ ਸਭ ਕੁਝ ਕਰਨਾ ਮਿੱਥਿਆ (ਫਜ਼ੂਲ) ਹੈ'', ਅਜਿਹਾ ਜਿਨਦੇਵ ਨੇ ਫੁਰਮਾਇਆ ਹੈ।

(197)ਜਨਮ ਮਰਨ ਦੇ ਚੱਕਰ ਵਿਚ ਭਟਕਨ ਵਾਲਾ ਜੀਵ ਵੀ ਧਰਮ ਵਿਚ ਸ਼ਰਧਾ, ਵਿਸ਼ਵਾਸ ਤੇ ਰੁੱਚੀ ਰੱਖਦਾ ਹੈ ਅਤੇ ਧਰਮ ਦਾ ਪਾਲਣ ਵੀ ਕਰਦਾ ਹੈ। ਪਰ ਉਹ ਧਰਮ ਨੂੰ ਭੋਗ ਦਾ ਕਾਰਨ ਸਮਝਦਾ ਰਹਿੰਦਾ ਹੈ। ਕਰਮਾਂ ਦੇ ਖ਼ਾਤਮੇ ਦਾ ਕਾਰਨ ਸਮਝ ਕੇ ਧਰਮ ਦਾ ਪਾਲਣ ਨਹੀਂ ਕਰਦਾ।

(198)ਉਹ ਇਹ ਨਹੀਂ ਜਾਣਦਾ ਕਿ ਪਰਦਰੱਵ (ਆਤਮਾ ਤੋਂ ਇਲਾਵਾ ਸਰੀਰ) ਵਿਚ ਲੱਗੇ ਸ਼ੁਭ ਪਰਿਣਾਮ ਪੁੰਨ ਹਨ ਅਤੇ ਅਸ਼ੁੱਭ ਪਰਿਣਾਮ ਪਾਪ ਹਨ। ਸਵ ਦਰੱਵ (ਸ਼ੁੱਧ ਆਤਮਾ) ਦਾ ਪਰਿਣਾਮ ਉਹ ਹੈ ਜੋ ਸਮੇਂ ਤੇ ਦੁੱਖਾਂ ਦੇ ਖ਼ਾਤਮੇ ਦਾ ਕਾਰਨ ਹੁੰਦਾ ਹੈ।

(199)ਜੋ ਪੁੰਨ ਦੀ ਇੱਛਾ ਕਰਦਾ ਹੈ, ਉਹ ਸੰਸਾਰ (ਜਨਮ ਮਰਨ ਦੇ ਚੱਕਰ) ਦੀ ਇੱਛਾ ਕਰਦਾ ਹੈ, ਪੁੰਨ ਚੰਗੀ ਗਤੀ ਦਾ ਕਾਰਨ ਹੈ ਪਰ ਨਿਰਵਾਨ ਤਾਂ ਪੁੰਨ (ਕਰਮ) ਦੇ ਖ਼ਾਤਮੇ ਤੇ ਹੀ ਹੁੰਦਾ ਹੈ।

(200)ਅਸ਼ੁੱਭ ਕਰਮ ਨੂੰ ਕੁਸ਼ੀਲ ਅਤੇ ਸ਼ੁਭ ਕਰਮ ਨੂੰ ਸੁਸ਼ੀਲ ਸਮਝੋ। ਪਰ ਉਸ ਨੂੰ ਸੁਸ਼ੀਲ ਕਿਵੇਂ ਆਖਿਆ ਜਾ ਸਕਦਾ ਹੈ ਜੋ ਸੰਸਾਰ ਦਾ ਕਾਰਨ ਹੈ।

(201)ਜ਼ੰਜੀਰ ਭਾਵੇਂ ਸੋਨੇ ਦੀ ਹੋਵੇ, ਜਾਂ ਲੋਹੇ ਦੀ, ਮਨੁੱਖ ਨੂੰ ਦੋਹੇ ਜ਼ੰਜੀਰ ਜਕੜ ਕੇ ਰੱਖਦੀਆਂ ਹਨ। ਇਸੇ ਪ੍ਰਕਾਰ ਜੀਵ ਨੂੰ ਸ਼ੁਭ ਜਾਂ ਅਸ਼ੁੱਭ ਕਰਮ ਉਸ ਨੂੰ ਜਕੜਦੇ ਹਨ।

(202)ਇਸ ਲਈ ਦੋਹੇ ਪ੍ਰਕਾਰ ਦੇ ਕਰਮਾਂ ਨੂੰ ਜਾਣ ਕੇ ਉਨ੍ਹਾਂ ਪ੍ਰਤਿ ਰਾਗ (ਲਗਾਵ) ਨਹੀਂ ਰੱਖਣਾ ਚਾਹੀਦਾ ਨਾ ਹੀ ਇਨ੍ਹਾਂ ਨਾਲ ਮੇਲ-ਮਿਲਾਪ ਰੱਖਣਾ ਚਾਹੀਦਾ ਹੈ, ਕਿਉਂਕਿ ਕੁਸ਼ੀਲ (ਕਰਮ) ਦੇ ਪ੍ਰਤਿ ਰਾਗ ਅਤੇ ਮੇਲ ਮਿਲਾਪ ਕਰਨ ਨਾਲ ਮਨੁੱਖ ਦੀ ਸਵਾਧੀਨਤਾ ਨਸ਼ਟ ਹੋ ਜਾਂਦੀ ਹੈ।

(203)ਭਾਵੇਂ ਵਰਤ ਤੇ ਤੱਪ ਆਦਿ ਨਾਲ ਸਵਰਗ ਦੀ ਪ੍ਰਾਪਤੀ ਚੰਗੀ ਹੈ ਵਰਤਾਂ ਆਦਿ ਛੱਡ ਕੇ ਨਰਕਾਂ ਦੇ ਦੁੱਖ ਭੋਗਨਾ ਵੀ ਮੂਰਖਤਾ ਹੈ ਕਿਉਂਕਿ ਕਸ਼ਟ ਸਹਿੰਦੇ ਹੋਏ ਧੁੱਪ ਵਿਚ ਖੜ੍ਹੇ ਰਹਿਣ ਦੇ ਪੱਖੋਂ ਛਾਂ ਵਿਚ ਖੜ੍ਹੇ ਰਹਿਣਾ ਚੰਗਾ ਹੈ (ਇਸ ਨਿਆਏ ਪੱਖੋਂ ਪੁੰਨ ਨੂੰ ਪੂਰੀ ਤਰ੍ਹਾਂ ਛੱਡਣਾ ਵੀ ਚੰਗਾ ਨਹੀਂ)।

(204)ਇਸ ਵਿਚ ਸ਼ੱਕ ਨਹੀਂ ਕਿ ਸ਼ੁਭ ਕਾਮਨਾਵਾਂ ਨਾਲ ਵਿਦਿਆਧਰ, ਦੇਵਤੇ ਤੇ ਮਨੁੱਖ ਰਾਹੀਂ ਨਮਸਕਾਰ ਸਾਹਿਤ ਚੱਕਰਵਰਤੀ ਵਰਗੀ ਰਿੱਧੀ ਪ੍ਰਾਪਤ ਹੋ ਸਕਦੀ ਹੈ। ਪਰ ਸੰਸਾਰ ਦੇ ਚੱਕਰ ਤੋਂ ਮੁਕਤ ਹੋਣ ਯੋਗ ਸਤਿਕਾਰ ਸੱਮਿਅਕ ਸੰਬੋਧੀ (ਗਿਆਨ) ਦੀ ਪ੍ਰਾਪਤੀ ਨਹੀਂ ਹੋ ਸਕਦੀ।

(205)(ਪੁੰਨ ਦੇ ਪ੍ਰਤਾਪ ਨਾਲ) ਦੇਵ ਲੋਕ ਤੋਂ ਉਮਰ ਪੂਰੀ ਕਰਕੇ ਦੇਵਤੇ ਵੀ ਮਨੁੱਖ ਲੋਕ ਵਿਚ ਜਮਨ ਲੈਂਦੇ ਹਨ, ਉੱਥੇ ਉਨ੍ਹਾਂ ਨੂੰ ਸੁੱਖ ਦੇ ਦਸ ਅੰਗ ਪ੍ਰਾਪਤ ਹੁੰਦੇ ਹਨ।

(206)ਸਾਰੀ ਉਮਰ ਅਨੁਪਮ ਭੋਗ ਭੋਗ ਕੇ, ਪਿਛਲੇ ਜਨਮ ਦੇ ਸ਼ੁੱਧ, ਨਵੇਂ ਧਰਮ ਦੀ ਅਰਾਧਨਾ ਕਾਰਨ, ਨਿਰਮਲ ਬੋਧੀ ਦਾ ਅਨੁਭਵ ਕਰਦੇ ਹਨ ਅਤੇ ਚਾਰ ਅੰਗ (ਮਨੁੱਖਤਾ, ਸ਼ਾਸਤਰਾਂ ਦਾ ਗਿਆਨ, ਸ਼ਰਧਾ ਤੇ ਵੀਰਜ) ਨੂੰ ਦੁਰਲਭ ਜਾਨ ਕੇ ਸੰਜਮ ਸਵੀਕਾਰ ਕਰਦੇ

ਹਨ, ਫਿਰ ਤਪੱਸਿਆ ਰਾਹੀਂ ਕਰਮਾਂ ਦਾ ਖ਼ਾਤਮਾ ਕਰਕੇ ਹਮੇਸ਼ਾ ਰਹਿਣ ਵਾਲੇ ਸਿੱਧ ਪੁਰ ਨੂੰ ਪ੍ਰਾਪਤ ਕਰਦੇ ਹਨ।

# 17. ਰਤਨ ਤ੍ਰੈ ਸੂਤਰ

## (ੳ) ਵਿਵਹਾਰ ਰਤਨ ਤ੍ਰੈ

(208)ਧਰਮ ਆਦਿ (ਛੇ ਦਰੱਵਾਂ) ਅਤੇ ਤੱਤਵਾਂ (ਜੀਵ ਅਜੀਵ ਆਦਿ) ਵਿਚ ਸ਼ਰਧਾ ਕਰਨਾ ਸੱਮਿਅਕ ਦਰਸ਼ਨ ਹੈ। ਅੰਗਾਂ ਤੇ ਪੂਰਵਾਂ ਦਾ ਗਿਆਨ ਸੱਮਿਅਕ ਗਿਆਨ ਹੈ। ਤਪ ਵਿਚ ਲੱਗੇ ਰਹਿਣ ਦੀ ਕੋਸ਼ਿਸ਼ ਸੱਮਿਅਕ ਚਾਰਿੱਤਰ ਹੈ। ਇਹ ਵਿਵਹਾਰ ਪੱਖੋਂ ਮੋਕਸ਼ ਦਾ ਰਾਹ ਹੈ।

(209)ਮਨੁੱਖ ਗਿਆਨ ਆਦਿ ਰਾਹੀਂ ਜੀਵ ਆਦਿ ਪਦਾਰਥਾਂ ਨੂੰ ਜਾਣਦਾ ਹੈ। ਸੱਮਿਅਕ ਦਰਸ਼ਨ ਰਾਹੀਂ ਉਸ ਤੇ ਸ਼ਰਧਾ ਕਰਦਾ ਹੈ। ਸੱਮਿਅਕ ਚਾਰਿੱਤਰ ਰਾਹੀਂ (ਪਾਪਾਂ ਨੂੰ ਰੋਕਦਾ ਹੈ ਅਤੇ ਤੱਪ ਰਾਹੀਂ ਸ਼ੁੱਧ ਹੁੰਦਾ ਹੈ)।

(210)ਸੱਮਿਅਕ ਚਾਰਿੱਤਰ ਤੋਂ ਬਿਨਾਂ ਸੱਮਿਅਕ ਗਿਆਨ, ਸੱਮਿਅਕ ਦਰਸ਼ਨ ਤੋਂ ਬਿਨਾਂ ਮੁਨੀ ਦਾ ਭੇਸ ਅਤੇ ਸੰਜਮ ਰਹਿਤ ਤੱਪ ਕਰਨਾ ਫਿਜ਼ੂਲ ਹੈ।

(211)ਸੱਮਿਅਕ ਦਰਸ਼ਨ ਦੇ ਬਿਨਾਂ ਗਿਆਨ ਨਹੀਂ ਹੁੰਦਾ ਅਤੇ ਗਿਆਨ ਬਿਨਾਂ ਸੱਮਿਅਕ ਚਾਰਿੱਤਰ ਰੂਪੀ ਗੁਣ ਪ੍ਰਾਪਤ ਨਹੀਂ ਹੁੰਦਾ। ਸੱਮਿਅਕ ਚਾਰਿੱਤਰ ਬਿਨਾਂ ਮੋਕਸ਼ (ਕਰਮਾਂ ਦਾ ਖ਼ਾਤਮਾ) ਨਹੀਂ ਹੁੰਦਾ ਅਤੇ ਮੋਕਸ਼ ਬਿਨਾਂ ਨਿਰਵਾਣ (ਪਰਮਾਤਮ ਪਦ) ਪ੍ਰਾਪਤ ਨਹੀਂ ਹੁੰਦਾ।

(212)ਕ੍ਰਿਆ ਰਹਿਤ ਦਾ ਗਿਆਨ ਬੇ-ਅਰਥ ਹੈ ਅਤੇ ਅਗਿਆਨੀਆਂ ਦੀ ਕ੍ਰਿਆ ਬੇ-ਅਰਥ ਹੈ। ਜਿਵੇਂ ਲੰਗੜਾ ਮਨੁੱਖ ਜੰਗਲ ਵਿਚ ਲੱਗੀ ਅੱਗ ਨੂੰ ਵੇਖ ਕੇ ਭੱਜਣ ਵਿਚ ਅਸਮਰਥ ਹੋ ਕੇ

ਸੜ ਮਰਦਾ ਹੈ ਅਤੇ ਅੰਨ੍ਹਾ ਭੱਜਦਾ ਹੋਇਆ ਵੀ ਅੱਖਾਂ ਦੀ ਜੋਤ ਨਾ ਹੋਣ ਕਾਰਨ ਮਰ ਜਾਂਦਾ ਹੈ।

(213)ਕਿਹਾ ਜਾਂਦਾ ਹੈ ਕਿ ਸੱਮਿਅਕ ਗਿਆਨ ਅਤੇ ਕ੍ਰਿਆ ਦੇ ਮਿਲਾਪ ਨਾਲ ਹੀ ਫਲ ਦੀ ਪ੍ਰਾਪਤੀ ਹੁੰਦੀ ਹੈ। ਜਿਵੇਂ ਕਿ ਲੰਗੜੇ ਤੇ ਅੰਨ੍ਹੇ ਦਾ ਮਿਲਾਪ ਨਾਲ ਦੋਹੇ ਜੰਗਲ ਵਿਚ ਲੱਗੀ ਅੱਗ ਤੋਂ ਛੁਟਕਾਰਾ ਪਾ ਲੈਂਦੇ ਹਨ, ਇਕੱਲੇ ਇਕ ਪਹੀਏ ਨਾਲ ਰਥ ਨਹੀਂ ਚੱਲ ਸਕਦਾ।

(ਅ) ਨਿਸ਼ਚੈ ਰਤਨ ਤ੍ਰੈ

(214)ਜੋ ਸਭ ਨਯ ਤੋਂ ਰਹਿਤ ਹੈ ਉਹ ਹੀ ਸਮੇਂ ਸਾਰ (ਸਾਰੇ ਵਿਕਲਪ ਤੋਂ ਰਹਿਤ ਆਤਮਾ ਦੀ ਸ਼ੁੱਧ ਅਵਸਥਾ) ਹੈ ਉਸ ਨੂੰ ਹੀ ਸੱਮਿਅਕ ਦਰਸ਼ਨ ਅਤੇ ਸੱਮਿਅਕ ਗਿਆਨ ਪ੍ਰਾਪਤ ਹੁੰਦਾ ਹੈ।

(215)ਸਾਧੂ ਨੂੰ ਹਮੇਸ਼ਾ ਸੱਮਿਅਕ ਦਰਸ਼ਨ, ਸੱਮਿਅਕ ਗਿਆਨ ਅਤੇ ਸੱਮਿਅਕ ਚਾਰਿੱਤਰ ਦਾ ਪਾਲਣ ਕਰਨਾ ਚਾਹੀਦਾ ਹੈ। ਨਿਸ਼ਚੈ ਨਯ ਪੱਖੋਂ ਇਨ੍ਹਾਂ ਤਿੰਨਾਂ ਨੂੰ ਆਤਮਾ ਹੀ ਸਮਝਣਾ ਚਾਹੀਦਾ ਹੈ। ਇਹ ਤਿੰਨ ਆਤਮ ਸਵਰੂਪ ਹੀ ਹਨ। ਇਸ ਲਈ ਨਿਸ਼ਚੈ ਪੱਖੋਂ ਆਤਮਾ ਦੀ ਵਰਤੋਂ ਹੀ ਠੀਕ ਹੈ।

(216)ਜੋ ਆਤਮਾ ਇਨ੍ਹਾਂ ਤਿੰਨਾਂ ਵਿਚ ਸਮਾਂ ਜਾਂਦਾ ਹੈ, ਹੋਰ ਕੁਝ ਨਹੀਂ ਕਰਦਾ, ਨਾ ਕੁਝ ਜੋੜਦਾ ਹੈ, ਉਸ ਨੂੰ ਨਿਸ਼ਚੈ ਨਯ ਪੱਖੋਂ ਮੋਕਸ਼ ਮਾਰਗ ਕਿਹਾ ਜਾਂਦਾ ਹੈ।

(217)ਇਸ ਦ੍ਰਿਸ਼ਟੀ ਤੋਂ ਆਤਮਾ ਵਿਚ ਲੀਨ ਆਤਮਾ ਹੀ ਸੱਮਿਅਕ ਦ੍ਰਿਸ਼ਟੀ ਹੁੰਦਾ ਹੈ ਜੋ ਆਤਮਾ ਦੇ ਸ਼ੁੱਧ ਰੂਪ ਨੂੰ ਜਾਣਦਾ ਹੈ। ਉਹ ਹੀ ਸੱਮਿਅਕ ਗਿਆਨ ਹੈ। ਉਸ ਵਿਚ ਸਥਿਤ ਰਹਿਣਾ

ਸੱਮਿਅਕ ਚਾਰਿੱਤਰ ਹੈ।

(218)ਆਤਮਾ ਹੀ ਮੇਰਾ ਗਿਆਨ ਹੈ। ਆਤਮਾ ਹੀ ਦਰਸ਼ਨ ਤੇ ਚਾਰਿੱਤਰ ਹੈ। ਆਤਮਾ ਹੀ ਪ੍ਰਤਿਖਿਆਨ (ਪਾਪਾਂ ਦਾ ਤਿਆਗ) ਹੈ ਅਤੇ ਆਤਮਾ ਹੀ ਸੰਜਮ ਤੇ ਯੋਗ ਹੈ। ਅਰਥਾਤ ਇਹ ਆਤਮਾ ਦਾ ਰੂਪ ਹੀ ਹਨ।

# 18. ਸੱਮਿਅਕ ਦਰਸ਼ਨ ਸੂਤਰ

(ੳ) ਵਿਵਹਾਰ ਸੱਮਿਅਕਤਵ : ਨਿਸ਼ਚੈ ਸੱਮਿਅਕਤਵ

(219)ਰਤਨ ਤ੍ਰੈ ਵਿਚ ਸੱਮਿਅਕ ਦਰਸ਼ਨ ਹੀ ਸਰੇਸ਼ਟ ਹੈ ਅਤੇ ਇਸ ਨੂੰ ਹੀ ਮੋਕਸ਼ ਰੂਪੀ ਮਹਾ ਦਰਖ਼ਤ ਦਾ ਮੂਲ (ਜੜ) ਕਿਹਾ ਗਿਆ ਹੈ। ਇਹ ਨਿਸ਼ਚੈ ਅਤੇ ਵਿਵਹਾਰ ਦੇ ਦੋ ਪ੍ਰਕਾਰ ਹਨ।

(220)ਵਿਵਹਾਰ ਨਯ ਤੋਂ ਜੀਵ ਆਦਿ ਤੱਤਵਾਂ ਤੇ ਸ਼ਰਧਾ ਨੂੰ ਜਿਨਦੇਵ ਨੇ ਸੱਮਿਅਕਤਵ ਕਿਹਾ ਹੈ। ਨਿਸ਼ਚੈ ਨਯ ਪੱਖੋਂ ਆਤਮਾ ਹੀ ਸੱਮਿਅਕ ਦਰਸ਼ਨ ਹੈ।

(221)ਨਿਸ਼ਚੈ ਨਯ ਪੱਖੋਂ ਜੋ ਚੁੱਪ ਹੈ ਉਹ ਹੀ ਸੱਮਿਅਕ ਦਰਸ਼ਨ ਹੈ ਅਤੇ ਜੋ ਸੱਮਿਅਕ ਦਰਸ਼ਨ ਹੈ, ਉਹ ਹੀ ਖਾਮੋਸ਼ੀ ਆਤਮ ਗਿਆਨ ਹੈ। ਵਿਵਹਾਰ ਤੋਂ ਜੋ ਨਿਸ਼ਚੈ ਸੱਮਿਅਕ ਦਰਸ਼ਨ ਦੇ ਕਾਰਨ ਹੈ, ਉਹ ਵੀ ਸੱਮਿਅਕ ਦਰਸ਼ਨ ਹੈ।

(222)ਸੱਮਿਅਕਤਵਹੀਣ ਮਨੁੱਖ ਹਜ਼ਾਰਾਂ ਕਰੋੜਾਂ ਸਾਲਾਂ ਤੱਕ ਚੰਗੀ ਤਰ੍ਹਾਂ ਕਠੋਰ ਤਪ ਕਰਨ ਤੇ ਵੀ ਬੋਧੀ ਦਾ ਲਾਭ ਪ੍ਰਾਪਤ ਨਹੀਂ ਕਰ ਸਕਦਾ।

(223)ਜੋ ਸੱਮਿਅਕ ਦਰਸ਼ਨ ਤੋਂ ਭਰਿਸ਼ਟ ਹੈ, ਉਹ ਹੀ ਦਰਸ਼ਨ ਭਰਿਸ਼ਟ ਹੈ। ਦਰਸ਼ਨ ਭਰਿਸ਼ਟ ਨੂੰ ਕਦੇ ਨਿਰਵਾਣ ਪ੍ਰਾਪਤ ਨਹੀਂ ਹੁੰਦਾ। ਚਾਰਿੱਤਰਹੀਣ ਸੱਮਿਅਕ ਦਰਿਸ਼ਟੀ ਤਾਂ ਸਿੱਧੀ ਪ੍ਰਾਪਤ ਕਰ ਸਕਦੇ ਹਨ ਪਰ ਸੱਮਿਅਕ ਦਰਸ਼ਨ ਤੋਂ ਰਹਿਤ ਮਨੁੱਖ ਸਿੱਧੀ ਪ੍ਰਾਪਤ ਨਹੀਂ ਕਰ ਸਕਦੇ।

(224)(ਅਸਲ ਵਿਚ) ਜੋ ਸੱਮਿਅਕ ਦਰਸ਼ਨ ਰਾਹੀਂ ਸ਼ੁੱਧ ਹੈ,

ਉਹ ਹੀ ਨਿਰਵਾਨ ਪ੍ਰਾਪਤ ਕਰਦਾ ਹੈ, ਸੱਮਿਅਕ ਦਰਸ਼ਨ ਤੋਂ ਰਹਿਤ ਪੁਰਸ਼ ਇੱਛਾ ਅਨੁਸਾਰ ਲਾਭ ਪ੍ਰਾਪਤ ਨਹੀਂ ਕਰ ਸਕਦਾ।

(225)ਇਕ ਪਾਸ ਸੱਮਿਅਕਤਵ ਦਾ ਲਾਭ ਅਤੇ ਦੂਸਰੇ ਪਾਸੇ ਤਿੰਨ ਲੋਕ ਦਾ ਲਾਭ ਹੋਵੇ ਤਾਂ ਤਿੰਨ ਲੋਕ ਦੇ ਲਾਭ ਨਾਲੋਂ ਚੰਗਾ ਸੱਮਿਅਕ ਦਰਸ਼ਨ ਦਾ ਲਾਭ ਸਰੇਸ਼ਠ ਹੈ।

(226)ਜ਼ਿਆਦਾ ਕਿ ਆਖੀਏ ? ਪਹਿਲੇ ਸਮੇਂ ਵਿਚ ਜਿੰਨੇ ਵੀ ਸਿੱਧ ਹੋਏ ਹਨ ਅਤੇ ਜੋ ਅੱਗੇ ਨੂੰ ਹੋਣਗੇ, ਉਸ ਵਿਚ ਵੀ ਸੱਮਿਅਕਤਵ ਦਾ ਮਹੱਤਵ ਹੈ।

(227)ਜਿਵੇਂ ਕਮਲ ਦਾ ਪੱਤਾ ਸੁਭਾਅ ਤੋਂ ਹੀ ਪਾਣੀ ਚਿੱਕੜ ਨਾਲ ਨਹੀਂ ਲਿੱਬੜਦਾ, ਉਸੇ ਪ੍ਰਕਾਰ ਸੱਜਣ ਲੋਕ ਸੱਮਿਅਕਤਵ ਦੇ ਅਸਰ ਕਾਰਨ ਕਸ਼ਾਏਆਂ ਤੇ ਵਿਸ਼ਿਆਂ ਨਾਲ ਨਹੀਂ ਲਿੱਬੜਦੇ।

(228)ਸੱਮਿਅਕ ਦ੍ਰਿਸ਼ਟੀ ਮਨੁੱਖ ਆਪਦੀ ਇੰਦਰੀਆਂ ਰਾਹੀਂ ਚੇਤਨ ਤੇ ਅਚੇਤਨ ਦਰੱਵਾਂ ਦੀ ਜੋ ਵਰਤੋਂ ਕਰਦਾ ਹੈ, ਉਹ ਸਭ ਕਰਮਾਂ ਦੀ ਨਿਰਜਰਾ ਕਰਨ ਵਿਚ ਸਹਾਇਕ ਹੁੰਦੇ ਹਨ।

(229)ਕਈ ਤਾਂ ਵਿਸ਼ਿਆਂ ਦਾ ਸੇਵਨ ਕਰਦੇ ਹੋਏ ਵੀ ਵਿਸ਼ਿਆਂ ਦਾ ਸੇਵਨ ਨਹੀਂ ਕਰਦੇ ਅਤੇ ਕਈ ਸੇਵਨ ਨਾ ਕਰਦੇ ਹੋਏ ਵੀ ਵਿਸ਼ਿਆਂ ਦਾ ਸੇਵਨ ਕਰਦੇ ਹਨ। ਜਿਵੇਂ ਮਹਿਮਾਨ ਰੂਪ ਵਿਚ ਆਇਆ ਕੋਈ ਮਨੁੱਖ, ਵਿਆਹ ਆਦਿ ਦੇ ਕੰਮਾਂ ਵਿਚ ਲੱਗਾ ਰਹਿਣ ਤੇ ਵੀ ਉਸ ਕੰਮ ਦਾ ਮਾਲਿਕ ਨਾ ਹੋਣ ਕਾਰਨ ਕਰਤਾ ਨਹੀਂ ਅਖਵਾ ਸਕਦਾ।

(230)(ਇਸੇ ਤਰ੍ਹਾਂ) ਕਾਮਭੋਗ ਨਾ ਤਾਂ ਸਮਭਾਵ ਪੈਦਾ ਕਰਦੇ ਹਨ ਅਤੇ ਨਾ ਹੀ ਬੁਰਾਈ। ਜੋ ਉਨ੍ਹਾਂ ਪ੍ਰਤੀ ਦਵੇਸ਼ ਅਤੇ ਮਮਤਾ

ਰੱਖਦਾ ਹੈ ਉਹ ਉਸ ਵਿਚ ਵਿਗਾੜ ਪੈਦਾ ਕਰ ਦਿੰਦੇ ਹਨ।

(ਅ) ਸੱਮਿਅਕ ਦਰਸ਼ਨ ਅੰਗ

(231)ਸੱਮਿਅਕ ਦਰਸ਼ਨ ਦੇ ਇਹ ਅੱਠ ਅੰਗ ਹਨ। (1) ਨਿਸੰਕਾ (2) ਨਿਸ਼ਕਾਂਕਸ਼ਾ (3) ਨਿਰਵਿਚਕਿਤਸਾ (4) ਅਮੂੜ ਦਿਰਸ਼ਟੀ (5) ਉਪਵਰਹਨ (6) ਸਥਿਰੀਕਰਨ (7) ਵਾਤਸਲਯ (8) ਪ੍ਰਭਾਵਨਾ

(232)ਸੱਮਿਅਕ ਦ੍ਰਿਸ਼ਟੀ ਜੀਵ ਨਿਸ਼ੰਕ ਹੁੰਦੇ ਹਨ ਇਸੇ ਕਾਰਨ ਉਹ ਭੈ ਰਹਿਤ ਹੁੰਦੇ ਹਨ। ਉਹ ਸੱਤ ਪ੍ਰਕਾਰ ਦੇ ਭੈ (ਡਰ) (1) ਇਸ ਲੋਕ ਦਾ ਭੈ (2) ਪਰਲੋਕ ਦਾ ਭੈ (3) ਅਰੱਖਿਆ ਭੈ (4) ਅਗੁਪਤੀ ਭੈ (5) ਮੌਤ ਦਾ ਭੈ (6) ਵੇਦਨਾ ਭੈ (7) ਅਚਾਨਕ ਭੈ) ਤੋਂ ਰਹਿਤ ਹੁੰਦੇ ਹਨ। ਇਸ ਲਈ ਉਹ ਸ਼ੱਕ ਰਹਿਤ ਹੁੰਦੇ ਹਨ।

(233)ਜੋ ਸਾਰੇ ਕਰਮ ਫਲ ਅਤੇ ਸਭ ਵਸਤੂ ਦੇ ਧਰਮ ਵਿਚ ਕਿਸੇ ਪ੍ਰਕਾਰ ਦੀ ਆਸ ਨਹੀਂ ਰੱਖਦਾ ਉਸ ਨੂੰ ਨਿਰਅਕੰਸਾਂਸ ਸੱਮਿਅਕਦ੍ਰਿਸ਼ਟੀ ਵਾਲਾ ਸਮਝਣਾ ਚਾਹੀਦਾ ਹੈ।

(234)ਜੋ ਸਤਿਕਾਰ, ਪੂਜਾ ਅਤੇ ਬੰਦਨਾ (ਨਮਸਕਾਰ) ਤੱਕ ਦੀ ਵੀ ਇੱਛਾ ਨਹੀਂ ਕਰਦਾ, ਉਹ ਕਿਸੇ ਤੋਂ ਪ੍ਰਸੰਸਾ ਦੀ ਇੱਛਾ ਕਿਉਂ ਕਰੇਗਾ ? ਜੋ ਸੰਯਤ (ਵਰਤਾਂ) ਵਿਚ ਦ੍ਰਿੜ ਹੈ, ਸੁਵਰਤੀ ਹੈ, ਤਪਸਵੀ ਹੈ, ਆਤਮਾ ਦੀ ਪੜਤਾਲ ਕਰਨ ਵਾਲਾ ਹੈ, ਉਹ ਹੀ ਭਿਕਸ਼ੂ ਹੈ।

(235)ਹੇ ਯੋਗੀ ! ਜੇ ਤੁਸੀਂ ਪਰਲੋਕ ਚਾਹੁੰਦੇ ਹੋ ਤਾਂ ਮਸ਼ਹੂਰੀ, ਲਾਭ, ਪੂਜਾ ਤੇ ਸਤਿਕਾਰ ਦੀ ਇੱਛਾ ਕਿਉਂ ਕਰਦੇ ਹੋ ? ਕੀ ਇਨ੍ਹਾਂ ਨਾਲ ਤੁਹਾਨੂੰ ਪਰਲੋਕ ਦਾ ਸੁੱਖ ਮਿਲ ਸਕਦਾ ਹੈ ?

(236)ਜੋ ਸਭ ਧਰਮਾਂ (ਵਸਤੂ ਦੇ ਸੁਭਾਵਾਂ) ਦੇ ਪ੍ਰਤਿ ਨਫ਼ਰਤ ਨਹੀਂ ਕਰਦਾ, ਉਸੇ ਨੂੰ ਹੀ ਨਿਰਵਿਚਕਿਤਸਾ ਗੁਣ ਦਾ ਧਾਰਕ ਸੱਮਿਅਕ ਦ੍ਰਿਸ਼ਟੀ ਸਮਝਣਾ ਚਾਹੀਦਾ ਹੈ।

(237)ਜੋ ਸਾਰੇ ਭਾਵਾਂ ਦੇ ਪ੍ਰਤਿ ਜਾਗਰਿਤ ਹੈ, ਸੂਝਾਂ ਤੋਂ ਰਹਿਤ ਹੈ, ਦ੍ਰਿਸ਼ਟੀ (ਗਿਆਨ) ਨਾਲ ਭਰਪੂਰ ਹੈ, ਜੋ ਜਾਗਰਿਤ ਹੈ, ਉਹ ਹੀ ਸੱਮਿਅਕ ਦ੍ਰਿਸ਼ਟੀ ਹੈ।

(238)ਸੱਮਿਅਕ ਗਿਆਨ, ਸੱਮਿਅਕ ਦਰਸ਼ਨ, ਸੱਮਿਅਕ ਚਾਰਿੱਤਰ, ਸੱਮਿਅਕ ਤੱਪ, ਸ਼ਾਂਤੀ (ਖਿਮਾਂ) ਅਤੇ ਮੁਕਤੀ (ਲੋਭ ਤੋਂ ਰਹਿਤ) ਰਾਹੀਂ ਅੱਗੇ ਵਧਣਾ ਚਾਹੀਦਾ ਹੈ। ਜ਼ਿੰਦਗੀ ਨੂੰ ਵਰਧਮਾਨ (ਵਿਕਾਸਸ਼ੀਲ) ਬਨਾਉਣਾ ਚਾਹੀਦਾ ਹੈ।

(239) (ਵਿਵੇਕੀ ਪੁਰਸ਼) ਕਿਸੇ ਦੇ ਪ੍ਰਸ਼ਨ ਦਾ ਉੱਤਰ ਸਮੇਂ ਨਾਂ ਤਾ ਸ਼ਾਸਤਰ ਦਾ ਅਰਥ ਛਿਪਾਵੇ ਅਤੇ ਨਾ ਹੀ ਗਲਤ ਸਿਧਾਂਤ ਰਾਹੀਂ ਸ਼ਾਸਤਰ ਦੀ ਉਲੰਘਣਾ ਕਰੇ। ਨਾ ਮਾਨ ਕਰੇ, ਅਤੇ ਨਾ ਆਪਦੀ ਸ਼ੇਖੀ ਮਾਰੇ, ਨਾ ਕਿਸੇ ਵਿਦਵਾਨ ਦਾ ਹਾਸਾ ਮਜ਼ਾਕ ਉਡਾਵੇ ਅਤੇ ਨਾ ਹੀ ਕਿਸੇ ਨੂੰ ਆਸ਼ੀਰਵਾਦ ਦੇਵੇ।

(240)ਜਿੱਥੇ ਕਦੇ ਮਨ, ਵਚਨ, ਕਾਇਆ ਨੂੰ ਭੈੜੀ ਵਿਰਤੀ ਵਿਚ ਲੱਗਿਆ ਵੇਖੇ ਤਾਂ ਗਿਆਨੀ ਪੁਰਸ਼ ਆਪਣੇ ਆਪ ਨੂੰ ਸੰਭਾਲ ਲਵੇ। ਜਿਸ ਤਰ੍ਹਾਂ ਚੰਗਾ ਘੋੜਾ ਲਗਾਮ ਖਿੱਚਣ ਤੇ ਆਪਣੇ ਆਪ ਹੀ ਸੰਭਲ ਜਾਂਦਾ ਹੈ।

(241)"ਤੁਸੀਂ ਮਹਾਸਾਗਰ ਨੂੰ ਤਾਂ ਪਾਰ ਕਰ ਲਿਆ ਹੈ ਹੁਣ ਕਿਨਾਰੇ ਤੇ ਆ ਕੇ ਕਿਉਂ ਰੁਕ ਗਏ ਹੋ ? ਹੁਣ ਪਾਰ ਉਤਰਨ ਦੇ ਮਾਮਲੇ ਵਿਚ ਹੇ ਗੌਤਮ - ਤੂੰ ਕੁਝ ਸਮੇਂ ਲਈ ਵੀ ਪ੍ਰਮਾਦ

(ਗਫਲਤ ) ਨਾ ਕਰ।'' (ਇਹ ਸਥਿਰੀਕਰਨ ਸੱਮਿਅਕ ਦ੍ਰਿਸ਼ਟੀ ਹੈ।)

(242)ਜੋ ਧਾਰਮਿਕ ਲੋਕਾਂ ਦੀ ਭਗਤੀ ਕਰਦਾ ਹੈ ਉਨ੍ਹਾਂ ਦੇ ਰਾਹ ਤੇ ਸ਼ਰਧਾ ਨਾਲ ਚੱਲਦਾ ਹੈ ਅਤੇ ਪਿਆਰੇ ਵਾਕ ਬੋਲਦਾ ਹੈ, ਉਸ ਪਵਿੱਤਰ ਜੀਵ ਦੇ ਹੀ ਸੱਮਿਅਕਤ ਦ੍ਰਿਸ਼ਟੀ ਦਾ ਵਾਤਸ਼ਲਯ ਹੁੰਦਾ ਹੈ।

(243)ਧਰਮ ਕਥਾ ਦੇ ਕਥਨ ਰਾਹੀਂ ਨਿਰਦੋਸ਼ ਯੋਗ (ਧਿਆਨ) ਰਾਹੀਂ, ਜੀਵਾਂ ਉੱਤੇ ਰਹਿਮ ਤੇ ਉਨ੍ਹਾਂ ਦੀ ਰੱਖਿਆ ਰਾਹੀਂ ਧਰਮ ਦੀ ਪ੍ਰਭਾਵਨਾ (ਪ੍ਰਚਾਰ) ਕਰਨਾ ਚਾਹੀਦਾ ਹੈ।

(244)ਪ੍ਰਵਚਨ ਕੁਸ਼ਲ, ਧਰਮ ਕਥਾ ਕਰਨ ਵਾਲੇ, ਵਾਦ-ਵਿਵਾਦ ਕਰਨ ਵਾਲੇ, ਜੋਤਿਸ਼ ਸ਼ਾਸਤਰ ਦੇ ਜਾਣਕਾਰ, ਵਿੱਦਿਆ ਸਿੱਧ ਕਰਨ ਵਾਲੇ, ਰਿੱਧੀਆਂ-ਸਿੱਧੀਆਂ ਦੇ ਮਾਲਕ ਅਤੇ ਕਵੀ ਇਹ ਅੱਠ ਪੁਰਸ਼ ਧਰਮ ਦੀ ਪ੍ਰਭਾਵਨਾ (ਪ੍ਰਚਾਰ) ਕਰਨ ਵਾਲੇ ਆਖੇ ਗਏ ਹਨ।

# 19. ਸੱਮਿਅਕ ਗਿਆਨ ਸੂਤਰ

(245)(ਮੁਨੱਖ) ਸੁਣ ਕੇ ਹੀ ਕਲਿਆਣ ਜਾਂ ਆਤਮ ਹਿੱਤ ਦਾ ਰਾਹ ਜਾਣ ਸਕਦਾ ਹੈ। ਸੁਣ ਕੇ ਹੀ ਪਾਪ ਜਾਂ ਬੁਰੇ ਰਾਹ ਨੂੰ ਜਾਨ ਸਕਦਾ ਹੈ। ਇਸ ਲਈ ਸੁਣ ਕੇ ਹੀ ਭਲਾ ਤੇ ਬੁਰਾ ਦੋਹੇ ਤਰ੍ਹਾਂ ਦੇ ਰਾਹ ਨੂੰ ਜਾਣ ਕੇ, ਜੋ ਸਹੀ ਹੋਵੇ ਉਸ ਤੇ ਚੱਲਣਾ ਚਾਹੀਦਾ ਹੈ।

(246)ਗਿਆਨ ਦੇ ਰਾਹੀਂ ਹੀ ਸੱਮਿਅਕ ਦਰਸ਼ਨ ਦੇ ਮੂਲ ਤਪ, ਨਿਯਮ, ਸੰਜਮ ਵਿਚ ਸਥਿਤ ਹੋ ਕੇ ਕਰਮ ਰੂਪੀ ਮੈਲ ਤੋਂ ਸ਼ੁੱਧ ਹੋ ਕੇ, ਸਾਰੀ ਉਮਰ ਲਈ ਪੱਕੇ ਇਰਾਦੇ ਵਾਲਾ ਬਣ ਕੇ ਘੁੰਮੇ।

(247)ਜਿਵੇਂ ਜਿਵੇਂ ਮੁਨੀ ਆਤਮਾ ਦੀ ਸ਼ੁੱਧੀ ਰਾਹੀਂ, ਗਿਆਨ ਦੀ ਪ੍ਰਾਪਤੀ ਕਰਦਾ ਹੈ, ਉਸੇ ਤਰ੍ਹਾਂ ਹੀ ਨਿੱਤ ਨਵੇਂ ਵੈਰਾਗ ਭਰਪੂਰ ਸ਼ਰਧਾ ਨਾਲ ਆਤਮਾ ਨੂੰ ਪਵਿੱਤਰ ਕਰਦਾ ਹੈ।

(248)ਜਿਵੇਂ ਧਾਗੇ ਵਿਚ ਪਿਰੋਈ ਸੂਈ ਕੂੜੇ ਵਿਚ ਗੁੰਮ ਹੋਣ ਤੇ ਵੀ ਮਿਲ ਜਾਂਦੀ ਹੈ, ਉਸ ਪ੍ਰਕਾਰ ਸ਼ਾਸਤਰਾਂ ਦੇ ਗਿਆਨ ਵਿਚ ਆਤਮਾ ਨੂੰ ਪਿਰਾਉਣ ਵਾਲਾ, ਸੰਸਾਰ ਵਿਚ ਨਹੀਂ ਭਟਕਦਾ।

(249)ਸੱਮਿਅਕਤਵ ਰੂਪੀ ਰਤਨ ਤੋਂ ਰਹਿਤ, ਅਨੇਕਾਂ ਪ੍ਰਕਾਰ ਦੇ ਗ੍ਰੰਥਾਂ ਦਾ ਜਾਣਕਾਰ ਆਦਮੀ ਵੀ ਨਰਕ ਆਦਿ ਵਿਚ ਭਟਕਦਾ ਰਹਿੰਦਾ ਹੈ।

(250-251) ਜਿਸ ਮਨੁੱਖ ਵਿਚ ਪ੍ਰਮਾਣੂ ਜਿੰਨਾ ਵੀ ਰਾਗ ਆਦਿ ਭਾਵ ਮੌਜੂਦ ਹੈ, ਉਹ ਸਾਰੇ ਆਗਮਾਂ ਦਾ ਜਾਣਕਾਰ ਹੁੰਦਾ ਹੋਇਆ ਵੀ ਆਤਮਾ ਨੂੰ ਨਹੀਂ ਜਾਣਦਾ। ਆਤਮਾ ਨੂੰ ਜਾਣਨ ਕਾਰਨ

ਅਨਾਤਮਾ (ਆਤਮਾ ਤੋਂ ਇਲਾਵਾ) ਨੂੰ ਵੀ ਨਹੀਂ ਜਾਣ ਸਕਦਾ। ਇਸ ਤਰ੍ਹਾਂ ਜਦ ਉਹ ਜੀਵ-ਅਜੀਵ ਤੱਤਾਂ ਨੂੰ ਨਹੀਂ ਜਾਣਦਾ ਤਾਂ ਉਹ ਸੱਮਿਅਕ ਦ੍ਰਿਸ਼ਟੀ ਕਿਵੇਂ ਹੋ ਸਕਦਾ ਹੈ ?

(252)ਜਿਸ ਰਾਹੀਂ ਤੱਤਵ ਦਾ ਗਿਆਨ ਹੁੰਦਾ ਹੈ, ਚਿੱਤ ਤੇ ਕਾਬੂ ਹੁੰਦਾ ਹੈ, ਆਤਮਾ ਸ਼ੁੱਧ ਹੁੰਦੀ ਹੈ, ਉਸ ਨੂੰ ਹੀ ਜੈਨ ਧਰਮ ਵਿਚ ਗਿਆਨ ਆਖਿਆ ਗਿਆ ਹੈ।

(253)ਜਿਸ ਰਾਹੀਂ ਜੀਵ ਰਾਗ ਤੋਂ ਪਰੇ ਹੁੰਦਾ ਹੈ, ਰਾਗ ਰਹਿਤ ਪ੍ਰਾਪਤ ਹੋਣ ਵਾਲੇ ਫਲ ਪ੍ਰਤਿ ਜਾਗਦਾ ਹੈ, ਜਿਸ ਰਾਹੀਂ ਦੋਸਤੀ ਦੀ ਭਾਵਨਾ ਵਧਦੀ ਹੈ, ਉਸੇ ਨੂੰ ਜੈਨ ਧਰਮ ਵਿਚ ਗਿਆਨ ਆਖਿਆ ਗਿਆ ਹੈ।

(254)ਜੋ ਆਤਮਾ ਨੂੰ ਅਬੱਧ ਸਪ੍ਰਿਸ਼ਟ (ਸਰੀਰ ਦੀ ਕਰਮ ਰਹਿਤ ਅਵਸਥਾ) ਅਨਨੱਯ (ਪਹਿਲੀ ਸਥਿਤੀ ਤੋਂ ਭਿੰਨ ਨਵੀਂ ਸਥਿਤੀ), ਅਵਿਸ਼ੇਸ਼ (ਵਿਸ਼ੇਸ਼ ਤੋਂ ਰਹਿਤ) ਅਤੇ ਸ਼ੁਰੂ ਦਰਮਿਆਨ ਤੇ ਅਖ਼ੀਰ ਤੋਂ ਰਹਿਤ ਵੇਖਦਾ ਹੈ, ਉਹ ਸਮੁੱਚੇ ਜੈਨ ਧਰਮ ਨੂੰ ਵੇਖਦਾ ਹੈ।

(255)ਜੋ ਆਤਮਾ ਨੂੰ ਇਸ ਅਪਵਿੱਤਰ ਸਰੀਰ ਤੋਂ ਭਿੰਨ ਅਤੇ ਗਿਆਨੀ ਅਵਸਥਾ ਦੇ ਰੂਪ ਵਿਚ ਜਾਣਦਾ ਹੈ ਉਹ ਹੀ ਸਾਰੇ ਸ਼ਾਸਤਰਾਂ ਨੂੰ ਜਾਣਦਾ ਹੈ।

(256)ਜੋ ਜੀਵ ਆਤਮਾ ਨੂੰ ਸ਼ੁੱਧ ਜਾਣਦਾ ਹੈ, ਉਹ ਹੀ ਸ਼ੁੱਧ ਆਤਮਾ ਨੂੰ ਪ੍ਰਾਪਤ ਕਰਦਾ ਹੈ ਅਤੇ ਜੋ ਆਤਮਾ ਨੂੰ ਅਸ਼ੁੱਧ (ਸਰੀਰ ਸਹਿਤ) ਜਾਣਦਾ ਹੈ, ਉਹ ਅਸ਼ੁੱਧ ਆਤਮਾ ਨੂੰ ਪ੍ਰਾਪਤ ਕਰਦਾ ਹੈ।

(257)ਜੋ ਅਧਿਆਤਮ ਨੂੰ ਜਾਣਦਾ ਹੈ ਉਹ ਭੌਤਿਕ ਨੂੰ ਵੀ

ਜਾਣਦਾ ਹੈ, ਜੋ ਭੌਤਿਕ ਨੂੰ ਜਾਣਦਾ ਹੈ, ਉਹ ਅਧਿਆਤਮ ਨੂੰ ਵੀ ਜਾਣਦਾ ਹੈ।

(258)ਜੋ ਇਕ ਆਤਮਾ ਨੂੰ ਜਾਣਦਾ ਹੈ, ਉਹ ਸਭ ਜਗਤ ਨੂੰ ਜਾਣਦਾ ਹੈ, ਜੋ ਸਭ ਨੂੰ ਜਾਣਦਾ ਹੈ, ਉਹ ਇਕ ਨੂੰ ਵੀ ਜਾਣਦਾ ਹੈ।

(259)ਤੂੰ ਇਸ ਗਿਆਨ ਵਿਚ ਹਮੇਸ਼ਾ ਲੀਨ ਰਹਿ। ਇਸੇ ਵਿਚ ਸੰਤੁਸ਼ਟ ਰਹਿ। ਇਸ ਨਾਲ ਹੀ ਭੁੱਖ ਨੂੰ ਖ਼ਤਮ ਕਰ। ਇਸੇ ਰਾਹੀਂ ਤੈਨੂੰ ਉੱਤਮ ਸੁੱਖ ਮਿਲੇਗਾ।

(260)ਜੋ ਅਰਿਹੰਤ ਭਗਵਾਨ ਨੂੰ ਦਰੱਵ, ਗੁਣ, ਪਰਿਆਏ, ਦੇ ਪੱਖੋਂ (ਪੂਰੀ ਤਰ੍ਹਾਂ) ਜਾਣਦਾ ਹੈ, ਉਹ ਆਤਮਾ ਨੂੰ ਵੀ ਜਾਣਦਾ ਹੈ, ਉਸ ਦਾ ਮੋਹ ਨਿਸ਼ਚੈ ਹੀ ਖ਼ਤਮ ਹੋ ਜਾਂਦਾ ਹੈ।

(261)ਜਿਵੇਂ ਕੋਈ ਮਨੁੱਖ ਧਨ ਪ੍ਰਾਪਤ ਹੋ ਜਾਣ ਤੇ ਉਸ ਦੀ ਵਰਤੋਂ ਆਪਣੇ ਲੋਕਾਂ ਵਿਚ ਹੀ ਕਰਦਾ ਹੈ, ਉਸੇ ਪ੍ਰਕਾਰ ਗਿਆਨ ਰੂਪੀ ਧਨ ਪ੍ਰਾਪਤ ਹੋ ਜਾਣ ਤੇ ਗਿਆਨੀ ਲੋਕ ਉਸ ਨੂੰ ਹੋਰ ਦਰੱਵਾਂ ਤੋਂ ਪਰੇ ਰਹਿ ਕੇ ਆਪਣੇ ਵਿਚ ਹੀ ਵਰਤੋਂ ਕਰਦੇ ਹਨ।

(ੳ) ਵਿਵਹਾਰ ਚਾਰਿੱਤਰ :

(262)ਵਿਵਹਾਰ ਨਯ ਦੇ ਚਾਰਿੱਤਰ ਵਿਚ ਵਿਵਹਾਰ ਪੱਖੋਂ ਤਪੱਸਿਆ ਕੀਤੀ ਜਾਂਦੀ ਹੈ। ਨਿਸ਼ਚੈ ਨਯ ਦੇ ਚਾਰਿੱਤਰ ਪੱਖੋਂ ਨਿਸ਼ਚੈ ਰੂਪ ਵਿਚ ਤਪੱਸਿਆ ਕੀਤੀ ਜਾਂਦੀ ਹੈ।

(263)ਅਸ਼ੁਭ ਤੋਂ ਛੁਟਕਾਰਾ ਅਤੇ ਸ਼ੁਭ ਵਿਚ ਲੱਗਣਾ ਹੀ ਵਿਵਹਾਰ ਚਾਰਿੱਤਰ ਹੈ। ਜੋ ਪੰਜ ਵਰਤ, ਪੰਜ ਸਮਿਤਿ ਤੇ ਤਿੰਨ ਗੁਪਤੀਆਂ ਦੇ ਰੂਪ ਵਿਚ ਜਿਨਦੇਵ ਨੇ ਫੁਰਮਾਏ ਹਨ।

(264)ਸ਼ਰੁਤ ਗਿਆਨ ਵਿਚ ਮਗਨ ਜੀਵ ਜੇ ਤੱਪ ਸੰਜਮ ਰੂਪ ਦੇ ਸੁਮੇਲ ਨੂੰ ਧਾਰਨ ਕਰਨ ਵਿਚ ਅਸਮਰਥ ਹੈ, ਤਾਂ ਉਹ ਮੋਕਸ਼ ਵਿਚ ਨਹੀਂ ਜਾ ਸਕਦਾ।

(265)ਸ਼ਾਸਤਰ ਰਾਹੀਂ ਮੋਕਸ਼ ਮਾਰਗ ਨੂੰ ਜਾਣ ਕੇ ਵੀ, ਸੱਚੀ ਕ੍ਰਿਆ ਤੋਂ ਰਹਿਤ ਗਿਆਨ, ਚੰਗੇ ਲਕਸ਼ ਨੂੰ ਪ੍ਰਾਪਤ ਨਹੀਂ ਕਰਾ ਸਕਦੇ। ਜਿਵੇਂ ਰਾਹ ਦਾ ਜਾਣਕਾਰ ਪੁਰਸ਼ ਕੋਸ਼ਿਸ਼ ਤੋਂ ਬਿਨਾਂ ਮਨ ਭਾਉਂਦੇ ਦੇਸ ਵਿਚ ਨਹੀਂ ਜਾ ਸਕਦਾ ਜਾਂ ਹਵਾ ਦੇ ਠੀਕ ਉਲਟ ਹੋਣ ਕਾਰਨ ਜਹਾਜ਼ ਆਪਣੀ ਮੰਜ਼ਿਲ ਤੇ ਨਹੀਂ ਪਹੁੰਚ ਸਕਦਾ।

(266)ਚਾਰਿੱਤਰ ਤੋਂ ਰਹਿਤ ਪੁਰਸ਼ ਦਾ ਵਿਸ਼ਾਲ ਸ਼ਾਸਤਰਾਂ ਦਾ ਗਿਆਨ ਬੇਅਰਥ ਹੈ ਜਿਵੇਂ ਅੰਨ੍ਹੇ ਮਨੁੱਖ ਲਈ ਲੱਖਾਂ, ਕਰੋੜਾਂ ਦੀਵਿਆਂ ਦਾ ਪ੍ਰਕਾਸ਼ ਬੇਅਰਥ ਹੈ।

(267)ਚਾਰਿੱਤਰ ਦਾ ਧਨੀ ਚਾਹੇ ਘੱਟ ਗਿਆਨ ਦਾ ਹੀ ਮਾਲਿਕ ਹੋਵੇ, ਵੀ ਬਹੁਤ ਹੈ। ਚਾਰਿੱਤਰ ਰਹਿਤ ਦਾ ਖਾਲੀ ਸ਼ਾਸਤਰਾਂ ਦੇ ਗਿਆਨ ਬੇਅਰਥ ਹੈ।

(ਅ) ਨਿਸ਼ਚੈ ਚਾਰਿੱਤਰ :

(268)ਨਿਸ਼ਚੈ ਨਯ ਪੱਖੋਂ ਆਤਮਾ ਦਾ ਆਤਮਾ ਵਿਚ ਰਮ ਜਾਣਾ ਹੀ ਸੱਮਿਅਕ ਚਾਰਿੱਤਰ ਹੈ ਅਜਿਹੇ ਚਾਰਿੱਤਰਸ਼ੀਲ ਯੋਗੀ ਨੂੰ ਹੀ ਨਿਰਵਾਨ ਪ੍ਰਾਪਤ ਹੁੰਦਾ ਹੈ।

(269)ਜਿਸ ਨੂੰ ਜਾਣ ਕੇ ਯੋਗੀ ਪਾਪ ਤੇ ਪੁੰਨ ਦੋਹਾਂ ਦਾ ਖ਼ਾਤਮਾ ਕਰਦੇ ਹਨ, ਉਸ ਨੂੰ ਹੀ ਕਰਮ ਰਹਿਤ ਨਿਰਵਿਕਲਪ ਚਾਰਿੱਤਰ ਆਖਿਆ ਗਿਆ ਹੈ।

(270)ਜੋ ਰਾਗ ਦੇ ਵਸ ਪੈ ਕੇ, ਪਰ ਦਰਵਾਂ ਵਿਚ ਸ਼ੁਭ ਤੇ

ਅਸ਼ੁਭ ਭਾਵ ਰੱਖਦਾ ਹੈ, ਉਹ ਜੀਵ ਆਪਣੇ ਚਾਰਿੱਤਰ ਤੋਂ ਭਰਿਸ਼ਟ ਹੋ ਜਾਂਦਾ ਹੈ। ਉਹ ਪਰ-ਚਾਰਿੱਤਰਾਚਾਰਿ ਹੁੰਦਾ ਹੈ।

(271)ਜੋ ਪਰਿਗ੍ਰਹਿ ਮੁਕਤ ਹੋ ਕੇ ਅਤੇ ਸੁੱਖ ਅਵਸਥਾ ਵਿਚ ਰਹਿ ਕੇ ਆਤਮਾ ਦੇ ਗਿਆਨ ਦਰਸ਼ਨ ਵਾਲੇ ਸੁਭਾਵ ਨੂੰ ਜਾਣਦਾ ਹੈ, ਉਹ ਸਵਕੀਯ ਚਾਰਿੱਤਰਾਚਾਰਿ ਹੈ।

(272)ਜੋ ਪਰਮਾਰਥ ਵਿਚ ਪੱਕਾ ਨਹੀਂ ਉਸ ਦੀ ਤਪੱਸਿਆ ਅਤੇ ਵਰਤਾਂ ਦੇ ਪਾਲਣ ਕਰਨ ਨੂੰ ਸਰਵੱਗਾਂ (ਸਭ ਕੁਝ ਜਾਨਣ ਵਾਲੇ ਅਰਿਹੰਤ) ਨੇ ਬਚਪਨਾਂ ਅਤੇ ਬਾਲ ਵਰਤ ਆਖਿਆ ਹੈ।

(273)ਜੋ ਬਾਲ (ਪਰਮਾਰਥ ਰਹਿਤ ਅਗਿਆਨੀ) ਮਹੀਨੇ ਮਹੀਨੇ ਦੀ ਤਪੱਸਿਆ ਕਰਦਾ ਹੈ ਅਤੇ ਪਾਰਨੇ (ਵਰਤ ਖੋਲ੍ਹਣਾ) ਵਾਲੇ ਦਿਨ ਉਨਾ ਭੋਜਨ ਲੈਂਦਾ ਹੈ ਜਿੰਨਾ ਕਿ ਘਾਹ ਦੇ ਉਪਰਲੇ ਹਿੱਸੇ ਉੱਤੇ ਠਹਿਰਦਾ ਹੈ, ਅਜਿਹਾ ਤਪੱਸਵੀ ਸੱਚੇ ਧਰਮ ਦੀ ਸੋਲ੍ਹਵੀਂ ਕਲਾ ਵੀ ਪ੍ਰਾਪਤ ਨਹੀਂ ਕਰ ਸਕਦਾ (ਭਾਵ ਗਿਆਨ ਰਹਿਤ ਤਪ ਤੇ ਵਰਤ ਵਿਕਾਰ ਹਨ)।

(274)ਅਸਲ ਵਿਚ ਚਾਰਿੱਤਰ ਵਿਚ ਹੀ ਧਰਮ ਹੈ। ਇਸ ਧਰਮ ਨੂੰ ਸਮਰੂਪ ਕਿਹਾ ਗਿਆ ਹੈ। ਮੋਹ ਤੇ ਦੁੱਖ ਤੋਂ ਰਹਿਤ ਆਤਮਾ ਦੀ ਨਿਰਮਲ ਅਵਸਥਾ ਹੀ ਸ਼ਮ ਜਾ ਸਮਤਾ ਹੈ।

(275)ਸਮਤਾ, ਮਾਧਿਅਸਥ ਭਾਵ, ਸ਼ੁੱਧ ਭਾਵ, ਵੀਤਰਾਗਤਾ ਚਾਰਿੱਤਰ, ਧਰਮ ਅਤੇ ਸਵ-ਭਾਵ ਅਰਾਧਨਾ ਇਨ੍ਹਾਂ ਸ਼ਬਦਾਂ ਦਾ ਇਕ ਹੀ ਅਰਥ ਹੈ।

(276)ਜਿਸ ਨੇ (ਸਵ ਦਰੱਵ ਤੇ ਪਰ ਦਰੱਵ ਦੇ ਭੇਦ ਗਿਆਨ ਤੇ ਸ਼ਰਧਾ ਅਤੇ ਅਮਲ ਰਾਹੀਂ) ਪਦਾਰਥਾਂ ਤੇ ਸੂਤਰਾਂ (ਸ਼ਾਸਤਰਾਂ) ਨੂੰ

ਚੰਗੀ ਤਰ੍ਹਾਂ ਸਮਝ ਲਿਆ ਹੈ, ਜੋ ਸੰਜਮ ਤੇ ਤੱਪ ਨਾਲ ਭਰਪੂਰ ਹੈ। ਜਿਸ ਦਾ ਰਾਗ ਖ਼ਤਮ ਹੋ ਗਿਆ ਹੈ। ਸੁੱਖ-ਦੁੱਖ ਵਿਚ ਇਕ ਤਰ੍ਹਾਂ ਹੀ ਰਹਿੰਦਾ ਹੈ। ਉਸੇ ਸ੍ਰਮਣ ਨੂੰ ਸ਼ੁੱਧ ਉਪਯੋਗ ਕਿਹਾ ਜਾਂਦਾ ਹੈ।

(277)ਸ਼ੁੱਧ ਉਪਯੋਗ ਵਾਲੇ ਦਾ ਹੀ ਸ਼੍ਰਮਣਯ (ਸਾਧੂਪੁਣਾ) ਕਿਹਾ ਗਿਆ ਹੈ। ਉਸੇ ਨੂੰ ਹੀ ਦਰਸ਼ਨ ਤੇ ਗਿਆਨ ਕਿਹਾ ਗਿਆ ਹੈ। ਉਸ ਨੂੰ ਨਿਰਵਾਨ ਹੁੰਦਾ ਹੈ। ਉਹ ਹੀ ਸਿੱਧ ਅਵਸਥਾ ਪ੍ਰਾਪਤ ਕਰਦਾ ਹੈ। ਉਸ ਨੂੰ ਮੈਂ ਨਸਮਕਾਰ ਕਰਦਾ ਹਾਂ।

(278)ਸ਼ੁੱਧ ਉਪਯੋਗ ਰਾਹੀਂ ਸਿੱਧ ਹੋਣ ਵਾਲੀਆਂ ਆਤਮਾਵਾਂ ਨੂੰ ਅਤਿਸ਼ੈ, ਆਤਮਾ ਉਤਪੰਨ, ਵਿਸ਼ਿਆਂ ਤੋਂ ਰਹਿਤ, ਅਨੁਪਮ, ਅਨੰਤ ਅਤੇ ਨਾ ਖ਼ਤਮ ਕਰਨ ਵਾਲਾ ਸੁੱਖ ਪ੍ਰਾਪਤ ਹੁੰਦਾ ਹੈ।

(279)ਜਿਸ ਦਾ ਸਾਰੇ ਦ੍ਰਵਾਂ ਪ੍ਰਤੀ ਰਾਗ, ਦਵੇਸ਼ ਤੇ ਮੋਹ ਨਹੀਂ ਹੈ, ਜੋ ਸੁੱਖ-ਦੁੱਖ ਵਿਚ ਇਕ ਤਰ੍ਹਾਂ ਹੀ ਰਹਿੰਦਾ ਹੈ। ਉਸ ਭਿਕਸ਼ੂ ਦੇ ਸ਼ੁਭ ਤੇ ਅਸ਼ੁਭ ਕਰਮਾਂ ਦਾ ਆਸ਼ਰਵ (ਇਕੱਠ) ਨਹੀਂ ਹੁੰਦਾ।

(ੲ) ਸਮਨਬਯ

(280)ਨਿਸ਼ਚੈ ਚਾਰਿੱਤਰ ਤਾਂ ਪ੍ਰਾਪਤ ਅਵਸਥਾ ਹੈ ਅਤੇ ਸਹਾਰਾ (ਵਿਵਹਾਰ) ਪ੍ਰਾਪਤ ਕਰਨ ਦਾ ਢੰਗ ਹੈ। ਪ੍ਰਾਪਤ ਤੇ ਪ੍ਰਾਪਤ ਕਰਨ ਦੇ ਢੰਗਾਂ ਨੂੰ ਸਿਲਸਿਲੇਵਾਰ ਧਾਰਨ ਕਰਕੇ ਜੀਵ ਗਿਆਨ ਪ੍ਰਾਪਤ ਕਰਦੇ ਹਨ।

(281)ਅੰਦਰਲੀ ਸ਼ੁੱਧੀ ਹੋਣ ਨਾਲ ਬਾਹਰਲੀ ਸ਼ੁੱਧੀ ਵੀ ਹੋ ਜਾਂਦੀ ਹੈ। ਅੰਦਰਲੇ ਦੋਸ਼ ਰਾਹੀਂ ਹੀ ਮਨੁੱਖ ਬਾਹਰਲੇ ਦੋਸ਼ ਕਰਦਾ

ਹੈ।

(282)ਮਦ (ਨਸ਼ਾ), ਮਾਨ, ਮਾਇਆ ਅਤੇ ਲੋਭ ਤੋਂ ਰਹਿਤ ਭਾਵਨਾ ਹੀ ਭਾਵ ਸ਼ੁੱਧੀ ਹੈ। ਅਜਿਹੇ ਲੋਕ ਅਲੋਕ ਦੇ ਜਾਣਕਾਰ ਸਰਵੱਗਾਂ ਦਾ ਸੰਸਾਰੀ ਜੀਵਾਂ ਲਈ ਉਪਦੇਸ਼ ਹੈ।

(283)ਪਾਪ ਆਰੰਬ (ਲਗਨਾ) ਨੂੰ ਤਿਆਗ ਕੇ ਸ਼ੁਭ ਅਰਥਾਤ ਵਿਵਹਾਰ ਚਾਰਿੱਤਰ ਤੇ ਚੜ੍ਹ ਕੇ ਵੀ ਜੇ ਜੀਵ ਮੋਹ ਆਦਿ ਭਾਵਾਂ ਤੋਂ ਮੁਕਤ ਨਹੀਂ ਹੁੰਦਾ, ਤਾਂ ਉਹ ਸ਼ੁੱਧ ਆਤਮਾ ਪ੍ਰਾਪਤ ਨਹੀਂ ਕਰ ਸਕਦਾ।

(284)ਜਿਵੇਂ ਸ਼ੁਭ ਚਾਰਿੱਤਰ ਰਾਹੀਂ ਅਸ਼ੁਭ ਕਰਮਾਂ ਤੇ ਰੋਕ ਲੱਗ ਜਾਂਦੀ ਹੈ, ਉਸੇ ਪ੍ਰਕਾਰ ਸ਼ੁੱਧ ਅਵਸਥਾ ਵਿਚ ਸ਼ੁਭ ਕਰਮਾਂ ਤੇ ਰੋਕ ਲੱਗ ਜਾਂਦੀ ਹੈ। ਇਸ ਤਰੀਕੇ ਨਾਲ ਯੋਗ ਆਤਮਾ ਦਾ ਧਿਆਨ ਕਰੇ।

(285)ਨਿਸ਼ਚੇ ਨਯ ਪੱਖੋਂ ਚਾਰਿੱਤਰ (ਭਾਵਸ਼ੁੱਧੀ) ਦਾ ਖ਼ਾਤਮਾ ਹੋਣ ਤੇ ਗਿਆਨ ਦਰਸ਼ਨ ਦਾ ਵੀ ਖ਼ਾਤਮਾ ਹੋ ਜਾਂਦਾ ਹੈ। ਪਰ ਵਿਵਹਾਰ ਨਯ ਪੱਖੋਂ ਚਾਰਿੱਤਰ ਦਾ ਘਾਤ ਹੋਣ ਤੇ ਗਿਆਨ ਦਰਸ਼ਨ ਦਾ ਖ਼ਾਤਮਾ ਹੋ ਵੀ ਸਕਦਾ ਹੈ ਅਤੇ ਨਹੀਂ ਵੀ ਹੋ ਸਕਦਾ।

(286-287) ਸ਼ਰਧਾ ਨੂੰ ਨਗਰ, ਤੱਪ ਤੇ ਸੰਬਰ ਨੂੰ ਅਰਗਲਾ (ਤੋਪ), ਖਿਮਾ ਨੂੰ (ਬੁਰਜ, ਖਾਈ ਤੇ ਤੋਪ), ਤਿੰਨ ਗੁਪਤੀਆਂ ਨੂੰ ਸੁਰੱਖਿਆ ਅਤੇ ਅਜਿੱਤ ਬਣਾ ਕੇ, ਤੱਪ ਰੂਪੀ ਬਾਣੀ ਨੂੰ ਧਨੁਸ਼ ਤੇ ਚੜ੍ਹਾ ਕੇ, ਕਰਮਾਂ ਰੂਪੀ ਕਵਚ ਨੂੰ ਖ਼ਤਮ ਕਰਕੇ ਅੰਦਰਲੀ ਲੜਾਈ ਕਰਕੇ ਮੁਨੀ ਸੰਸਾਰ ਤੋਂ ਮੁਕਤ ਹੋ ਜਾਂਦਾ ਹੈ।

(288)ਜਿਨਦੇਵ ਦੇ ਮਤ ਅਨੁਸਾਰ ਭੋਜਨ, ਬਿਸਤਰਾ ਅਤੇ

ਨੀਂਦ ਨੂੰ ਜਿੱਤ ਕੇ ਗੁਰੂ ਕ੍ਰਿਪਾ ਰਾਹੀਂ ਗਿਆਨ ਪ੍ਰਾਪਤ ਕਰਕੇ ਆਪਣੀ ਆਤਮਾ ਦਾ ਹੀ ਧਿਆਨ ਕਰਨਾ ਚਾਹੀਦਾ ਹੈ।

(289)ਸੰਪੂਰਨ ਗਿਆਨ ਦਾ ਪ੍ਰਕਾਸ਼ ਹੋਣ ਤੇ ਅਗਿਆਨ ਤੇ ਮੋਹ ਦਾ ਖ਼ਾਤਮਾ ਹੋਣ ਤੇ ਅਤੇ ਰਾਗ ਦਵੇਸ਼ ਦਾ ਪੂਰੀ ਤਰ੍ਹਾਂ ਖ਼ਾਤਮਾ ਹੋਣ ਤੇ ਜੀਵ ਏਕਾਂਤ ਮੁੱਖ ਜਾਂ ਮੋਕਸ਼ ਨੂੰ ਪ੍ਰਾਪਤ ਕਰਦਾ ਹੈ।

(290)ਗੁਰੂ ਤੇ ਬਜ਼ੁਰਗਾਂ ਦੀ ਸੇਵਾ ਕਰਨਾ, ਅਗਿਆਨੀਆਂ ਦੇ ਮਿਲਾਪ ਤੋਂ ਦੂਰ ਰਹਿਣਾ, ਸਵਾਧਿਆਏ ਕਰਨਾ, ਇਕੱਲੇ ਰਹਿਣਾ, ਸੂਤਰ ਤੇ ਅਰਥ ਦਾ ਵਿਚਾਰ ਕਰਨਾ, ਹੌਂਸਲਾ ਰੱਖਣਾ ਇਹ ਦੁੱਖਾਂ ਤੋਂ ਮੁਕਤੀ ਦਾ ਰਾਹ ਹੈ।

(291)ਸਮਾਧੀ ਦਾ ਇਛੁੱਕ ਤਪੱਸਵੀ ਸ੍ਰਮਣ, ਪਰਿਮਿਤ ਅਤੇ ਏਸ਼ਨੀਆ (ਸ਼ੁੱਧ) ਭੋਜਨ ਦੀ ਇੱਛਾ ਕਰਕੇ ਗਿਆਨੀ ਨਾਲ ਹੀ ਮਿਲਾਪ ਰੱਖੇ, ਏਕਾਂਤ ਜਗ੍ਹਾ ਤੇ ਹੀ ਰਹੇ।

(292)ਜੋ ਮਨੁੱਖ ਹਿੱਤ-ਮਿਤ ਤੇ ਥੋੜ੍ਹਾ ਭੋਜਨ ਕਰਦੇ ਹਨ, ਉਨ੍ਹਾਂ ਨੂੰ ਕਦੇ ਵੈਦ ਤੋਂ ਇਲਾਜ ਕਰਾਉਣ ਦੀ ਜ਼ਰੂਰਤ ਨਹੀਂ। ਉਹ ਆਪਣਾ ਵੈਦ ਆਪ ਹੁੰਦਾ ਹੈ। ਉਹ ਆਪਣੀ ਅੰਦਰਲੀ ਸ਼ੁੱਧੀ ਵੱਲ ਲੱਗੇ ਰਹਿੰਦੇ ਹਨ।

(293)ਰਸਾਂ ਦੀ ਜ਼ਿਆਦਾ ਵਰਤੋਂ ਨਹੀਂ ਕਰਨੀ ਚਾਹੀਦੀ। ਰਸ ਹਮੇਸ਼ਾ ਤਾਕਤ ਦੇਣ ਵਾਲੇ ਹੁੰਦੇ ਹਨ। ਵਿਸ਼ਿਆਂ ਵਿਚ ਫਸਿਆਂ ਨੂੰ ਕਾਮ ਉਸੇ ਪ੍ਰਕਾਰ ਸਤਾਉਂਦਾ ਹੈ, ਜਿਵੇਂ ਸੁਆਦਲੇ ਫਲਾਂ ਵਾਲੇ ਦਰਖ਼ਤ ਨੂੰ ਪੰਛੀ ਤੰਗ ਕਰਦੇ ਹਨ।

(294)ਜੋ ਵਿਵਿਕਤ (ਇਸਤਰੀ ਤੋਂ ਰਹਿਤ) ਬਿਸਤਰੇ ਵਾਲਾ ਹੈ। ਥੋੜ੍ਹਾ ਭੋਜਨ ਕਰਨ ਵਾਲਾ ਹੈ। ਇੰਦਰੀਆਂ ਤੇ ਕਾਬੂ ਰੱਖਣ

ਵਾਲਾ ਹੈ, ਉਸ ਦੇ ਚਿੱਤ ਨੂੰ ਰਾਗ ਦਵੇਸ਼ ਰੂਪੀ ਵਿਕਾਰ ਹਰਾ ਨਹੀਂ ਸਕਦੇ, ਜਿਵੇਂ ਦਵਾਈ ਰਾਹੀਂ ਖ਼ਤਮ ਬਿਮਾਰੀ ਫਿਰ ਨਹੀਂ ਸਤਾਉਂਦੀ।

(295)ਜਦ ਤਕ ਬੁਢਾਪਾ ਨਹੀਂ ਸਤਾਉਂਦਾ ਰੋਗ ਨਹੀਂ ਘੇਰਦੇ , ਇੰਦਰੀਆਂ ਕਮਜ਼ੋਰ ਨਹੀਂ ਹੁੰਦੀਆਂ, ਤਦ ਤੱਕ ਤਾਕਤ ਅਨੁਸਾਰ ਧਰਮ ਧਾਰਨ ਕਰ ਲੈਣਾ ਚਾਹੀਦਾ ਹੈ।

# 22. ਦਿਵਿਵਿਧ ਧਰਮ ਸੂਤਰ

(296)ਜਨਮ, ਬਿਮਾਰੀ, ਮੌਤ ਤੋਂ ਮੁਕਤ ਜਿਨੇਂਦਰ ਦੇਵ ਨੇ ਇਸ ਲੋਕ ਵਿਚ ਦੋ ਹੀ ਰਾਹ ਦੱਸੇ ਹਨ, ਇਕ ਹੈ ਉੱਤਮ ਸ਼੍ਰਮਣਾ ਦਾ, ਦੂਸਰਾ ਹੈ ਉੱਤਮ ਸ਼੍ਰਾਵਕਾਂ ਦਾ।

(297)ਸ਼੍ਰਾਵਕ ਧਰਮਾਂ ਵਿਚ ਦਾਨ ਤੇ ਪੂਜਾ ਮੁੱਖ ਹੈ। ਇਨ੍ਹਾਂ ਤੋਂ ਬਿਨਾਂ ਕੋਈ ਸ਼੍ਰਾਵਕ ਨਹੀਂ ਅਖਵਾ ਸਕਦਾ। ਸ਼੍ਰਮਣ ਧਰਮ ਵਿਚ ਧਿਆਨ ਤੇ ਅਧਿਐਨ ਪ੍ਰਮੁੱਖ ਹੈ। ਇਨ੍ਹਾਂ ਤੋਂ ਬਿਨਾਂ ਕੋਈ ਸ਼੍ਰਮਣ ਨਹੀਂ ਅਖਵਾ ਸਕਦਾ।

(298)ਭਾਵੇਂ ਸ਼ੁੱਧ ਆਚਾਰ ਵਾਲੇ ਸਾਧੂ ਸਾਰੇ ਗ੍ਰਹਿਸਥਾਂ ਤੋਂ ਸਰੇਸ਼ਟ ਹੁੰਦਾ ਹੈ, ਪਰ ਕੁਝ (ਚਾਰਿੱਤਰਹੀਨ) ਭਿਕਸ਼ੂਆਂ ਪੱਖੋਂ ਗ੍ਰਹਿਸਥ ਚੰਗੇ ਹੁੰਦੇ ਹਨ।

(299)ਜੋ ਸਿਰ ਮੁਨਾ ਕੇ ਸਾਧੂ ਬਨਣ ਵਿਚ ਅਸਮਰਥ ਹੈ, ਉਹ ਹੀ ਜਿਨੇਂਦਰ ਦੇਵ ਰਾਹੀਂ ਦੱਸੇ ਸ਼੍ਰਾਵਕ ਧਰਮ ਨੂੰ ਅੰਗੀਕਾਰ ਕਰ ਸਕਦਾ ਹੈ।

(300)ਸ਼੍ਰਾਵਕ ਧਰਮ ਵਿਚ ਪੰਜ ਵਰਤ ਤੇ ਸੱਤ ਸਿੱਖਿਆ ਵਰਤ ਹੁੰਦੇ ਹਨ। ਜੋ ਇਨ੍ਹਾਂ ਸਭ ਦਾ ਜਾਂ ਇਨ੍ਹਾਂ ਵਿਚੋਂ ਕੁਝ ਦਾ ਪਾਲਣ ਕਰਦਾ ਹੈ, ਉਹ ਸ਼੍ਰਾਵਕ ਅਖਵਾਉਂਦਾ ਹੈ।

# 23. ਸ਼੍ਰਾਵਕ ਧਰਮ ਸੂਤਰ

(301)ਜਿਸ ਨੂੰ ਸੱਮਿਅਕ ਦਰਸ਼ਨ, ਸੱਮਿਅਕ ਗਿਆਨ ਅਤੇ ਸੱਮਿਅਕ ਚਾਰਿੱਤਰ ਪ੍ਰਾਪਤ ਹੈ ਅਤੇ ਜੋ ਹਰ ਰੋਜ਼ ਸਾਧੂ ਸਾਧਵੀਆਂ ਤੋਂ ਧਰਮ ਸਮਾਚਾਰੀ (ਸ਼ੁੱਧ ਧਰਮ) ਉਪਦੇਸ਼ ਸੁਣਦਾ ਹੈ, ਉਸ ਨੂੰ ਸ਼੍ਰਾਵਕ ਆਖਦੇ ਹਨ।

(302)ਜਿਸ ਦੀ ਬੁੱਧੀ ਸੱਮਿਅਕ ਦਰਸ਼ਨ ਰਾਹੀਂ ਸ਼ੁੱਧ ਹੋ ਗਈ ਹੈ ਜੋ ਪੰਜ ਉਦਮਵਰ ਫਲ (ਉਮਰ, ਕਠੂਮਰ, ਗੂਲਰ, ਪੀਪਲ ਤੇ ਬਰੋਟੇ) ਦੇ ਨਾਲ ਨਾਲ ਸੱਤ ਵਯਸਨ (ਭੈੜੀਆਂ ਆਦਤਾਂ) ਨੂੰ ਛੱਡਦਾ ਹੈ ਉਹ ਦਾਰਸ਼ਨਿਕ ਸ਼੍ਰਾਵਕ ਹੈ।

(303)ਪਰਇਸਤਰੀ ਨਾਲ ਮੇਲ ਮਿਲਾਪ, ਜੂਆ, ਸ਼ਰਾਬ, ਸ਼ਿਕਾਰ, ਬਚਨ ਪਰੁਸ਼ਤਾ (ਕੌੜੇ ਬੋਲ) ਕਠੋਰ ਦੰਡ ਅਤੇ ਚੋਰੀ ਕਰਨਾ ਇਹ ਸੱਤ ਵਿਅਸਨ ਹਨ।

(304)ਮਾਂਸ ਖਾਨ ਨਾਲ ਦਰਪ (ਨਸ਼ਾ) ਵਧਦਾ ਹੈ। ਦਰਪ ਕਾਰਨ ਮਨੁੱਖ ਵਿਚ ਸ਼ਰਾਬ ਪੀਣ ਦੀ ਇੱਛਾ ਜਾਗਦੀ ਹੈ। ਫਿਰ ਉਹ ਜੂਆ ਖੇਲਦਾ ਹੈ। ਇਸ ਪ੍ਰਕਾਰ ਇਸ ਮਾਂਸ ਖਾਨ ਨਾਲ ਮਨੁੱਖ ਉਪਰੋਕਤ ਦੋਸ਼ਾਂ ਨੂੰ ਗ੍ਰਹਿਣ ਕਰਦਾ ਹੈ।

(305)ਲੋਕਿਕ ਸ਼ਾਸਤਰਾਂ ਵਿਚ ਇਸ ਗੱਲ ਦਾ ਉਦਾਹਰਨ ਮਿਲਦਾ ਹੈ ਕਿ ਮਾਂਸ ਖਾਨ ਕਾਰਨ ਅਕਾਸ਼ ਵਿਚ ਘੁੰਮਣ ਵਾਲਾ ਵਿਪਰ (ਬ੍ਰਾਹਮਣ) ਜ਼ਮੀਨ ਤੇ ਗਿਰ ਗਿਆ। ਇਸ ਲਈ ਮਾਂਸ ਨਹੀਂ ਖਾਣਾ ਚਾਹੀਦਾ।

(306)(ਮਾਂਸ ਦੀ ਤਰ੍ਹਾਂ) ਸ਼ਰਾਬ ਕਾਰਨ ਮਨੁੱਖ ਨਸ਼ੇ ਕਾਰਨ

ਨਿੰਦਾਯੋਗ ਕੰਮ ਕਰਦਾ ਹੈ। ਸਿੱਟੇ ਵਜੋਂ ਇਸ ਲੋਕ ਤੇ ਪਰਲੋਕ ਵਿਚ ਦੁੱਖ ਭੋਗਦਾ ਹੈ।

(307)ਜਿਸ ਦੇ ਦਿਲ ਵਿਚ ਸੰਸਾਰ ਪ੍ਰਤੀ ਵੈਰਾਗ ਉਤਪੰਨ ਕਰਨ ਵਾਲੀ, ਕੰਡਿਆਂ ਤੋਂ ਰਹਿਤ, ਮੇਰੂ ਪਰਬਤ ਦੀ ਤਰ੍ਹਾਂ ਮਜਬੂਤ ਅਤੇ ਦ੍ਰਿੜ ਜਿਨ ਭਗਤੀ ਹੈ, ਉਸ ਨੂੰ ਸੰਸਾਰ ਵਿਚ ਕਿਸੇ ਤਰ੍ਹਾਂ ਦਾ ਡਰ ਤੰਗ ਨਹੀਂ ਕਰ ਸਕਦਾ।

(308) ਦੁਸ਼ਮਣ ਵੀ ਵਿਨੈਵਾਨ ਦਾ ਦੋਸਤ ਬਣ ਜਾਂਦਾ ਹੈ। ਇਸ ਲਈ ਦੇਸ਼ ਵਿਰਤ ਜਾਂ ਅਣੂਵਰਤੀ ਸ੍ਰਾਵਕ ਨੂੰ ਮਨ, ਬਚਨ ਤੇ ਸਰੀਰ ਰਾਹੀਂ, ਸੱਮਿਅਕਤਵ ਆਦਿ ਗੁਣਾਂ ਰਾਹੀਂ ਗੁਣਵਾਨ ਮਹਾਂਪੁਰਸ਼ਾਂ ਦੀ ਵਿਨੈ (ਸੇਵਾ-ਭਗਤੀ) ਕਰਨੀ ਚਾਹੀਦੀ ਹੈ।

(309)ਪ੍ਰਾਣੀਆਂ ਦੀ ਹੱਤਿਆ (ਹਿੰਸਾ), ਮਰਿਸ਼ਾਵਾਦ (ਝੂਠ), ਬਿਨਾ ਦਿੱਤੀ ਚੀਜ਼ ਗ੍ਰਹਿਣ ਕਰਨਾ (ਚੋਰੀ), ਪਰ ਇਸਤਰੀ ਸੰਬੰਧ ਰੱਖਣਾ (ਕੁਸੀਲ) ਅਤੇ ਬੇਹੱਦ ਇਛਾਵਾਂ (ਪਰਿਗ੍ਰਹਿ) ਇਨ੍ਹਾਂ ਪੰਜਾਂ ਪਾਪਾਂ ਤੋਂ ਹਟਣਾ ਅਨੁਵਰਤ ਹੈ।

(310)ਜੀਵ ਹੱਤਿਆ ਤੋਂ ਪਰੇ ਰਹਿਣ ਵਾਲੇ, ਸ੍ਰਾਵਕ ਨੂੰ ਕਰੋਧ ਆਦਿ ਕਸ਼ਾਇ ਨਾਲ ਮਨ ਨੂੰ ਭਰ ਕੇ (1) ਪਸ਼ੂ ਤੇ ਮਨੁੱਖਾਂ ਨੂੰ ਜਕੜਨਾ (2) ਡੰਡੇ ਆਦਿ ਨਾਲ ਕਸ਼ਟ ਦੇਣਾ, (3) ਨੱਕ ਵਿਚ ਨਕੇਲ ਪਾਉਣਾ (4) ਤਾਕਤ ਤੋਂ ਜ਼ਿਆਦਾ ਭਾਰ ਲੱਦਣਾ (5) ਭੁੱਖਾ ਪਿਆਸਾ ਰੱਖਣਾ ਆਦਿ ਕੰਮ ਨਹੀਂ ਕਰਨੇ ਚਾਹੀਦੇ।

(311)ਸਥੂਲ (ਮੋਟੇ ਤੌਰ 'ਤੇ) ਅਸਤੇ ਵਿਰਤੀ (ਨਾ ਦਾ ਦੂਸਰਾ) ਅਨੁਵਰਤ ਹੈ। ਇਸ ਦੇ ਵੀ ਪੰਜ ਭੇਦ ਹਨ। (1) ਕਨਿਆ ਅਲੀਕ (2) ਗੋ ਅਲੀਕ (3) ਭੂ ਲੀਕ ਅਰਥਾਤ ਲੜਕੀ, ਪਸ਼ੂ ਅਤੇ

ਜ਼ਮੀਨ ਦੇ ਮਾਮਲੇ ਵਿਚ ਝੂਠ ਬੋਲਣਾ (4) ਕਿਸੇ ਦੀ ਗਹਿਣੇ ਰੱਖੀ ਚੀਜ਼ ਦੱਬ ਲੈਣਾ (5) ਝੂਠੀ ਗਵਾਹੀ ਦੇਣਾ ਸ਼੍ਰਾਵਕ ਨੂੰ ਉਪਰੋਕਤ ਕੰਮਾਂ ਤੋਂ ਪਰੇ ਰਹਿਣਾ ਚਾਹੀਦਾ ਹੈ।

(312)(ਇਸ ਦੇ ਨਾਲ ਹੀ) ਸੱਚ ਦਾ ਪਾਲਣ ਕਰਨ ਵਾਲਾ ਅਣੁਵਰਤੀ ਬਿਨਾਂ ਸੋਚੇ ਵਿਚਾਰੇਨਾ ਤਾਂ ਮੂੰਹੋਂ ਕੋਈ ਗੱਲ ਬਾਹਰ ਕਰਨੀ ਚਾਹੀਦੀ ਹੈ, ਨਾ ਕਿਸੇ ਦਾ ਭੇਦ ਪ੍ਰਗਟ ਕਰਨਾ ਚਾਹੀਦਾ ਹੈ। ਆਪਣੀ ਪਤਨੀ ਦੇ ਗੁਪਤ ਭੇਦ ਮਿੱਤਰਾਂ ਆਦਿ ਨੂੰ ਪ੍ਰਗਟ ਨਹੀਂ ਚਾਹੀਦੇ, ਨਾ ਹੀ ਮਿੱਥਿਆ ਵਾਕ ਬੋਲਣੇ ਚਾਹੀਦੇ ਹਨ ਅਤੇ ਨਾ ਹੀ ਜਾਅਲੀ ਦਸਤਾਵੇਜ਼ ਤਿਆਰ ਕਰਨੇ ਚਾਹੀਦੇ ਹਨ।

(313)ਅਚੋਰਯ ਅਣੁਵਰਤੀ ਸ਼੍ਰਾਵਕ ਨੂੰ ਨਾ ਚੋਰੀ ਦਾ ਮਾਲ ਖਰੀਦਣਾ ਚਾਹੀਦਾ ਹੈ, ਨਾ ਚੋਰੀ ਕਰਨ ਲਈ ਪ੍ਰੇਰਣਾ ਦੇਣੀ ਚਾਹੀਦੀ ਹੈ ਨਾ ਸਰਕਾਰੀ ਕਾਨੂੰਨਾਂ ਦੀ ਉਲੰਘਣਾ ਇਸ ਮਾਮਲੇ ਵਿਚ ਕਰਨੀ ਚਾਹੀਦੀ ਹੈ। ਚੀਜ਼ਾਂ ਵਿਚ ਮਿਲਾਵਟ ਨਹੀਂ ਕਰਨੀ ਚਾਹੀਦੀ। ਜਾਅਲੀ ਸਿੱਕੇ ਜਾਂ ਨੋਟ ਤਿਆਰ ਨਹੀਂ ਕਰਨੇ ਚਾਹੀਦੇ।

(314)ਆਪਣੀ ਪਤਨੀ ਤੇ ਸੰਤੋਖ (ਬ੍ਰਹਮਚਰਜ) ਰੱਖਣ ਵਾਲੇ ਸ਼੍ਰਾਵਕ ਨੂੰ ਵਿਆਹੀ ਜਾਂ ਕੁਆਰੀ ਦੋਹਾਂ ਤਰ੍ਹਾਂ ਦੀ ਔਰਤ ਤੋਂ ਦੂਰ ਰਹਿਣਾ ਚਾਹੀਦਾ ਹੈ। ਅਨੰਗ ਕ੍ਰੀੜਾ (ਗੈਰ ਕੁਦਰਤੀ ਢੰਗ) ਨਹੀਂ ਕਰਨੀ ਚਾਹੀਦੀ। ਆਪਣੀ ਔਲਾਦ ਤੋਂ ਛੁੱਟ ਹੋਰ ਕਿਸੇ ਦਾ ਰਿਸ਼ਤਾ ਕਰਾਉਣ ਤੋਂ ਵੀ ਪਰੇ ਹੀ ਰਹਿਣਾ ਚਾਹੀਦਾ ਹੈ। ਕਾਮ ਭੋਗ ਦੀ ਤੇਜ ਇੱਛਾ ਦਾ ਤਿਆਗ ਕਰਨਾ ਚਾਹੀਦਾ ਹੈ।

(315-316) ਅਪਰਿਮਿਤ (ਬੇਹੱਦ) ਪਰਿਗ੍ਰਹਿ (ਸੰਗ੍ਰਹਿ) ਅਨੰਤ ਤ੍ਰਿਸ਼ਣਾ (ਇੱਛਾਵਾਂ) ਦਾ ਕਾਰਨ ਹੈ। ਇਹ ਦੋਸ਼ ਭਰਪੂਰ ਰਸਤਾ ਹੈ

ਅਤੇ ਨਰਕ ਦਾ ਕਾਰਨ ਹੈ। ਇਸ ਲਈ ਪਰਿਗ੍ਰਹਿ ਪਰਿਮਾਨ ਅਨੁਵਰਤੀ ਨੂੰ ਸ਼ੁੱਧ ਚਿੱਤ ਹੋ ਕੇ (11) ਖੇਤ ਮਕਾਨ (2) ਸੋਨਾ ਚਾਂਦੀ (3) ਧਨ ਅਨਾਜ (4) ਦੋ ਪੈਰਾਂ ਵਾਲੇ (ਦਾਸ ਦਾਸੀ) ਚਾਰ ਪੈਰਾਂ ਵਾਲੇ (ਪਸ਼ੂਆਂ (5) ਭੰਡਾਰ (ਖਜ਼ਾਨੇ) ਆਦਿ ਦੀ ਮਿੱਥੀ ਹੱਦ ਦੀ ਉਲੰਘਣਾ ਨਹੀਂ ਕਰਨੀ ਚਾਹੀਦੀ।

(317)ਸ੍ਰਾਵਕ ਨੂੰ ਸੰਤੋਖ ਰੱਖਣਾ ਚਾਹੀਦਾ ਹੈ। ਅਜਿਹਾ ਵਿਚਾਰ ਨਹੀਂ ਕਰਨਾ ਚਾਹੀਦਾ ਕਿ "ਇਸ ਸਮੇਂ ਮੈਂ ਅਗਿਆਨ ਵਸ ਥੋੜ੍ਹੀਆਂ ਚੀਜ਼ਾਂ ਵਰਤਨ ਦੀ ਹੱਦ ਮਿੱਥ ਬੈਠਾ, ਅੱਗੇ ਨੂੰ ਜ਼ਰੂਰਤ ਹੋਣ ਤੇ ਜ਼ਿਆਦਾ ਚੀਜ਼ਾਂ ਫਿਰ ਗ੍ਰਹਿਣ ਕਰਨ ਲਵਾਂਗਾ।"

(318)ਸ੍ਰਾਵਕ ਦੇ ਸੱਤ ਸਿੱਖਿਆ ਵਰਤਾਂ ਵਿਚ ਤਿੰਨ 'ਗੁਣ ਵਰਤ' ਹੁੰਦੇ ਹਨ। (1) ਦਿਸ਼ਾ ਵਿਰਤਿ (2) ਅਨੰਰਥ ਦੰਡ ਵਿਰਤਿ ਅਤੇ (3) ਦੇਸ਼ ਅਵਕਾਸ਼ਿਕ।

(319)(ਵਿਉਪਾਰ ਆਦਿ ਦੇ ਖੇਤਰ ਦੀ ਹੱਦ ਮਿੱਥ ਕੇ) ਉੱਪਰ, ਹੇਠਾਂ, ਤਿਰੰਯਕ (ਤਿਰਛੀ) ਦਿਸ਼ਾਵਾਂ ਵਿਚ ਘੁੰਮਨਾ ਫਿਰਨਾਂ ਜਾਂ ਸੰਬੰਧ ਸਥਾਪਿਤ ਕਰਨਾ ਦਿਗਵਰਤ ਨਾਉਂ ਦਾ ਪਹਿਲਾ ਗੁਣ ਵਰਤ ਹੈ।

(320)ਜਿਸ ਦੇਸ਼ ਵਿਚ ਜਾਣ ਨਾਲ ਕੋਈ ਵਰਤ ਟੁੱਟਦਾ ਹੋਵੇ ਜਾਂ ਭੰਗ ਹੋਣ ਦਾ ਡਰ ਹੋਵੇ ਉਸ ਦੇਸ਼ ਨੂੰ ਨਿਯਮ ਪੂਰਵਕ ਛੱਡਣ ਦੀ ਭਾਵਨਾ ਦੇਸਅਵਕਾਸ਼ਿਕ ਨਾਂ ਦਾ ਦੂਸਰਾ ਗੁਣਵਰਤ ਹੈ।

(321)ਬਿਨਾਂ ਜ਼ਰੂਰਤ ਤੋਂ ਕੋਈ ਕੰਮ ਕਰਨਾ ਜਾਂ ਕਿਸੇ ਨੂੰ ਤੰਗ ਕਰਨਾ ਅਣਰਥ ਦੰਡ ਅਖਵਾਉਂਦਾ ਹੈ। ਇਸ ਦੇ ਚਾਰ ਭੇਦ ਹਨ। (1) ਅਪਧਿਆਨ (2) ਪ੍ਰਮਾਦ ਪੂਰਨ ਆਚਰਣ (3) ਹਿੰਸਾ ਆਦਿ

ਕਰਨ ਲਈ ਹਥਿਆਰ ਦੇਣਾ (4) ਪਾਪ ਦਾ ਉਪਦੇਸ਼। ਇਨ੍ਹਾਂ ਚਾਰਾਂ ਦਾ ਤਿਆਗ ਅਣਰਥਦੰਡ ਵਿਰਤੀ ਨਾਂ ਦਾ ਤੀਸਰਾ ਗੁਣ ਵਰਤ ਹੈ।

(322)ਜ਼ਰੂਰਤ ਵੇਲੇ ਕੰਮ ਕਰਨ ਨਾਲ ਥੋੜ੍ਹੇ ਕਰਮਾਂ ਦਾ ਸੰਗ੍ਰਹਿ ਹੁੰਦਾ ਹੈ। ਬਿਨਾਂ ਜ਼ਰੂਰਤ ਦੇ ਕੰਮ ਕਰਨ ਨਾਲ ਜ਼ਿਆਦਾ ਕਰਮਾਂ ਦਾ ਸੰਗ੍ਰਹਿ ਹੁੰਦਾ ਹੈ ਕਿਉਂਕਿ ਜ਼ਰੂਰਤ ਵਾਲਾ ਕੰਮ ਤਾਂ ਦੇਸ਼ ਤੇ ਸਮੇਂ ਨੂੰ ਮੁੱਖ ਰੱਖ ਕੇ ਕੀਤਾ ਜਾਂਦਾ ਹੈ। ਪਰ ਬਿਨਾਂ ਜ਼ਰੂਰਤ ਦਾ ਕੰਮ ਹਮੇਸ਼ਾ ਮਰਿਆਦਾ ਰਹਿਤ ਢੰਗ ਨਾਲ ਕੀਤਾ ਜਾਂਦਾ ਹੈ।

(323)ਅਣਰਥ ਦੰਡ ਵਿਰਤ ਸ਼੍ਰਾਵਕ ਨੂੰ ਕੰਦਰਪ (ਗਲਤ ਹਾਸਾ, ਮਜ਼ਾਕ) (2) ਕੋਤਕੁਚਯ (ਗਲਤ ਸ਼ਰੀਰਿਕ ਹਰਕਤਾਂ) (3) ਮੋਖਰਯ (ਬਕਵਾਸ) (4) ਹਿੰਸਾ ਦੇ ਕਾਰਨਾਂ ਨੂੰ ਇਕੱਠਾ ਕਰਕੇ ਵਰਤਣ ਦੀ ਹੱਦ ਨੂੰ ਲੰਘਣਾ ਨਹੀਂ ਚਾਹੀਦਾ।

(324)ਚਾਰ ਸਿੱਖਿਆ ਵਰਤ ਇਸ ਪ੍ਰਕਾਰ ਹਨ (1) ਭੋਗਾਂ ਦਾ ਪਰਿਮਾਣ (ਹੱਦ ਨਿਸ਼ਚਿਤ ਕਰਨਾ) (2) ਸਮਾਇਕ (3) ਅਤਿਥਿ ਸੰਵਿਭਾਗ (4) ਪੋਸਧ ਉਪਵਾਸ।

(325)ਭੋਗ ਉਪਭੋਗ ਪਰਿਮਾਨ ਵਰਤ ਦੋ ਪ੍ਰਕਾਰ ਦਾ ਹੈ : (1) ਭੋਜਨ ਰੂਪ ਵਿਚ ਅਤੇ (3) ਕੰਮ ਦੇ ਰੂਪ ਵਿਚ। ਕੰਦਮੂਲ ਆਦਿ ਅਨੰਤ ਜੀਵਾਂ ਨਾਲ ਭਰਪੂਰ ਬਨਸਪਤੀ, ਉਦੇਸ਼ਵਰ ਫਲ ਅਤੇ ਸ਼ਰਾਬ ਮਾਂਸ ਦਾ ਤਿਆਗ ਭੋਜਨ ਸੰਬੰਧੀ ਭਰਪੂਰ ਧੰਦੇ ਦਾ ਤਿਆਗ ਵਿਉਪਾਰ ਸੰਬੰਧੀ ਭੋਗ ਉਪਭੋਗ ਪਰਿਮਾਨ ਵਰਤ ਹੈ।

(326)ਸਾਵਦਯ ਯੋਗ ਭਾਵ ਪਾਪ ਦਾ ਕਾਰਨ ਹਿੰਸਾ ਤੋਂ ਬਚਾਓ ਲਈ ਕੇਵਲ ਸਮਾਇਕ ਹੀ ਚੰਗੀ ਚੀਜ਼ ਹੈ। ਉਸ ਨੂੰ ਸਰੇਸ਼ਟ

ਗ੍ਰਹਿਸਥ ਧਰਮ ਜਾਣ ਕੇ ਵਿਦਵਾਨ ਨੂੰ ਆਪਣੇ ਭਲੇ ਤੋਂ ਮੁਕਤੀ ਦੀ ਪ੍ਰਾਪਤੀ ਲਈ ਸਮਾਇਕ ਕਰਨੀ ਚਾਹੀਦੀ ਹੈ।

(327)ਸਮਾਇਕ ਕਰਨ ਨਾਲ ਸ਼੍ਰਾਵਕ (ਉਸ ਸਮੇਂ) ਸ਼੍ਰਮਣ ਦੀ ਤਰ੍ਹਾਂ ਹੋ ਜਾਂਦਾ ਹੈ, ਇਸ ਲਈ ਵਾਰ ਵਾਰ ਸਮਾਇਕ ਕਰਨੀ ਚਾਹੀਦੀ ਹੈ।

(328)ਸਮਾਇਕ ਕਰਨ ਸਮੇਂ ਜੋ ਸ਼੍ਰਾਵਕ ਪਰਾਈ ਚਿੰਤਾ ਕਰਦਾ ਹੈ ਉਹ ਆਰਤ ਧਿਆਨ ਨੂੰ ਪ੍ਰਾਪਤ ਹੁੰਦਾ ਹੈ। ਉਸ ਦੀ ਸਮਾਇਕ ਬੇਕਾਰ ਹੈ।

(329)ਭੋਜਨ ਤਿਆਗੀ, ਸ਼ਰੀਰ ਦਾ ਹਾਰ ਸ਼ਿੰਗਾਰ ਦਾ ਤਿਆਗ (3) ਬ੍ਰਹਮਚਰਜ ਦਾ ਪਾਲਣ (4) ਆਰੰਬ (ਹਿੰਸਾ) ਤਿਆਗ, ਇਨ੍ਹਾਂ ਚਾਰ ਚੀਜ਼ਾਂ ਦਾ ਸੰਬੰਧ ਪੋਸ਼ਧ ਉਪਵਾਸ ਨਾਮਕ ਸਿੱਖਿਆ ਵਰਤ ਨਾਲ ਹੈ। ਇਨ੍ਹਾਂ ਦਾ ਤਿਆਗ ਇਕ ਹਿੱਸੇ ਦਾ ਵੀ ਹੁੰਦਾ ਹੈ ਅਤੇ ਪੂਰੀ ਪੋਸ਼ਧ ਦਾ ਵੀ ਹੁੰਦਾ ਹੈ। ਉਸ ਦੀ ਹਮੇਸ਼ਾ ਸਮਾਇਕ ਹੁੰਦੀ ਹੈ।

(330)ਉਦਗਮ ਆਦਿ ਦੋਸ਼ਾਂ ਤੋਂ ਰਹਿਤ ਦੇਸ਼, ਕਾਲ ਨੂੰ ਮੁੱਖ ਰੱਖ ਕੇ ਸ਼ੁੱਧ ਭੋਜਨ ਠੀਕ ਢੰਗ ਨਾਲ ਦਾਨ ਦੇਣਾ, ਗ੍ਰਹਿਸਥੀਆਂ ਦਾ ਅਤਿਥੀ ਸੰਵਿਭਾਗ ਨਾਂ ਵਰਤ ਹੈ।

(331)ਭੋਜਨ, ਦਵਾਈ, ਸ਼ਾਸਤਰ ਅਤੇ ਅਭੈ (ਨਿਡਰਤਾ) ਦੇ ਰੂਪ ਵਿਚ ਦਾਨ ਚਾਰ ਪ੍ਰਕਾਰ ਦਾ ਹੈ। ਉਪਾਸਕਾ ਅਧਿਐਨ ਗ੍ਰੰਥ ਵਿਚ ਉਸ ਨੂੰ ਦੇਣ ਯੋਗ ਕਿਹਾ ਗਿਆ ਹੈ।

(332)ਭੋਜਣ ਦੇਣ ਨਾਲ ਹੀ ਗ੍ਰਹਿਸਥ ਮਹਾਨ ਹੋ ਜਾਂਦਾ ਹੈ। ਇਸ ਵਿਚ ਪਾਤਰ (ਯੋਗ) ਕੁਪਾਤਰ (ਅਯੋਗ) ਦਾ ਵਿਚਾਰ ਕਰਨ ਦਾ

ਕੀ ਲਾਭ ?

(333)ਜਿਸ ਘਰ ਵਿਚ ਸਾਧੂਆਂ ਨੂੰ ਨਿਯਮਾਂ ਅਨੁਸਾਰ ਭੋਜਨ ਨਹੀਂ ਮਿਲਦਾ ਉਸ ਘਰ ਵਿਚ ਸ਼ਾਸਤਰਾਂ ਅਨੁਸਾਰ ਚੱਲਣ ਵਾਲੇ ਧੀਰਜਵਾਨ ਅਤੇ ਤਿਆਗੀ ਸ੍ਰਾਵਕ ਭੋਜਨ ਨਹੀਂ ਕਰਦੇ।

(334)ਜੋ ਗ੍ਰਿਹਿਸਥ ਮੁਨੀ ਨੂੰ ਭੋਜਨ ਕਰਾਉਣ ਤੋਂ ਬਾਅਦ ਬਾਕੀ ਦਾ ਭੋਜਨ ਆਪ ਕਰਦਾ ਹੈ ਉਸ ਦਾ ਭੋਜਨ ਕਰਨਾ ਹੀ ਸਹੀ ਹੈ। ਉਹ ਜਿਨ ਭਗਵਾਨ ਰਾਹੀਂ ਫੁਰਮਾਏ ਮੁਕਤੀ ਦੇ ਉੱਤਮ ਸੁੱਖ ਨੂੰ ਪ੍ਰਾਪਤ ਕਰਦਾ ਹੈ।

(335)ਮੌਤ ਦੇ ਡਰ ਤੋਂ ਡਰੇ ਹੋਏ ਜੀਵਾਂ ਦੀ ਰੱਖਿਆ ਕਰਨਾ ਅਭੈਦਾਨ ਹੈ। ਇਹ ਅਭੈ ਦਾਨ ਹੀ ਸਭ ਦਾਨਾਂ ਵਿਚੋਂ ਸ਼੍ਰੋਮਣੀ ਹੈ।

# 24. ਸ਼੍ਰਮਣ ਧਰਮ ਸੂਤਰ

(ੳ) ਸਮਤਾ

(336)ਸ਼੍ਰਮਣ, ਸੰਯਤ, ਰਿਸ਼ੀ, ਮੁਨੀ, ਸਾਧੂ, ਵੀਤਰਾਗੀ, ਅਨਗਾਰ, ਭਦੰਤ, ਦਾਂਤ ਇਹ ਸ਼ਬਦ ਸ਼ਾਸਤਰ ਅਨੁਸਾਰ ਚੱਲਣ ਵਾਲਿਆਂ ਦੇ ਨਾਉਂ ਹਨ।

(337)ਪਰਮ ਪਦ ਦੀ ਖੋਜ ਵਿਚ ਲੱਗਾ ਸਾਧੂ ਸ਼ੇਰ ਦੀ ਤਰ੍ਹਾਂ ਪਰਾਕਰਮੀ, ਹਾਥੀ ਦੀ ਤਰ੍ਹਾਂ ਸਵਾਭਿਮਾਨੀ, ਬਲਦ ਦੀ ਤਰ੍ਹਾਂ ਨਰਮ, ਮਿਰਗ ਦੀ ਤਰ੍ਹਾਂ ਸਰਲ, ਪਸ਼ੂ ਦੀ ਤਰ੍ਹਾਂ ਬੇਕਸੂਰ, ਹਵਾ ਦੀ ਤਰ੍ਹਾਂ ਸ਼ਰਮ ਰਹਿਤ, ਸੂਰਜ ਦੀ ਤਰ੍ਹਾਂ ਤੇਜਸਵੀ, ਸਮੁੰਦਰ ਦੀ ਤਰ੍ਹਾਂ ਗੰਭੀਰ, ਮੇਰੂ ਦੀ ਤਰ੍ਹਾਂ ਅਡੋਲ, ਚੰਦਰਮਾ ਦੀ ਤਰ੍ਹਾਂ ਸ਼ੀਤਲ, ਮਨੀ ਦੀ ਤਰ੍ਹਾਂ ਚਮਕਦਾਰ, ਧਰਤੀ ਦੀ ਤਰ੍ਹਾਂ ਸਹਿਨਸ਼ੀਲ, ਸੱਪ ਦੀ ਤਰ੍ਹਾਂ ਅਨਿਸ਼ਚਿਤ ਠਿਕਾਣੇ ਤੇ ਰਹਿਣ ਵਾਲਾ ਅਤੇ ਅਕਾਸ਼ ਦੀ ਤਰ੍ਹਾਂ ਸਹਾਰੇ ਤੋਂ ਰਹਿਤ ਹੁੰਦਾ ਹੈ।

(338)ਅਜਿਹੇ ਵੀ ਭੈੜੇ ਸਾਧੂ ਹਨ ਜਿਨ੍ਹਾਂ ਨੂੰ ਸੰਸਾਰ ਸਾਧੂ ਆਖਦਾ ਹੈ। ਪਰ ਭੈੜੇ ਅਸਾਧੂ ਨੂੰ ਸਾਧੂ ਨਹੀਂ ਆਖਣਾ ਚਾਹੀਦਾ। ਸਾਧੂ ਨੂੰ ਹੀ ਸਾਧੂ ਆਖਣਾ ਚਾਹੀਦਾ ਹੈ।

(339)ਗਿਆਨ ਤੇ ਦਰਸ਼ਨ ਦਾ ਧਨੀ, ਸੰਜਮ ਅਤੇ ਤੱਪ ਵਿਚ ਲੱਗਾ ਅਤੇ ਇਸ ਪ੍ਰਕਾਰ ਦੇ ਗੁਣਾਂ ਦੇ ਭਰਪੂਰ ਸੰਜਮੀ ਨੂੰ ਹੀ ਸਾਧੂ ਆਖਣਾ ਚਾਹੀਦਾ ਹੈ।

(340)ਸਿਰ ਮੁਨਾ ਕੇ ਕੋਈ ਸ਼੍ਰਮਣ ਨਹੀਂ ਹੁੰਦਾ। ਔਂਕਾਰ ਦਾ ਜਾਪ ਕਰਨ ਨਾਲ ਕੋਈ ਬ੍ਰਾਹਮਣ ਨਹੀਂ ਹੁੰਦਾ। ਜੰਗਲ ਵਿਚ ਰਹਿਣ

ਨਾਲ ਕੋਈ ਮੁਨੀ ਨਹੀਂ ਹੁੰਦਾ। ਘਾਹ ਦੇ ਚੀਥੜੇ ਪਹਿਣ ਕੇ ਕੋਈ ਤਪੱਸਵੀ ਨਹੀਂ ਅਖਵਾ ਸਕਦਾ।

(341)ਸਮਤਾ ਨਾਲ ਸ਼੍ਰਮਣ ਹੁੰਦਾ ਹੈ ਬ੍ਰਹਮਚਰਜ ਨਾਲ ਬ੍ਰਾਹਮਣ ਹੁੰਦਾ ਹੈ। ਗਿਆਨ ਨਾਲ ਹੀ ਮੁਨੀ ਹੁੰਦਾ ਹੈ ਤੇ ਤਪ ਨਾਲ ਤਪੱਸਵੀ ਹੁੰਦਾ ਹੈ।

(342)ਗੁਣਾਂ ਨਾਲ ਸਾਧੂ ਹੁੰਦਾ ਹੈ, ਔਗੁਣਾਂ ਨਾਲ ਅਸਾਧੂ। ਇਸ ਲਇਧਧੀ ਸਾਧੂ ਦੇ ਗੁਣਾਂ ਨੂੰ ਗ੍ਰਹਿਣ ਕਰੋ। ਅਸਾਧੂ ਪੁਣੇ ਦੀ ਭਾਵਨਾ ਛੱਡੋ। ਆਤਮਾ ਨੂੰ ਆਤਮਾ ਰਾਹੀਂ ਜਾਣਦੇ ਹੋਏ ਜੋ ਰਾਗ ਦਵੇਸ਼ ਪ੍ਰਤਿ ਇਕਸੁਰਤਾ ਰੱਖਦਾ ਹੈ, ਉਹ ਹੀ ਪੂਜਯ ਹੈ।

(343)ਦੇਹ ਦੇ ਪ੍ਰਤਿ ਲਗਾਵ ਰੱਖਣ ਵਾਲਾ, ਵਿਸ਼ੇ ਵਿਕਾਰਾਂ ਵਿਚ ਘੁੰਮਣ ਵਾਲਾ, ਕਸ਼ਾਇਆਂ ਨਾਲ ਭਰਪੂਰ ਅਤੇ ਆਤਮਾ ਦੇ ਪ੍ਰਤਿ ਨਾ ਜਾਗਣ ਵਾਲਾ ਸਾਧੂ, ਸਮਿਅਕਤਵ ਤੋਂ ਖਾਲੀ ਹੁੰਦਾ ਹੈ।

(344)ਗੋਚਰੀ (ਭਿਕਸ਼ਾ) ਦੇ ਲਈ ਗਿਆ ਸਾਧੂ ਕੰਨਾਂ ਵਿਚ ਬਹੁਤ ਚੰਗੀਆਂ ਬੁਰੀਆਂ ਗੱਲਾਂ ਸੁਣਦਾ ਹੈ। ਅੱਖਾਂ ਨਾਲ ਬਹੁਤ ਚੰਗੀਆਂ ਮਾੜੀਆਂ ਚੀਜ਼ਾਂ ਵੇਖਦਾ ਹੈ ਪਰ ਸਭ ਕੁਝ ਵੇਖ ਸੁਣ ਕੇ ਉਹ ਕਿਸੇ ਨੂੰ ਨਹੀਂ ਆਖਦਾ (ਉਹ ਹੀ ਸਾਧੂ ਹੈ)।

(345)ਸਵਾਧਿਆਏ ਅਤੇ ਧਿਆਨ ਵਿਚ ਲੱਗਾ ਸਾਧੂ ਰਾਤ ਨੂੰ ਵੀ ਬਹੁਤ ਨਹੀਂ ਸੌਂਦਾ। ਸੂਤਰ ਦੇ ਅਰਥ ਤੇ ਸੋਚ ਵਿਚਾਰ ਕਰਦੇ ਹਨ, ਉਹ ਨੀਂਦ ਨਹੀਂ ਲੈਂਦੇ।

(346)ਸਾਧੂ ਮਮਤਾ ਰਹਿਤ, ਅੰਹਕਾਰ ਰਹਿਤ, ਨਿਸੰਗ, ਗੌਰਵ ਦਾ ਤਿਆਗੀ, ਤਰੱਸ ਅਤੇ ਸਥਾਵਰ ਜੀਵਾਂ ਪ੍ਰਤੀ ਸਮ ਦ੍ਰਿਸ਼ਟੀ ਰੱਖਣ

ਵਾਲਾ ਹੁੰਦਾ ਹੈ।

(347)ਉਹ ਲਾਭ ਅਤੇ ਹਾਨੀ ਵਿਚ, ਸੁੱਖ ਤੇ ਦੁੱਖ ਵਿਚ, ਜ਼ਿੰਦਗੀ ਅਤੇ ਮੌਤ ਸਮੇਂ, ਨਿੰਦਾ ਤੇ ਪ੍ਰਸ਼ੰਸਾ ਸਮੇਂ ਅਤੇ ਮਾਨ ਅਤੇ ਅਪਮਾਨ ਸਮੇਂ ਸਮਭਾਵ ਰੱਖਦਾ ਹੈ।

(348)ਉਹ ਗੌਰਵ, ਕਸ਼ਾਇ, ਦੰਡ, ਸ਼ਲਯ, ਭੈ, ਹਾਸੇ ਅਤੇ ਦੁੱਖ ਤੋਂ ਮੁਕਤ, ਸਵਰਗ ਲਈ ਭਗਤੀ ਨਾ ਕਰਨ ਵਾਲਾ ਅਤੇ ਉਹ ਹਰ ਤਰ੍ਹਾਂ ਦੇ ਬੰਧਨਾਂ ਤੋਂ ਰਹਿਤ ਹੁੰਦਾ ਹੈ।

(349)ਉਹ ਇਸ ਲੋਕ ਤੇ ਪਰਲੋਕ ਤੋਂ ਨਿਰਲੇਪ, ਵਸੂਲੇ ਨਾ ਛਿਲਣ ਤੇ ਜਾਂ ਚੰਦਨ ਨਾਲ ਲੇਪ ਕਰਨ ਤੇ, ਭੋਜਨ ਮਿਲਨ ਤੇ ਜਾਂ ਨਾ ਮਿਲਣ ਤੇ ਇਕ ਤਰ੍ਹਾਂ ਦੀ ਹੀ ਭਾਵਨਾ ਰੱਖਦਾ ਹੈ।

(350)ਅਜਿਹੇ ਸ੍ਰਮਣ ਕਰਮ ਪੁਦਗਲ (ਪਾਪਾਂ ਦੇ ਆਉਣ ਦੇ ਕਾਰਨ) ਨੂੰ ਰੋਕ ਕੇ, ਅਧਿਆਤਮ ਸੰਬੰਧੀ ਗਿਆਨ ਯੋਗਾਂ ਦੇ ਰਾਹ ਤੇ ਚੱਲ ਕੇ ਸੰਜਮ ਵਿਚ ਲੱਗਦਾ ਹੈ।

(351)ਭੁੱਖ, ਪਿਆਸ, ਉੱਚੀ ਨੀਚੀ ਜ਼ਮੀਨ, ਠੰਢ, ਗਰਮੀ, ਅਰਤਿ, ਭੈ ਆਦਿ ਤੋਂ ਬਿਨਾਂ ਦੁਖੀ ਹੋਏ ਸਹਿਣ ਕਰਨਾ ਚਾਹੀਦਾ ਹੈ ਕਿਉਂਕਿ ਸਰੀਰਿਕ ਦੁੱਖਾਂ ਨੂੰ ਸਮਭਾਵ ਨਾਲ ਸਹਿਣਾ ਮਹਾਂਫਲਦਾਈ ਹੁੰਦਾ ਹੈ।

(352)ਵੇਖੋ ! ਸਭ ਗਿਆਨੀਆਂ ਨੇ ਅਜਿਹੇ ਤਪ ਦਾ ਢੰਗ ਦੱਸਿਆ ਹੈ ਜਿਸ ਵਿਚ ਸੰਜਮ ਨੂੰ ਮੁੱਖ ਰੱਖ ਕੇ ਦਿਨ ਵਿਚ ਕੇਵਲ ਇਕ ਵਾਰ ਭੋਜਨ ਕਰਨਾ ਚਾਹੀਦਾ ਹੈ।

(353)ਸਮਤਾ ਤੋਂ ਰਹਿਤ ਸ੍ਰਮਣ ਦਾ ਬਨਵਾਸ, ਸਰੀਰ ਨੂੰ ਕਸ਼ਟ ਦੇਣਾ, ਅਚੰਭੇ ਵਾਲੇ ਵਰਤ, ਅਧਿਐਨ ਅਤੇ ਚੁੱਪ ਬੇਅਰਥ ਹੈ।

(354)ਗਿਆਨੀ ਤੇ ਸ਼ਾਂਤ ਹੋ ਕੇ ਸੰਜਮ ਭਾਵ ਨਾਲ ਪਿੰਡ ਸ਼ਹਿਰ ਵਿਚ ਘੁੰਮੇ। ਸ਼ਾਂਤੀ ਦੇ ਰਾਹ ਤੇ ਚੱਲੋ। ਹੇ ਗੌਤਮ ! ਥੋੜ੍ਹੇ ਸਮੇਂ ਲਈ ਵੀ ਗਫਲਤ ਨਾ ਕਰੋ।

(355)ਭਵਿੱਖ ਵਿਚ ਲੋਕ ਆਖਣਗੇ "ਅੱਜ ਜਿਨ" ਵਿਖਾਈ ਨਹੀਂ ਦਿੰਦੇ ਤੇ ਮਾਰਗਦਰਸ਼ਕ ਹਨ ਉਹ ਵੀ ਇਕ ਮਤ ਨਹੀਂ ਹਨ। ਪਰ ਤੁਹਾਨੂੰ ਨਿਆਂ ਦਾ ਮਾਰਗ ਪ੍ਰਾਪਤ ਹੋ ਗਿਆ ਹੈ। ਇਸ ਲਈ ਹੇ ਗੌਤਮ ! ਥੋੜ੍ਹੇ ਸਮੇਂ ਲਈ ਵੀ ਗਫਲ ਨਾ ਕਰੋ।

(ਅ) ਭੇਸ਼ - ਲਿੰਗ

(356)ਅਸੰਜਮ ਸਥਾਨ ਵਿਚ ਵਰਤਮਾਨ ਸ੍ਰਮਣ ਦਾ ਭੇਖ ਹੀ ਸਭ ਕੁਝ ਨਹੀਂ ; ਕਿਉਂਕਿ ਭੇਸ਼ ਤਾਂ ਅਸੰਜਮੀ ਵੀ ਧਾਰਨ ਕਰਦੇ ਹਨ ਕੀ ਭੇਸ਼ ਬਦਲਣ ਨਾਲ ਜ਼ਹਿਰ ਖਾ ਚੁੱਕਾ ਮਨੁੱਖ ਮਰਨ ਤੋਂ ਬਚ ਸਕਦਾ ਹੈ ?

(357)ਲੋਕਾਂ ਦੀ ਪਛਾਣ ਲਈ ਭਿੰਨ ਭਿੰਨ ਪ੍ਰਕਾਰ ਦੇ ਭੇਸ਼ਾਂ ਦੀ ਕਲਪਨਾ ਕੀਤੀ ਗਈ ਹੈ। ਸੰਜਮ ਯਾਤਰਾ ਦੇ ਨਿਰਵਾਹ ਲਈ ਅਤੇ "ਮੈਂ ਸਾਧੂ ਹਾਂ" ਇਸ ਗੱਲ ਨੂੰ ਚੇਤੇ ਰੱਖਣ ਲਈ ਲਿੰਗ (ਭੇਸ਼) ਦੀ ਜ਼ਰੂਰਤ ਹੈ।

(358)ਸੰਸਾਰ ਵਿਚ ਸਾਧੂਆਂ ਤੇ ਗ੍ਰਹਿਸਥਾਂ ਦੇ ਭਿੰਨ-ਭਿੰਨ ਭੇਸ਼ ਹਨ। ਜਿਨ੍ਹਾਂ ਨੂੰ ਧਾਰਨ ਕਰਕੇ ਮੂਰਖ ਇਸ ਪ੍ਰਕਾਰ ਆਖਦੇ ਹਨ ਕਿ "ਇਸ ਤਰ੍ਹਾਂ ਦਾ ਕੋਈ ਖਾਸ ਭੇਸ ਹੀ ਮੁਕਤੀ ਦਾ ਕਾਰਨ ਹੈ।

(359)ਜੋ ਖਾਲੀ ਮੁੱਠੀ ਦੀ ਤਰ੍ਹਾਂ ਸਾਰ ਰਹਿਤ ਹੈ, ਖੋਟੇ ਸਿੱਕੇ ਦੀ ਤਰ੍ਹਾਂ ਫਿਜ਼ੂਲ ਹੈ, ਬੇਡੂਰੀਆ ਮਨੀ ਦੀ ਤਰ੍ਹਾਂ ਚਮਕਨ ਵਾਲੀ

ਕਾਂਚਮਣੀ ਹੈ। ਇਨ੍ਹਾਂ ਚੀਜ਼ਾਂ ਦਾ ਗਿਆਨੀਆਂ ਲਈ ਕੋਈ ਮੁੱਲ ਨਹੀਂ।

(360)ਅਸਲ ਵਿਚ ਭਾਵ ਹੀ ਪਹਿਲਾਂ ਜਾਂ ਮੁੱਖ ਲਿੰਗ (ਭੇਸ) ਹੈ। ਦਰਵ ਲਿੰਗ ਦਾ ਕੋਈ ਮਤਲਬ ਨਹੀਂ, ਕਿਉਂਕਿ ਭਾਵ ਨੂੰ ਹੀ ਜਿਨਦੇਵ ਨੇ ਗੁਣਾਂ ਦੋਸ਼ਾਂ ਦਾ ਕਾਰਨ ਦੱਸਿਆ ਹੈ।

(361)ਭਾਵਨਾਵਾਂ ਦੀ ਸ਼ੁੱਧੀ ਲਈ ਬਾਹਰਲੇ ਪਰਿਗ੍ਰਹਿ ਦਾ ਤਿਆਗ ਕੀਤਾ ਜਾਂਦਾ ਹੈ। ਜਿਸ ਦੇ ਮਨ ਵਿਚ ਪਰਿਗ੍ਰਹਿ ਦੀ ਵਾਸਨਾ ਹੈ, ਉਸ ਦਾ ਬਹਾਰਲਾ ਤਿਆਗ ਫਿਜ਼ੂਲ ਹੈ।

(362)ਅਸ਼ੁੱਧ ਪਰਿਨਾਮਾਂ (ਭਾਵਨਾਵਾਂ) ਦੇ ਰਹਿੰਦੇ ਹੋਏ ਵੀ ਜੋ ਬਾਹਰਲੇ ਪਰਿਗ੍ਰਹਿ ਦਾ ਤਿਆਗ ਕਰਦਾ ਹੈ ਤਾਂ ਉਸ ਦਾ ਬਾਹਰਲਾ ਤਿਆਗ ਅਰਥਹੀਣ ਹੈ।

(363)ਜੋ ਸਰੀਰ ਦੀ ਮਮਤਾ ਨਹੀਂ ਕਰਦਾ, ਮਾਨ ਆਦਿ ਕਸ਼ਾਇਆਂ ਤੋਂ ਪੂਰੀ ਤਰ੍ਹਾਂ ਮੁਕਤ ਹੈ ਅਤੇ ਜੋ ਆਪਣੀ ਆਤਮਾ ਵਿਚ ਲੀਨ ਹੈ, ਉਹ ਹੀ ਸਾਧੂ ਭਾਵ ਲਿੰਗੀ ਹੈ।

# 25. ਵਰਤ ਸੂਤਰ

(364)ਅਹਿੰਸਾ, ਸਤਯ (ਸੱਚ), ਅਸਤੇਯ (ਚੋਰੀ ਨਾ ਕਰਨਾ), ਬ੍ਰਹਮਚਰਜ ਅਤੇ ਅਪਰਿਗ੍ਰਹਿ ਇਨ੍ਹਾਂ ਪੰਜ ਮਹਾਵਰਤਾਂ ਨੂੰ ਸਵੀਕਾਰ ਕਰਕੇ ਵਿਦਵਾਨ ਮੁਨੀ 'ਜਿਨਾਂ' ਰਾਹੀਂ ਫੁਰਮਾਏ ਧਰਮ ਦਾ ਪਾਲਣ ਕਰੇ।

(365)ਨਿਸ਼ਲਯੀ ਵਰਤੀ (ਕੰਡੇ ਰਹਿਤ) ਦੇ ਹੀ ਇਹ ਸਭ ਮਹਾਵਰਤ ਹੁੰਦੇ ਹਨ ਕਿਉਂਕਿ ਨਿਦਾਨ (ਸਵਰਗ ਦੀ ਇੱਛਾ ਲਈ) ਭਗਤੀ ਕਰਨਾ, ਮਿੱਥਿਆਤਵ, ਮਾਇਆ ਇਨ੍ਹਾਂ ਤਿੰਨਾਂ ਸ਼ਲਯ (ਕੰਡਿਆਂ) ਦਾ ਖ਼ਾਤਮਾ ਹੁੰਦਾ ਹੈ।

(366)ਜੋ ਵਰਤੀ ਮੋਕਸ਼ ਸੁੱਖ ਦੀ ਭਾਵਨਾ ਨੂੰ ਛੱਡ ਕੇ ਦੇਵਤੇ ਬਨਣ ਦੀ ਇੱਛਾ ਕਰਦਾ ਹੈ, ਉਹ ਕੰਚ ਦੇ ਟੁਕੜੇ ਦੇ ਲਈ ਬੇਡੂਰੀਆ ਮਨੀ ਨੂੰ ਗੁਆ ਬੈਠਦਾ ਹੈ।

(367)ਕੁਲ, ਯੋਨੀ, ਜੀਵ ਸਮਾਨ, ਮਾਰਗਨਾ ਸਥਾਨ ਆਦਿ ਦੀ ਜੀਵਾਂ ਨੂੰ ਜਾਣ ਕੇ ਉਨਾਂ ਨਾਲ ਸੰਬੰਧਿਤ ਆਰੰਭ (ਹਿੰਸਾ ਤੋਂ ਰਹਿਤ) ਤੋਂ ਛੁਟਕਾਰਾ ਹੀ ਪਹਿਲਾ ਅਹਿੰਸਾ ਦਾ ਵਰਤ ਹੈ।

(368)ਅਹਿੰਸਾ ਸਭ ਆਸਰਮਾ ਦਾ ਦਿਲ ਹੈ। ਸਭ ਸ਼ਾਸਤਰਾਂ ਦਾ ਭੇਦ ਅਤੇ ਸਭ ਵਰਤਾਂ ਤੇ ਗੁਣਾਂ ਦਾ ਟੁਕੜਾ ਜਾਂ ਸਾਰ ਹੈ।

(369)ਆਪਣੇ ਜਾਂ ਕਿਸੇ ਲਈ ਵੀ ਕਰੋਧ ਜਾਂ ਭੈ ਆਦਿ ਦੇ ਵਸ ਹੋ ਕੇ ਹਿੰਸਾ ਨਾਲ ਭਰੇ, ਝੂਠੇ ਬਚਨ ਨਾ ਤਾਂ ਆਪ ਬੋਲੋ ਅਤੇ ਨਾ ਦੂਸਰੇ ਤੋਂ ਬੁਲਵਾਏ। ਇਹ ਦੂਸਰਾ ਸਤਯ ਵਰਤ ਹੈ।

(370)ਪਿੰਡ, ਸ਼ਹਿਰ ਅਤੇ ਜੰਗਲ ਵਿਚ ਦੂਸਰੇ ਦੀ ਚੀਜ਼ ਵੇਖ ਕੇ ਉਸ ਨੂੰ ਗ੍ਰਹਿਣ ਕਰਨ ਦੀ ਭਾਵਨਾ ਤਿਆਗਨ ਵਾਲਾ ਸਾਧੂ ਤੀਸਰੇ ਅਚੋਰਯ (ਅਸਤੇਯ) ਵਰਤ ਦਾ ਧਨੀ ਹੁੰਦਾ ਹੈ।

(371)ਜਾਨਦਾਰ ਜਾਂ ਬੇਜਾਨ, ਥੋੜ੍ਹਾ ਜਾਂ ਬਹੁਤ, ਇੱਥੋਂ ਤੱਕ ਦੰਦ ਕੁਰੇਦਨ ਵਾਲਾ ਤਿਨਕਾ ਵੀ ਸਾਧੂ ਬਿਨਾਂ ਇਜਾਜ਼ਤ ਦੇ ਗ੍ਰਹਿਣ ਨਾ ਕਰੇ।

(372)ਭੋਜਨ ਲਈ ਜਾਣ ਵਾਲਾ, ਮਨਾਹੀ ਯੋਗ ਥਾਵਾਂ ਤੇ ਨਹੀਂ ਜਾਣਾ ਚਾਹੀਦਾ। ਕੁੱਲ ਦੀ ਭੂਮੀ ਜਾਨ ਕੇ ਮਿਤ (ਠੀਕ) ਭੂਮੀ ਤੱਕ ਜਾਣਾ ਚਾਹੀਦਾ ਹੈ।

(373)ਮੈਥੁਨ (ਸੰਭੋਗ) ਅਧਰਮ ਦੀ ਮੂਲ (ਜੜ੍ਹ) ਹੈ। ਮਹਾਨ ਗੁਨਾਹਾਂ ਦਾ ਇਕੱਠ ਹੈ। ਇਸ ਲਈ ਬ੍ਰਹਮਚਰਜ ਦਾ ਧਾਰਨ ਕਰਨ ਵਾਲਾ ਨਿਰਗ੍ਰੰਥ ਸਾਧੂ ਹਮੇਸ਼ਾ ਲਈ ਕਾਮ ਭੋਗ ਛੱਡ ਦਿੰਦੇ ਹਨ।

(374)ਬੁੱਢੀ, ਬੱਚੀ ਅਤੇ ਨੌਜਵਾਨ ਔਰਤ ਇਨ੍ਹਾਂ ਇਸਤਰੀਆਂ ਦੇ ਤਿੰਨੇ ਰੂਪਾਂ ਅਤੇ ਪ੍ਰਤੀਰੂਪਾਂ (ਚਿੱਤਰ ਮੂਰਤੀ) ਨੂੰ ਵੀ ਮਾਂ, ਪੁੱਤਰੀ ਅਤੇ ਭੈਣ ਦੀ ਤਰ੍ਹਾਂ ਸਮਝਣਾ ਅਤੇ ਇਸਤਰੀਆਂ ਦੀ (ਹਾਰ ਸ਼ਿੰਗਾਰ ਤੇ ਕਾਮ ਕਥਾ) ਕਥਾ ਤੋਂ ਛੁਟਕਾਰਾ ਪਾਉਣਾ ਚੌਥਾ ਬ੍ਰਹਮਚਰਜ ਵਰਤ ਹੈ। ਇਹ ਬ੍ਰਹਚਰਜ ਤਿੰਨ ਲੋਕਾਂ ਵਿਚ ਸਤਿਕਾਰਯੋਗ ਹੈ।

(375)ਨਿਰਪੱਖ ਭਾਵਨਾ ਨਾਲ ਚਾਰਿੱਤਰ ਰੂਪੀ ਭਾਰ ਢੋਣ ਵਾਲਾ ਸਾਧੂ, ਬਾਹਰਲੇ ਅੰਦਰਲੇ ਸਾਰੇ ਪਰਿਗ੍ਰਹਿ ਦਾ ਤਿਆਗੀ ਹੀ ਪੰਜਵਾਂ ਪਰਿਗ੍ਰਹਿ ਤਿਆਗ ਨਾਉਂ ਦਾ ਮਹਾਵਰਤ ਕਿਹਾ ਗਿਆ ਹੈ।

(376)ਜਿਵੇਂ ਭਗਵਾਨ ਅਰਿਹੰਤ ਦੇਵ ਨੇ ''ਮੁਕਤੀ ਦੇ ਇਛੁੱਕ ਨੂੰ ਸਰੀਰ ਵੀ ਪਰਿਗ੍ਰਹਿ ਹੈ'' ਆਖ ਕੇ ਦੇਹ ਦਾ ਮੋਹ ਛੱਡਣ ਦਾ

ਉਪਦੇਸ਼ ਦਿੱਤਾ ਹੈ, ਤਾਂ ਹੋਰ ਪਰਿਗ੍ਰਹਿ ਦਾ ਤਾਂ ਸਵਾਲ ਹੀ ਬੇਕਾਰ ਹੈ।

(377)ਜੋ ਜ਼ਰੂਰੀ ਚੀਜ਼ ਹੈ ਅਤੇ ਜੋ ਸੰਜਮੀ ਲਈ ਨਫ਼ਰਤ ਦਾ ਕਾਰਨ ਹੈ। ਜੋ ਮਮਤਾ ਪੈਦਾ ਨਹੀਂ ਕਰਦੀ ਅਜਿਹੀ ਵਸਤੂ ਸਾਧੂ ਗ੍ਰਹਿਣ ਕਰ ਸਕਦਾ ਹੈ। ਇਸ ਤੋਂ ਉਲਟ ਸਾਧੂ ਲਈ ਥੋੜ੍ਹੀ ਕੀਮਤ ਦਾ ਪਰਿਗ੍ਰਹਿ ਵੀ ਗ੍ਰਹਿਣ ਕਰਨ ਯੋਗ ਨਹੀਂ।

(378)ਭੋਜਨ ਜਾਂ ਸਫ਼ਰ ਵਿਚ ਦੇਸ਼, ਕਾਲ, ਮਿਹਨਤ, ਆਪਣੀ ਸ਼ਕਤੀ ਅਤੇ ਜੋ ਜ਼ਰੂਰਤ ਨੂੰ ਜਾਣ ਕੇ, ਜੋ ਸ੍ਰਮਣ ਇਨ੍ਹਾਂ ਗੱਲਾਂ ਦਾ ਪਾਲਣ ਕਰਦਾ ਹੈ, ਉਸ ਨੂੰ ਥੋੜ੍ਹੇ ਕਰਮਾਂ ਦਾ ਸੰਗ੍ਰਹਿ ਹੁੰਦਾ ਹੈ।

(379)ਗਿਆਤਾ ਪੁੱਤਰ ਭਗਵਾਨ ਮਹਾਵੀਰ ਨੇ ਪਰਿਗ੍ਰਹਿ (ਵਸਤਾਂ) ਨੂੰ ਹੀ ਪਰਿਗ੍ਰਹਿ ਨਹੀਂ ਕਿਹਾ। ਸਗੋਂ ਉਸ ਮਹਾਰਿਸ਼ੀ ਨੇ ਤਾਂ ਚੀਜ਼ਾਂ ਦੇ ਪ੍ਰਤਿ ਮੋਹ ਤੇ ਲਾਲਸਾ ਨੂੰ ਪਰਿਗ੍ਰਹਿ ਕਿਹਾ ਹੈ।

(380)ਸਾਧੂ ਥੋੜ੍ਹਾ ਜਿਹਾ ਵੀ ਸੰਗ੍ਰਹਿ ਨਾ ਕਰੇ। ਪੰਛੀ ਦੀ ਤਰ੍ਹਾਂ ਸੰਗ੍ਰਹਿ ਤੋਂ ਨਿਰਪੱਖ ਰਹਿ ਕੇ, ਕੇਵਲ ਸੰਜਮ ਦੀ ਰੱਖਿਆ ਲਈ ਵਸਤਾਂ ਦੀ ਵਰਤੋਂ ਕਰੇ।

(381)ਬਿਸਤਰਾ, ਤਖ਼ਤਪੋਸ਼, ਆਸਨ ਅਤੇ ਭੋਜਨ ਪ੍ਰਾਪਤ ਹੋਣ ਤੇ ਵੀ ਜੋ ਥੋੜ੍ਹੇ ਵਿਚ ਹੀ ਗੁਜ਼ਾਰਾ ਕਰਦਾ ਹੈ, ਜ਼ਿਆਦਾ ਗ੍ਰਹਿਣ ਨਹੀਂ ਕਰਦਾ, ਉਹ ਸੰਤੋਖ ਵਿਚ ਹੀ ਮੁੱਖ ਰੂਪ ਵਿਚ ਰਹਿਣ ਵਾਲਾ ਸਤਿਕਾਰਯੋਗ ਸਾਧੂ ਹੁੰਦਾ ਹੈ।

(382)ਸੰਪੂਰਨ ਪਰਿਗ੍ਰਹਿ ਤੋਂ ਰਹਿਤ, ਰਸਾਂ ਦੇ ਪ੍ਰਾਪਤ ਹੋਣ ਤੇ ਵੀ ਇਕ ਸੁਰਤਾ ਰੱਖਣ ਵਾਲਾ, ਸੂਰਜ ਛੁਪਣ ਤੋਂ ਬਾਅਦ ਤੇ ਸੂਰਜ ਨਿਕਲਣ ਤੋਂ ਪਹਿਲਾਂ ਕਿਸੇ ਪ੍ਰਕਾਰ ਦੇ ਭੋਜਨ ਦੀ ਇੱਛਾ ਮਨ ਵਿਚ

ਨਾ ਕਰੇ।

(383)ਇਸ ਧਰਤੀ ਤੇ ਅਜਿਹੇ ਤਰੱਸ ਅਤੇ ਸਥਾਵਰ ਆਦਿ ਸੂਖਮ ਜੀਵ ਘੁੰਮਦੇ ਹਨ ਜੋ ਰਾਤ ਦੇ ਹਨ੍ਹੇਰੇ ਵਿਚ ਵਿਖਾਈ ਨਹੀਂ ਦਿੰਦੇ। ਇਸ ਲਈ ਅਜਿਹੇ ਸਮੇਂ ਸਾਧੂ ਨੂੰ ਸ਼ੁੱਧ ਭੋਜਨ ਕਿਵੇਂ ਪ੍ਰਾਪਤ ਹੋ ਸਕਦਾ ਹੈ।

# 26. ਸਮਿਤੀ ਗੁਪਤੀ ਸੂਤਰ

### (ੳ) ਅੱਠ ਪ੍ਰਵਚਨ ਮਾਤਾ

(384)(1) ਈਰੀਆ (2) ਭਾਸ਼ਾ (3) ਏਸ਼ਨਾ (4) ਆਦਾਨ-ਨਿਕਸ਼ੇਪਨ (5) ਉੱਚਾਰ (ਮਲ ਮੂਤਰ ਦਾ ਤਿਆਗ) ਇਹ ਪੰਜ ਸਮਿਤੀਆਂ ਹਨ। (1) ਮਨ ਗੁਪਤੀ (2) ਬਚਨ ਗੁਪਤੀ (3) ਕਾਇਆ ਗੁਪਤੀ, ਇਹ ਤਿੰਨ ਗੁਪਤੀਆਂ ਹਨ।

(385)ਇਹ ਅੱਠ ਪ੍ਰਵਚਨ ਮਾਵਾਂ ਹਨ। ਜਿਵੇਂ ਸਾਵਧਾਨ ਪੁੱਤਰ ਆਪਣੀ ਮਾਂ ਦੀ ਰੱਖਿਆ ਕਰਦਾ ਹੈ। ਇਸੇ ਪ੍ਰਕਾਰ ਸਾਵਧਾਨੀ ਨਾਲ ਇਨ੍ਹਾਂ ਅੱਠ ਪ੍ਰਵਚਨ ਮਾਵਾਂ ਦੀ ਰੱਖਿਆ ਕਰਨ ਨਾਲ, ਮੁਨੀ ਦੇ ਗਿਆਨ, ਦਰਸ਼ਨ ਤੇ ਚਾਰਿੱਤਰ ਦੀ ਰੱਖਿਆ ਹੁੰਦੀ ਹੈ।

(386)ਇਹ ਪੰਜ ਸਮਿਤੀਆਂ ਚਾਰਿੱਤਰ ਦੇ ਵਿਕਾਸ ਲਈ ਹਨ ਅਤੇ ਤਿੰਨ ਗੁਪਤੀਆਂ ਸਾਰੇ ਅਸ਼ੁਭ ਕੰਮਾਂ ਤੋਂ ਛੁਟਕਾਰਾ ਦਿਵਾਉਣ ਵਾਲੀਆਂ ਹਨ।

(387)ਪਰਵਿਰਤੀ ਤੋਂ ਹਟੇ ਮਨੁੱਖ ਨੂੰ ਆਉਣ ਜਾਣ ਆਦਿ ਮੂਲ ਦੋਸ਼ ਨਹੀਂ ਲੱਗਦੇ। ਉਸੇ ਪ੍ਰਕਾਰ ਸੱਮਿਅਕਤਵੀ ਪੁਰਸ਼ ਨੂੰ ਇਹ ਦੋਸ਼ ਨਹੀਂ ਲੱਗਦੇ। ਜਿਵੇਂ ਨਿਵਰਤ ਪੁਰਸ਼ ਪ੍ਰਮਾਦ ਨੂੰ ਰੋਕਦਾ ਹੈ, ਉਸੇ ਤਰ੍ਹਾਂ ਸੱਮਿਅਕਤਵ ਵਿਚ ਲੱਗਿਆ ਪੁਰਸ਼ ਕਿਰਿਆਸ਼ੀਲ ਹੋਣ ਤੇ ਵੀ ਪ੍ਰਮਾਦ ਨੂੰ ਰੋਕਦਾ ਹੈ।

(388)ਜੀਵ ਮਰੇ ਜਾਂ ਜੀਵੇ, ਅਯਤਨਾਚਾਰੀ (ਗਾਫਲ ਜਾਂ ਸਾਵਧਾਨੀ ਨਾ ਰੱਖਣ ਵਾਲੇ) ਨੂੰ ਹਿੰਸਾ ਦਾ ਪਾਪ ਜ਼ਰੂਰ ਲੱਗਦਾ ਹੈ।

ਪਰ ਜੋ ਸਮਿਤੀਆਂ ਦਾ ਪਾਲਣ ਕਰਦਾ ਹੈ, ਜੇ ਉਸ ਤੋਂ ਹਿੰਸਾ ਹੋ ਵੀ ਜਾਵੇ ਤਾਂ ਵੀ ਉਹ ਹਿੰਸਾ ਕਾਰਨ ਕਰਮਾਂ ਦਾ ਬੰਧ (ਸੰਗ੍ਰਹਿ) ਨਹੀਂ ਕਰਦਾ।

(389–390) 'ਸਮਿਤੀ ਦਾ ਪਾਲਨ ਕਰਦੇ ਸਮੇਂ ਸਾਧੂ ਤੋਂ ਜੋ ਅਚਾਨਕ ਹਿੰਸਾ ਹੋ ਜਾਂਦੀ ਹੈ, ਉਹ ਕੇਵਲ ਦਰੱਵ ਹਿੰਸਾ ਤੋਂ ਭਾਵ ਹਿੰਸਾ ਨਹੀਂ। ਜੋ ਅਸੰਜਮੀ ਜਾਂ ਪ੍ਰਮੱਤ ਹੁੰਦੇ ਹਨ ਉਹ ਸਦਾ ਜੀਵ ਹਿੰਸਾ ਨਹੀਂ ਕਰਦੇ। ਫਿਰ ਵੀ ਉਹਨਾਂ ਤੋਂ ਭਾਵ ਹਿੰਸਾ ਹੁੰਦੀ ਰਹਿੰਦੀ ਹੈ।

ਕਿਸੇ ਜੀਵ ਦੀ ਹੱਤਿਆ ਹੋ ਜਾਨ ਤੇ ਜਿਵੇਂ ਅਯਤਨਾਚਾਰੀ ਸੰਜਤ ਅਤੇ ਅਸੰਜਤ (ਗ੍ਰਹਿਸਥ) ਨੂੰ ਜਿਵੇਂ ਦਰੱਵ ਤੇ ਭਾਵ ਦੋਹਾਂ ਪ੍ਰਕਾਰ ਦੀ ਹਿੰਸਾ ਦਾ ਪਾਪ ਲੱਗਦਾ ਹੈ, ਉਸੇ ਪ੍ਰਕਾਰ ਚਿੱਤ ਸ਼ੁੱਧੀ ਵਾਲੇ ਸਮਿਤੀ ਦੇ ਧਾਰਕ ਸਾਧੂ (ਸੱਚੇ ਮਨ ਰਾਹੀਂ) ਘਾਤ ਨਾ ਕਰਨ ਕਾਰਨ ਦਰਵ ਅਤੇ ਭਾਵ ਦੋਹਾਂ ਪ੍ਰਕਾਰ ਦੀ ਅਹਿੰਸਾ ਦਾ ਪਾਲਣ ਕਰਦਾ ਹੈ।

(391–392) ਈਰੀਆ ਸਮਿਤੀ ਨਾਲ ਤੁਰਨ ਫਿਰਨ ਵਾਲੇ ਮੁਨੀ ਦੇ ਪੈਰ ਦੇ ਹੇਠਾਂ ਜੇ ਕੋਈ ਜੀਵ ਆ ਕੇ ਮਰ ਜਾਵੇ ਤਾਂ ਆਗਮ (ਸ਼ਾਸਤਰ) ਆਖਦਾ ਹੈ ਕਿ ਤਾਂ ਸਾਧੂ ਨੂੰ ਸੂਖਮ (ਥੋੜ੍ਹਾ ਜਿਹਾ) ਵੀ ਪਾਪ ਨਹੀਂ ਲੱਗਦਾ ਨਾ ਹੀ ਕਰਮਾਂ ਦਾ ਸੰਗ੍ਰਹਿ ਹੁੰਦਾ ਹੈ ਜਿਵੇਂ ਸ਼ਾਸਤਰ ਨੇ ਲਗਾਵ ਨੂੰ ਪਰਿਗ੍ਰਹਿ ਕਿਹਾ ਹੈ, ਉਸੇ ਪ੍ਰਕਾਰ ਪ੍ਰਮਾਦ (ਅਣਗਹਿਲੀ, ਅਸਾਵਧਾਨੀ ਜਾਂ ਗਫਲਤ) ਨੂੰ ਵੀ ਹਿੰਸਾ ਕਿਹਾ ਗਿਆ ਹੈ।

(393)ਜਿਵੇਂ ਆਪਸੀ ਸੰਬੰਧ ਹੋਣ ਤੇ ਵੀ ਕਮਲ ਪਾਣੀ ਨਾਲ

ਨਹੀਂ ਲਿਬੜਦਾ, ਉਸੇ ਪ੍ਰਕਾਰ ਸਮਿਤੀ ਵਾਲਾ ਜੀਵਾਂ ਦੇ ਵਿਚ ਰਹਿੰਦਾ ਹੋਇਆ ਸਾਧੂ ਵੀ ਪਾਪ (ਕਰਮਬੰਧ) ਨਾਲ ਨਹੀਂ ਲਿਬੜਦਾ।

(394-395) ਯਤਨਾਂ (ਸਾਵਧਾਨੀ) ਧਰਮ ਦੀ ਮਾਂ ਹੈ। ਸਾਵਧਾਨ ਮਨੁੱਖ ਹੀ ਧਰਮ ਦਾ ਪਾਲਣ ਕਰਦਾ ਹੈ। ਸਾਵਧਾਨੀ ਧਰਮ ਵਿਚ ਵਾਧਾ ਕਰਦੀ ਹੈ। ਸਾਵਧਾਨੀ ਹੀ ਸੱਚਾ ਸੁੱਖ ਹੈ।

(ਅ) ਸਮਿਤੀ

(396)ਜ਼ਰੂਰਤ ਪੈਣ ਤੇ ਪ੍ਰਾਸੁਕ ਮਾਰਗ (ਜੀਵ ਰਹਿਤ) ਤੋਂ (ਜਿਸ ਰਾਹ ਤੇ ਪਹਿਲਾਂ ਲੋਕ ਤੁਰ ਜਾਂ ਚੱਲ ਚੁੱਕੇ ਹੋਣ) ਯੁੱਗ ਮਾਤਰ (ਸਰੀਰ ਅਕਾਰ) ਚਾਰ ਹੱਥ ਜ਼ਮੀਨ ਵੇਖਦਾ ਹੋਇਆ, ਜੀਵਾਂ ਦੀ ਹਿੰਸਾ ਤੋਂ ਬਚਦੇ ਹੋਏ ਚੱਲਣਾ ਈਰੀਆ ਸਮਿਤੀ ਹੈ।

(397)ਇੰਦਰੀਆਂ ਦੇ ਵਿਸ਼ੇ ਵਿਕਾਰ ਅਤੇ ਪੰਜ ਪ੍ਰਕਾਰ ਦੇ ਸਵਾਧਿਆਏ (ਕੰਮ) ਛੱਡ ਕੇ ਕੇਵਲ ਚੱਲਣ ਵਿਚ, ਸਾਵਧਾਨੀ ਵਰਤਨੀ ਚਾਹੀਦੀ ਹੈ।

(398)ਤੁਰਦੇ ਸਮੇਂ ਇਸ ਗੱਲ ਦੀ ਪੂਰੀ ਸਾਵਧਾਨੀ ਰੱਖਣੀ ਚਾਹੀਦੀ ਹੈ ਕਿ ਭਿੰਨ-ਭਿੰਨ ਪ੍ਰਕਾਰ ਦੇ ਜੀਵ ਜੰਤੂ, ਪਸ਼ੂ ਪੰਛੀ, ਇਧਰ ਉਧਰ ਚਰਨ ਲਈ ਇੱਕਠੇ ਹੋ ਗਏ ਹੋਣ ਤਾਂ ਉਨ੍ਹਾਂ ਦੇ ਸਾਹਮਣੇ ਦੀ ਨਹੀਂ ਗੁਜ਼ਰਨਾ ਚਾਹੀਦਾ ਤਾਂ ਕਿ ਉਹ ਨਿਰਡ ਹੋ ਕੇ ਚਰਦੇ ਰਹਿਣ।

(399)ਕਿਸੇ ਦੇ ਪੁੱਛਣ ਤੇ ਵੀ ਆਪਣੇ ਜਾਂ ਹੋਰ ਲਈ ਜਾਂ ਦੋਹਾਂ ਲਈ ਨਾ ਪਾਪਕਾਰੀ ਭਾਸ਼ਾ ਬੋਲੇ, ਨਾ ਬੇਅਰਥ ਬੋਲੇ ਅਤੇ ਨਾ ਦਿਲ ਦੁਖਾਉਣ ਵਾਲੀ ਭਾਸ਼ਾ ਬੋਲੇ।

(400)ਕਠੋਰ ਤੇ ਪ੍ਰਾਣੀਆਂ ਦਾ ਉਪਘਾਤ (ਕਸ਼ਟ) ਪਹੁੰਚਾਉਣ ਵਾਲੀ ਚੋਟ ਦੇਣ ਵਾਲੀ ਭਾਸ਼ਾ ਨਾ ਬੋਲੇ। ਅਜਿਹਾ ਸੱਚ ਵੀ ਨਾ ਬੋਲੇ ਜੋ ਪਾਪ ਦਾ ਕਾਰਨ ਹੋਵੇ।

(401)ਇਸੇ ਪ੍ਰਕਾਰ ਕਾਣੇ ਨੂੰ ਕਾਣਾ, ਹਿਜੜੇ ਨੂੰ ਹਿਜੜਾ, ਬਿਮਾਰ ਨੂੰ ਰੋਗੀ ਅਤੇ ਚੋਰ ਨੂੰ ਚੋਰ ਨਾ ਆਖੇ।

(402)ਪੇਸ਼ੁਨਯ (ਧੋਖਾ), ਹਾਸਾ, ਕੋੜੇ ਵਾਕ, ਪਰਾਈ ਨਿੰਦਾ, ਆਤਮ ਪ੍ਰਸ਼ੰਸਾ, ਵਿਕਥਾ (ਇਸਤਰੀ, ਰਾਜੇ ਆਦਿ ਦੀ ਕਾਮ ਕਥਾ ਕਰਨਾ) ਦਾ ਤਿਆਗ ਕਰਕੇ, ਆਪਣੇ ਤੇ ਦੂਸਰੇ ਲਈ ਹਿੱਤਕਾਰੀ ਬਚਨ ਬੋਲਣਾ ਭਾਸ਼ਾ ਸਮਿਤੀ ਹੈ।

(403)ਆਤਮਾ ਵਿਚ ਘੁੰਮਣ ਵਾਲਾ ਅਜਿਹੀ ਭਾਸ਼ਾ ਬੋਲੇ (1) ਜੋ ਅੱਖਾਂ ਨਾਲ ਵੇਖੀ ਹੋਵੇ (2) ਮਿੱਤ (ਸੰਖੇਪ) ਹੋਵੇ (3) ਸ਼ੰਕਾ ਤੋਂ ਰਹਿਤ ਹੋਵੇ (4) ਸੱਵਰ ਵਿਅੰਜਨ ਨਾਲ ਭਰਪੂਰ ਹੋਵੇ (5) ਸਾਫ਼ ਹੋਵੇ (6) ਸਹਿਜ ਹੋਵੇ ਅਤੇ (7) ਗੁੱਸੇ ਰਹਿਤ ਹੋਵੇ।

(404)ਮੁਦੱਦਾਯੀ ਸੁਆਰਥ ਰਹਿਤ ਮਲੁੱਖ ਦੁਰਲਭ ਹੈ, ਮੁਧਾਜੀਵੀ (ਭਿਕਸ਼ਾ ਨਾਲ ਗੁਜ਼ਾਰਾ ਕਰਨ ਵਾਲਾ) ਦੁਰਲਭ ਹੈ। ਮੁਦਾਦਾਯੀ ਅਤੇ ਮੁਦਾਜੀਵੀ ਦੋਹੇ ਮੋਕਸ਼ ਨੂੰ ਪ੍ਰਾਪਤ ਕਰਦੇ ਹਨ।

(405)ਉਦਗਮ (ਭੋਜਨ ਬਣਾਉਂਦੇ ਸਮੇਂ) ਦੋਸ਼ਾ ਉਤਪਾਦਨ, ਦੋਸ਼ਾ ਅਤੇ ਅਸ਼ਨ (ਭੋਜਨ ਗ੍ਰਹਿਣ ਸਮੇਂ) ਦਾ ਦੋਸ਼ਾਂ ਤੋਂ ਰਹਿਤ ਭੋਜਨ, ਸਮਾਨ ਅਤੇ ਬਿਸਤਰਾ ਥਾਂ ਆਦਿ ਦੀ ਸ਼ੁੱਧੀ ਦਾ ਧਿਆਨ ਰੱਖਣ ਵਾਲਾ ਮੁਨੀ ਏਸ਼ਨਾ ਸਮਿਤੀ ਦੀ ਹੀ ਸ਼ੁੱਧੀ ਕਰਦਾ ਹੈ।

(406)ਸਾਧੂ ਨਾ ਤਾਂ ਸ਼ਕਤੀ ਲਈ ਅਤੇ ਨਾ ਹੀ ਉਮਰ ਵਧਾਉਣ ਲਈ ਭੋਜਨ ਕਰਦੇ ਹਨ। ਨਾ ਸੁਆਦ ਲਈ ਅਤੇ ਨਾ

ਸਰੀਰ ਦਾ ਤੇਜ਼ ਵਧਾਉਣ ਲਈ ਕਰਦੇ ਹਨ। ਉਹ ਤਾਂ ਗਿਆਨ, ਸੰਜਮ ਅਤੇ ਧਿਆਨ ਵੱਲ ਵੱਧਣ ਲਈ ਭੋਜਨ ਕਰਦੇ ਹਨ।

(407-408) ਜਿਵੇਂ ਭੌਰਾ ਫੁੱਲਾਂ ਨੂੰ ਬਿਨਾਂ ਕਸ਼ਟ ਦਿੱਤੇ ਰਸ ਗ੍ਰਹਿਣ ਕਰਕੇ, ਆਪਣੀ ਭੁੱਖ ਦੂਰ ਕਰਦਾ ਹੈ, ਉਸੇ ਪ੍ਰਕਾਰ ਸੰਸਾਰ ਵਿਚ ਘੁੰਮਣ ਵਾਲੇ, ਅੰਦਰਲੇ ਅਤੇ ਬਾਹਰਲੇ ਪਰਿਗ੍ਰਹਿ ਤੋਂ ਰਹਿਤ ਸ੍ਰਮਣ ਦਾਨੀ ਨੂੰ ਕਸ਼ਟ ਦਿੱਤੇ ਬਿਨਾਂ ਪ੍ਰਾਸ਼ਕ ਭੋਜਨ ਗ੍ਰਹਿਣ ਕਰਦੇ ਹਨ। ਇਹੋ ਉਨ੍ਹਾਂ ਦੀ ਏਸ਼ਨਾ ਸਮਿਤੀ ਹੈ।

(409)ਜੇ ਪ੍ਰਾਸ਼ੁਕ (ਜੀਵ ਰਹਿਤ) ਭੋਜਨ ਕਰਨ ਵਾਲਾ ਸਾਧੂ ਆਧਾ ਕਰਮ (ਆਰੰਭ ਤੋਂ ਹਿੰਸਾ ਰਾਹੀਂ ਤਿਆਰ ਕੀਤਾ ਭੋਜਨ) ਰਾਹੀਂ ਆਪਣੇ ਲਈ ਖਾਸ ਬਣਾਇਆ ਭੋਜਨ ਗ੍ਰਹਿਣ ਕਰਦਾ ਹੈ, ਤਾਂ ਉਹ ਵੀ ਪਾਪ ਦਾ ਭਾਗੀ ਹੈ। ਪਰ ਜੋ ਉਦਗਮ ਆਦਿ ਦੋਸ਼ਾਂ ਤੋਂ ਰਹਿਤ ਸ਼ੁੱਧ ਭੋਜਨ ਦੀ ਗੰਵੇਸ਼ਨਾ (ਦੇਖਭਾਲ) ਕਰਕੇ ਕਦੇ ਆਧਾਕਰਮੀ ਭੋਜਨ ਗ੍ਰਹਿਣ ਕਰ ਵੀ ਲੈਂਦਾ ਹੈ ਤਾਂ ਉਹ ਭਾਵ ਸ਼ੁੱਧ ਹੋਣ ਕਾਰਨ ਉਹ ਸ਼ੁੱਧ ਹੀ ਹੈ।

(410)ਯਤਨਾਂ (ਵਿਵੇਕ) ਨਾਲ ਕੰਮ ਕਰਨ ਵਾਲਾ ਮੁਨੀ ਆਪਣੇ ਦੋਹਾਂ ਪ੍ਰਕਾਰ ਦੇ ਧਾਰਮਿਕ ਚਿੰਨ੍ਹਾਂ ਨੂੰ ਅੱਖਾਂ ਨਾਲ ਵੇਖ ਕੇ ਅਤੇ ਝਾੜ-ਪੂੰਝ ਚੁੱਕੇ ਅਤੇ ਰੱਖੇ। ਇਹ ਆਦਾਨ ਨਿਕਸ਼ੇਪਨ ਸਮਿਤੀ ਹੈ।

(411)ਸਾਧੂ ਨੂੰ ਮੱਲ ਮੂਤਰ ਅਜਿਹੀ ਜਗ੍ਹਾ ਤਿਆਗਨਾ ਚਾਹੀਦੀ ਹੈ ਜੋ ਏਕਾਂਤ ਹੋਵੇ ਗਿੱਲੀ ਬਨਸਪਤੀ ਅਤੇ ਤਰੱਸ ਜੀਵਾਂ ਤੋਂ ਰਹਿਤ ਹੋਵੇ, ਪਿੰਡ ਤੋਂ ਦੂਰ ਹੋਵੇ, ਜਿੱਥੇ ਕੋਈ ਵੇਖ ਨਾ ਸਕੇ,

ਵਿਸ਼ਾਲ ਫੈਲੀ ਹੋਵੇ, ਕੋਈ ਵਿਰੋਧ ਨਾ ਕਰਦਾ ਹੋਵੇ, ਇਹ ਉਚਾਰਾ ਆਦਿ ਤਿਆਗ ਰੂਪ ਸਮਿਤੀ ਹੈ।

## (ਏ) ਗੁਪਤੀ

(412)ਯਤਨਾਂ ਸੰਪਨ (ਸਾਵਧਾਨ, ਜਾਗਰੂਕ) ਸਾਧੂ (1) ਸੰਰਭ (2) ਸਮਾਰੰਭ ਅਤੇ ਆਰੰਭ (ਹਿੰਸਾ ਦੀਆਂ ਕਿਸਮਾਂ) ਵੱਲੋਂ ਮਨ ਨੂੰ ਰੋਕੇ।

(413)ਯਤਨਾਂ ਸੰਪੰਨ (ਸਾਵਧਾਨ) ਸਾਧੂ (1) ਸੰਰਭ (2) ਸਮਾਰੰਭ (3) ਆਰੰਭ ਵੱਲ ਲੱਗੇ ਬਚਨਾਂ ਨੂੰ ਰੋਕੇ।

(414)ਯਤਨਾਂ ਸੰਪੰਨ ਸਾਧੂ (1) ਸੰਰਭ (2) ਸਮਾਰੰਭ (3) ਆਰੰਭ ਵਿਚ ਲੱਗਣ ਵਾਲੀ ਕਾਇਆ (ਸਰੀਰ) ਨੂੰ ਰੋਕੇ।

(415)ਜਿਵੇਂ ਖੇਤ ਦੀ ਵਾੜ ਅਤੇ ਸ਼ਹਿਰ ਦੀ ਪਾਣੀ ਦੀ ਖਾਈ ਸ਼ਹਿਰ ਦੀ ਰੱਖਿਆ ਕਰਦੀ ਹੈ, ਉਸੇ ਪ੍ਰਕਾਰ ਪਾਪਾਂ ਨੂੰ ਰੋਕਣ ਵਾਲੀਆਂ ਗੁਪਤੀਆਂ ਸਾਧੂ ਦੇ ਸੰਜਮ ਦੀਆਂ ਰੱਖਿਅਕ ਹੁੰਦੀਆਂ ਹਨ।

(416)ਜੋ ਮੁਨੀ ਅੱਠ ਪ੍ਰਵਚਨ ਮਾਤਾਵਾਂ ਦਾ ਸੱਮਿਅਕ (ਸਹੀ) ਢੰਗ ਨਾਲ ਪਾਲਣ ਕਰਦਾ ਹੈ, ਉਹ ਗਿਆਨੀ ਛੇਤੀ ਸੰਸਾਰ ਤੋਂ ਮੁਕਤ ਹੋ ਜਾਂਦਾ ਹੈ।

# 27. ਆਵਸ਼ਕ ਸੂਤਰ

(417)ਇਸ ਪ੍ਰਕਾਰ ਦੇ ਭੇਦ ਗਿਆਨ ਹੋ ਜਾਣ ਤੇ ਜੀਵ ਵਿਚਕਾਰਲਾ ਰਸਤਾ ਗ੍ਰਹਿਣ ਕਰਨ ਵਾਲੀ ਭਾਵਨਾ ਵਾਲਾ ਹੋ ਜਾਂਦਾ ਹੈ ਅਤੇ ਇਸ ਰਾਹੀਂ ਚਾਰਿੱਤਰ ਪੈਦਾ ਹੁੰਦਾ ਹੈ। ਇਸ ਨੂੰ ਦਰਿੜ ਕਰਨ ਲਈ ਪ੍ਰਤਿਕ੍ਰਮਨ (ਸਿਲਸਿਲੇ ਵਾਰ ਚਿੰਤਨ ਕਰਨਾ) ਆਦਿ ਕ੍ਰਿਆਵਾਂ ਦਾ ਕਥਨ ਕਰਾਂਗਾ।

(418)ਪਰ ਭਾਵ (ਪਰਾਇਆ ਚਿੰਤਨ) ਦਾ ਤਿਆਗ ਕਰਕੇ ਨਿਰਮਲ ਸੁਭਾਵ ਵਾਲਾ ਆਤਮਾ ਦਾ ਧਿਆਨ ਕਰਕੇ, ਆਤਮਾ ਦੇ ਵਸ ਹੋ ਜਾਂਦਾ ਹੈ, ਉਸ ਦੇ ਇਸ ਕਰਮ ਨੂੰ ਆਵਸ਼ਕ (ਜ਼ਰੂਰੀ ਕਰਤੱਬ) ਕਿਹਾ ਗਿਆ ਹੈ।

(419)ਜੇ ਤੁਸੀਂ ਪ੍ਰਤਿਕ੍ਰਮਨ ਆਦਿ ਆਵਸ਼ਕ ਕਰਮਾਂ ਦੀ ਇੱਛਾ ਕਰਦੇ ਹੋ ਤਾਂ ਆਪਣੇ ਆਤਮ ਸੁਭਾਵ ਵਿਚ ਸਥਿਰ ਰਹੋ ਇਸ ਰਾਹੀਂ ਜੀਵ ਦਾ ਸਮਾਇਕ ਗੁਣ ਪੂਰਾ ਹੁੰਦਾ ਹੈ।

(420)ਜੋ ਸ਼੍ਰਮਣ ਆਵਸ਼ਕ ਕਰਮ ਨਹੀਂ ਕਰਦਾ, ਉਹ ਚਾਰਿੱਤਰ ਤੋਂ ਭਰਿੱਸ਼ਟ ਹੈ, ਇਸ ਲਈ ਆਵਸ਼ਕ ਕਰਨਾ ਚਾਹੀਦਾ ਹੈ।

(421)ਜੋ ਨਿਸ਼ਚੈ ਚਾਰਿੱਤਰ ਸਵਰੂਪ, ਪ੍ਰਤਿਕ੍ਰਮਨ ਆਦਿ ਕ੍ਰਿਆਵਾਂ ਕਰਦਾ ਹੈ, ਉਹ ਸ਼੍ਰਮਣ ਵੀਤਰਾਗ ਚਾਰਿੱਤਰ ਨੂੰ ਪ੍ਰਾਪਤ ਕਰਦਾ ਹੈ।

(422)ਬਚਨ ਨਾਲ ਪ੍ਰਤਿਕ੍ਰਮਨ ਕਰਨਾ, ਬਚਨ ਰਾਹੀਂ ਪ੍ਰਤਿੱਖਿਆਨ ਕਰਨਾ, ਬਚਨ ਰਾਹੀਂ ਨਿਯਮ ਲੈਣ ਅਤੇ ਬਚਨ ਰਾਹੀਂ ਆਲੋਚਨਾ ਕਰਨਾ ਸਵਾਧਿਆਏ ਹਨ।

(423)ਜੇ ਕਰਨ ਦੀ ਸ਼ਕਤੀ ਤੇ ਸੰਭਾਵਨਾ ਹੈ ਤਾਂ ਧਿਆਨ ਭਰਪੂਰ ਪ੍ਰਤਿਕ੍ਰਮਨ ਆਦਿ ਕਰੋ। ਇਸ ਸਮੇਂ ਜੇ ਸ਼ਕਤੀ ਨਹੀਂ ਤਾਂ ਉਨ੍ਹਾਂ ਤੇ ਸ਼ਰਧਾ ਕਰਨਾ ਹੀ ਬੇਅਰਥ ਹੈ।

(424)ਸਮਾਇਕ, ਚਤੁਰਵਿਸ਼ਤੀ (ਚੌਵੀ ਤੀਰਥੰਕਰਾਂ ਦੀ ਸਤੁਤੀ) ਬੰਦਨਾ, ਪ੍ਰਤਿਕ੍ਰਮਨ, ਕਾਯੋਗਤਸਰਗ ਅਤੇ ਪ੍ਰਤਿਖਿਆਨ ਇਹ ਛੇ ਆਵਸ਼ਕ ਹਨ।

(425)ਤਿਨਕੇ ਤੇ ਸੋਨੇ ਪ੍ਰਤਿ, ਦੁਸ਼ਮਣ ਅਤੇ ਦੋਸਤ ਪ੍ਰਤਿ ਸਮਭਾਵ (ਇਕ ਤਰ੍ਹਾਂ ਦੇ ਵਿਚਾਰ) ਰੱਖਣਾ ਹੀ ਸਮਾਇਕ ਹੈ, ਭਾਗ ਰਾਗ ਦਵੇਸ਼ ਤੋਂ ਰਹਿਤ, ਚੰਗੇ ਕੰਮਾਂ ਵਿਚ ਲੱਗੇ ਮਨ ਨੂੰ ਹੀ ਸਮਾਇਕ ਆਖਦੇ ਹਨ।

(426)ਜੋ ਬਚਨ ਉਚਾਰਨ ਦੀ ਕ੍ਰਿਆ ਨੂੰ ਛੱਡ ਕੇ ਵੀਤਰਾਗ ਭਾਵ ਨਾਲ ਆਤਮਾ ਦਾ ਧਿਆਨ ਕਰਦਾ ਹੈ, ਉਸ ਨੂੰ ਪਰਮ ਸਮਾਧੀ ਜਾਂ ਸਮਾਇਕ ਪ੍ਰਾਪਤ ਹੁੰਦੀ ਹੈ।

(427)ਜੋ ਸਭ ਪ੍ਰਕਾਰ ਦੇ ਪਾਪਾਂ ਤੋਂ ਰਹਿਤ ਹੈ, ਤਿੰਨ ਗੁਪਤੀਆਂ ਦਾ ਧਾਰਕ ਹੈ ਅਤੇ ਇੰਦਰੀਆਂ ਦਾ ਜੇਤੂ ਹੈ, ਉਸ ਦੀ ਸਮਾਇਕ ਪੱਕੀ ਹੁੰਦੀ ਹੈ। ਅਜਿਹਾ ਕੇਵਲੀਆਂ ਨੇ ਫੁਰਮਾਇਆ ਹੈ।

(428)ਜੋ ਸਭ ਜੀਵਾਂ ਪ੍ਰਤਿ ਸਮਭਾਵ ਰੱਖਦਾ ਹੈ, ਉਸ ਦੀ ਸਮਾਇਕ ਪੱਕੀ ਹੁੰਦੀ ਹੈ, ਅਜਿਹਾ ਕੇਵਲੀਆਂ ਨੇ ਫੁਰਮਾਇਆ ਹੈ।

(429)ਰਿਸ਼ਵ ਆਦਿ 24 ਤੀਰਥੰਕਰਾਂ ਦੇ ਨਾਉਂ ਦੀ ਪ੍ਰਸ਼ੰਸਾ ਤੇ ਗੁਣਾਂ ਦਾ ਕੀਰਤਨ ਕਰਨ, ਗੰਧ (ਖੁਸ਼ਬੂ), ਫੁੱਲ ਚੌਲਾਂ ਆਦਿ ਨਾਲ ਪੂਜਾ ਅਰਚਨਾ ਕਰਕੇ, ਮਨ, ਬਚਨ, ਕਾਇਆ ਦੀ ਸ਼ੁੱਧੀ ਪੂਰਵਕ, ਪ੍ਰਣਾਮ ਕਰਨਾ ਚਤੁਰਵਿਸ਼ਤਵ ਨਾਉਂ ਦਾ ਦੂਸਰਾ ਆਵਸ਼ਕ ਹੈ।

(430)ਨਿੰਦਾ ਅਤੇ ਗ੍ਰਹਾ (ਰਾਗ ਦਵੇਸ਼ ਆਦਿ ਕਾਰਨ ਪੈਦਾ ਹੋਏ ਦੋਸ਼ਾਂ ਦੀ ਆਲੋਚਨਾ ਕਰਨਾ) ਨਾਲ ਭਰਪੂਰ ਸਾਧੂ ਮਨ, ਬਚਨ ਤੇ ਕਾਇਆ ਰਾਹੀਂ ਦਰਵ, ਖੇਤਰ, ਕਾਲ ਤੇ ਭਾਵ ਦੇ ਨਾਲ ਵਰਤਾਂ ਬਾਰੇ ਦੋਸ਼ਾਂ ਦੀ ਅਚਾਰਿਆ ਦੇ ਸਾਹਮਣੇ ਆਲੋਚਨਾ ਨਾਲ ਸ਼ੁੱਧੀ ਕਰਨਾ ਪ੍ਰਤਿਕ੍ਰਮਣ ਅਖਵਾਉਂਦਾ ਹੈ।

(431)ਆਲੋਚਨਾ, ਨਿੰਦਾ ਤੇ ਗ੍ਰਾਹਾ ਦੇ ਰਾਹੀਂ ਪ੍ਰਤਿਕ੍ਰਮਨ ਕਰਨ ਵਿਚ ਤੇ ਫੇਰ ਦੋਸ਼ ਨਾ ਕਰਨ ਲਈ ਤਿਆਰ ਸਾਧੂ ਹੀ ਭਾਵ ਪ੍ਰਤਿਕ੍ਰਮਨ ਦਾ ਪਾਲਨ ਕਰਦਾ ਹੈ। ਬਾਕੀ ਖਾਲੀ ਪ੍ਰਤਿਕ੍ਰਮਨ ਦਾ ਪਾਠ ਦ੍ਰਵ ਪ੍ਰਤਿਕ੍ਰਮਨ ਹੈ।

(432)ਬਚਨ-ਰਚਨਾ ਦਾ ਤਿਆਗ ਕੇ ਸਾਧੂ ਜੋ ਰਾਗ ਆਦਿ ਭਾਵਾਂ ਨੂੰ ਛੱਡ ਕੇ ਆਤਮਾ ਨੂੰ ਧਿਆਉਂਦਾ ਹੈ, ਉਹ ਹੀ ਪ੍ਰਤਿਕ੍ਰਮਨ ਕਰਦਾ ਹੈ।

(433)ਧਿਆਨ ਵਿਚ ਲੀਨ ਸਾਧੂ ਸਭ ਦੋਸ਼ਾਂ ਨੂੰ ਛੱਡ ਦਿੰਦਾ ਹੈ ਇਸ ਲਈ ਧਿਆਨ ਵਿਚ ਸਾਰੇ ਦੋਸ਼ਾਂ ਦਾ ਪ੍ਰਤਿਕ੍ਰਮਨ ਹੈ।

(434)ਦਿਨ, ਰਾਤ, ਪੱਖ, ਮਹੀਨਾ, ਚੌਮਾਸੇ ਆਦਿ ਸਮੇਂ ਕੀਤੇ ਜਾਣ ਵਾਲੇ ਪ੍ਰਤਿਕ੍ਰਮਨ ਆਦਿ ਸ਼ਾਸਤਰ ਅਨੁਸਾਰ ਸਤਾਈ ਸਾਹ ਤੱਕ ਜਾਂ ਠੀਕ ਸਮੇਂ ਜਿਨੇਂਦਰ ਭਗਵਾਨ ਦੇ ਗੁਣਾਂ ਨੂੰ ਯਾਦ ਕਰਕੇ ਹੋਏ ਸਰੀਰ ਦਾ ਮੋਹ ਤਿਆਗਨਾ ਕਾਯੋਤਸਰਗ ਨਾਉਂ ਦਾ ਆਵਸ਼ਕ ਹੈ।

(435)ਕਾਯੋਤਸਰਗ ਵਿਚ ਸਥਿਤ ਸਾਧੂ ਦੇਵਤਿਆਂ ਰਾਹੀਂ, ਪਸ਼ੂਆਂ ਰਾਹੀਂ ਤੇ ਅਚੇਤਨ (ਕੁਦਰਤੀ ਤੇ ਅਚਾਨਕ) ਆਉਣ ਵਾਲੇ ਕਸ਼ਟਾਂ ਨੂੰ ਸਮਭਾਵ ਪੂਰਵਕ ਝੱਲਦਾ ਹੈ।

(436)ਸਾਰੇ ਬਚਨ ਸਬੰਧ ਵਿਕਲਪਾਂ ਨੂੰ ਛੱਡ ਕੇ ਅਤੇ ਪੈਦਾ

ਹੋਣ ਵਾਲੇ ਸ਼ੁਭ-ਅਸ਼ੁਭ ਨੂੰ ਦੂਰ ਕਰਕੇ ਜੋ ਸਾਧੂ ਆਤਮਾ ਦਾ ਧਿਆਨ ਕਰਦਾ ਹੈ, ਉਹ ਪ੍ਰਤਿਖਿਆਨ ਨਾਉਂ ਦੇ ਆਵਸ਼ਕ ਦੀ ਪਾਲਣਾ ਕਰਦਾ ਹੈ।

(437)ਜੋ ਨਿੱਜ ਭਾਵ ਨੂੰ ਨਹੀਂ ਛੱਡਦਾ ਅਤੇ ਕਿਸੇ ਵੀ ਪਰਭਾਵ ਨੂੰ ਗ੍ਰਹਿਣ ਨਹੀਂ ਕਰਦਾ ਅਤੇ ਜੋ ਸਭ ਕੁਝ ਜਾਣਦਾ ਹੈ, ਉਹ "ਮੈਂ ਹੀ ਹਾਂ" ਆਤਮ ਧਿਆਨ ਵਿਚ ਲੀਨ ਹੋ ਕੇ ਗਿਆਨੀ ਅਜਿਹੇ ਚਿੰਤਨ ਕਰਦਾ ਹੈ।

(438)ਜੋ ਕੁਝ ਵੀ ਮੇਰੀਆਂ ਚਾਰਿੱਤਰ ਸਬੰਧੀ ਬੁਰਾਈਆਂ ਹਨ, ਉਨ੍ਹਾਂ ਸਭ ਨੂੰ ਮੈਂ ਮਨ, ਬਚਨ ਤੇ ਕਾਇਆ ਰਾਹੀਂ ਤਿਆਗ ਦਾ ਹਾਂ ਅਤੇ ਨਿਰਵਿਕਲਪ ਹੋ ਕੇ ਤਿੰਨ ਪ੍ਰਕਾਰ ਦੀ ਸਮਾਇਕ ਕਰਦਾ ਹਾਂ।

# 28. ਤੱਪ ਸੂਤਰ

## (ੳ) ਬਾਹਰਲਾ ਤਪ

(439)ਜਿੱਥੇ ਕਸ਼ਾਇਆਂ ਨੂੰ ਰੋਕ ਕੇ, ਬ੍ਰਹਮਚਰਜ ਦਾ ਪਾਲਣ, ਜਿਨ ਪੂਜਾ ਅਤੇ ਵਰਤ ਕੀਤਾ ਜਾਂਦਾ ਹੈ, ਇਹ ਸਭ ਤਪ ਹੈ। ਵਿਸ਼ੇਸ਼ ਤੌਰ ਤੇ ਭਗਤ ਲੋਕ ਅਜਿਹਾ ਹੀ ਤਪ ਕਰਦੇ ਹਨ।

(440)ਤਪ ਦੋ ਪ੍ਰਕਾਰ ਦਾ ਹੈ (1) ਬਾਹਰਲਾ ਤਪ (2) ਅੰਦਰਲਾ ਤਪ। ਬਾਹਰਲਾ ਤਪ ਛੇ ਪ੍ਰਕਾਰ ਦਾ ਹੈ। ਇਸੇ ਤਰ੍ਹਾਂ ਅੰਦਰਲਾ ਤਪ ਵੀ ਛੇ ਪ੍ਰਕਾਰ ਦਾ ਹੈ।

(441)(1) ਅਨਸ਼ਨ (2) ਉਨੋਧਰਿਕਾ (3) ਭਿਕਸ਼ਾਚਰਿਯਾ (4) ਰਸ ਪਰਿਤਿਆਗ (5) ਕਾਇਆ ਕਲੇਸ਼ (6) ਸੰਲੀਨਤਾ। ਇਹ ਬਾਹਰਲੇ ਤਪ ਦੇ ਛੇ ਭੇਦ ਹਨ।

(442)ਜੋ ਕਰਮਾਂ ਦੀ ਨਿਰਜਰਾ (ਕਰਮਾਂ ਦਾ ਝੜਨਾ) ਲਈ ਇਕ ਦੋ ਦਿਨ ਆਦਿ ਦੀ ਹੱਦ ਮਿੱਥ ਦੇ ਸਰੀਰਿਕ ਸ਼ਕਤੀ ਅਨੁਸਾਰ ਭੋਜਨ ਦਾ ਤਿਆਗ ਕੀਤਾ ਜਾਂਦਾ ਹੈ, ਉਹ ਅਨਸ਼ਨ ਤਪ ਹੈ।

(443)ਜੋ ਸ਼ਾਸਤਰਾਂ ਦਾ ਅਭਿਆਸ ਕਰਨ ਸਮੇਂ ਭੋਜਨ ਦੀ ਮਾਤਰਾ ਘਟਾਈ ਜਾਂਦੀ ਹੈ। ਆਗਮ ਉਨ੍ਹਾਂ ਨੂੰ ਤਪਸਵੀ ਆਖਦੇ ਹਨ। ਗਿਆਨ ਤੋਂ ਰਹਿਤ ਅਨਸ਼ਨ ਤਪ, ਤਾਂ ਭੁੱਖਾ ਮਰਨ ਦੀ ਤਰ੍ਹਾਂ ਹੈ।

(444)ਅਸਲ ਵਿਚ ਅਨਸ਼ਨ ਤਪ ਉਹ ਹੈ ਜਿਸ ਨਾਲ ਮਨ ਵਿਚ ਅਮੰਗਲ (ਅਸ਼ੁਭ) ਚਿੰਤਾ ਪੈਦਾ ਨਾ ਹੋਵੇ, ਇੰਦਰੀਆਂ ਨੂੰ ਕਸ਼ਟ

ਨਾ ਪਹੁੰਚੇ ਅਤੇ ਮਨ, ਬਚਨ ਤੇ ਸਰੀਰ ਦੇ ਕੰਮਾਂ ਵਿਚ ਗਿਰਾਵਟ ਨਾ ਆਵੇ।

(445)ਆਪਣੇ ਬਲ, ਤੇਜ਼, ਸ਼ਰਧਾਂ ਅਤੇ ਅਰੋਗਤਾ ਨੂੰ ਵੇਖ ਕੇ ਅਤੇ ਖੇਤਰ ਅਤੇ ਕਾਲ (ਸਮਾਂ) ਵੇਖ ਕੇ ਵਰਤ ਧਾਰਨ ਕਰਨਾ ਚਾਹੀਦਾ ਹੈ।

(446)ਸੰਖੇਪ ਵਿਚ ਇੰਦਰੀਆਂ ਤੇ ਕਾਬੂ ਪਾਉਣ ਨੂੰ ਹੀ ਵਰਤ ਕਿਹਾ ਗਿਆ ਹੈ। ਇੰਦਰੀਆਂ ਦਾ ਜੇਤੂ ਸਾਧੂ ਭੋਜਨ ਕਰਦਾ ਹੋਇਆ ਵੀ ਵਰਤ ਕਰਨ ਵਾਲੇ ਦੀ ਤਰ੍ਹਾਂ ਹੁੰਦਾ ਹੈ।

(447)ਅਗਿਆਨੀ ਤਪਸਵੀ ਦੀ ਜਿੰਨੀ ਸ਼ੁੱਧੀ (ਆਤਮ ਸ਼ੁੱਧੀ) ਦੋ ਚਾਰ ਵਰਤਾਂ ਨੂੰ ਹੁੰਦੀ ਹੈ, ਉਸ ਤੋਂ ਜ਼ਿਆਦਾ ਸ਼ੁੱਧੀ ਨਿੱਤ ਭੋਜਨ ਕਰਨ ਵਾਲੇ ਗਿਆਨੀ ਮੁਨੀ ਦੀ ਹੁੰਦੀ ਹੈ।

(448)ਜੋ ਜਿੰਨਾ ਭੋਜਨ ਕਰ ਸਕਦਾ ਹੈ, ਉਸ ਤੋਂ ਘੱਟੋ ਘੱਟ ਇਕ ਹਿੱਸਾ, ਕਣ ਜਾਂ ਟੁਕੜਾ ਘੱਟ ਖਾਣਾ ਦਰੱਵ ਰੂਪ ਉਨੋਦਰੀ ਤਪ ਹੈ।

(449)ਭੋਜਨ ਲਈ ਜਾਨ ਵਾਲੇ ਸਾਧੂ ਦਾ ਉਹ ਵਿਰਤੀ ਪਰਿਸੰਖਿਆਨ ਨਾਂ ਦਾ ਤੱਪ ਹੈ ਜਿਸ ਵਿਚ ਉਹ ਭੋਜਨ ਗ੍ਰਹਿਣ ਕਰਨ ਦੀ ਹੱਦ ਨਿਸ਼ਚਿਤ ਕਰਦਾ ਹੈ ਕਿ ਮੈਂ ਇੰਨੇ ਘਰਾਂ ਤੋਂ ਭੋਜਨ ਮੰਗਣ ਲਈ ਜਾਵਾਂਗਾ। ਇਸ ਪ੍ਰਕਾਰ ਦੇ ਦਾਨੀ ਤੋਂ ਭੋਜਨ ਲਵਾਂਗਾ। ਇਸ ਪ੍ਰਕਾਰ ਦੇ ਭਾਂਡਿਆ ਵਿਚ ਰੱਖਿਆ ਭੋਜਨ ਲਵਾਂਗਾ। ਇਸ ਪ੍ਰਕਾਰ ਦੇ ਮਾਂੜ (ਸਬਜ਼ੀ) ਸੱਤੂ ਆਦਿ ਦਾ ਭੋਜਨ ਕਰਾਂਗਾ।

(450)ਦੁੱਧ, ਦਹੀ, ਘੀ ਆਦਿ ਤਾਕਤ ਵਧਾਉਣ ਵਾਲੇ ਭੋਜਨ

ਦਾ ਤਿਆਗ ਹੀ ਰਸ ਤਿਆਗ ਨਾਉਂ ਦਾ ਤਪ ਹੈ।

(451)ਏਕਾਂਤ, ਅਨਾਪਾਤ (ਜਿੱਥੇ ਕੋਈ ਆਉਂਦਾ ਜਾਂਦਾ ਨਾ ਹੋਵੇ) ਅਤੇ ਇਸਤਰੀ, ਪੁਰਸ਼, ਹਿਜੜੇ ਤੋਂ ਰਹਿਤ ਥਾਂ ਤੇ ਸੌਣਾ ਅਤੇ ਆਸਨ ਗ੍ਰਹਿਣ ਕਰਨਾ, ਵਿਵਿਕਤ ਸ਼ਯਨਾਸ਼ਨ (ਪ੍ਰਤਿਸੰਲਨਤਾ) ਨਾਮਕ ਤਪ ਹੈ।

(452)ਪਹਾੜ, ਗੁਫਾਵਾਂ ਆਦਿ ਖ਼ਤਰਨਾਕ ਥਾਵਾਂ ਆਤਮਾ ਦੇ ਲਈ ਸੁੱਖਕਾਰੀ, ਵੀਰਆਸਨ ਆਦਿ ਕਠਿਨ ਆਸਨਾਂ ਦਾ ਅਭਿਆਸ ਜਾਂ ਧਾਰਨ ਕਰਨਾ ਕਾਇਆ ਕਲੇਸ਼ ਨਾਉਂ ਦਾ ਤਪ ਹੈ।

(453)ਸੁੱਖ ਪੂਰਵਕ ਕੀਤਾ ਗਿਆਨ, ਦੁੱਖ ਆਉਣ ਤੇ ਨਸ਼ਟ ਹੋ ਜਾਂਦਾ ਹੈ। ਇਸ ਲਈ ਯੋਗੀ ਨੂੰ ਆਪਣੀ ਸ਼ਕਤੀ ਅਨੁਸਾਰ ਕਾਇਆ ਕਲੇਸ਼ ਤਪ ਰਾਹੀਂ ਆਤਮ ਚਿੰਤਨ ਕਰਨਾ ਚਾਹੀਦਾ ਹੈ।

(454-455) ਰੋਗ ਦੇ ਇਲਾਜ ਸਮੇਂ ਨਾਂ ਰੋਗੀ ਦਾ ਸੁੱਖ ਭਲੇ ਦਾ ਕਾਰਨ ਹੈ ਅਤੇ ਨਾ ਹੀ ਦੁੱਖ। ਇਲਾਜ ਕਰਾਉਣ ਸਮੇਂ ਰੋਗੀ ਦੁੱਖੀ ਵੀ ਹੋ ਸਕਦਾ ਹੈ ਅਤੇ ਸੁਖੀ ਵੀ। ਇਸ ਤਰ੍ਹਾਂ ਮੋਹ ਦਾ ਖ਼ਾਤਮਾ ਹੋਣ ਤੇ ਸੁੱਖ ਅਤੇ ਦੁੱਖ ਕੋਈ ਵੀ ਭਲੇ ਦਾ ਕਾਰਨ ਨਹੀਂ ਹੁੰਦੇ। ਮੋਹ ਦਾ ਖ਼ਾਤਮਾ ਕਰਨ ਲੱਗੇ ਸਾਧੂ ਨੂੰ ਦੁੱਖ ਵੀ ਹੋ ਸਕਦਾ ਹੈ ਅਤੇ ਸੁੱਖ ਵੀ (ਭਾਵੇਂ ਇਸ ਤੱਪ ਕਾਰਨ ਸਾਧੂ ਨੂੰ ਸਰੀਰਿਕ ਕਸ਼ਟ ਹੁੰਦਾ ਹੈ ਪਰ ਮੋਹ ਦੇ ਖ਼ਾਤਮੇ ਦਾ ਹੋਣ ਕਾਰਨ ਇਹ ਸਰੀਰ ਲਈ ਭੈੜਾ ਨਹੀਂ ਲੱਗਦਾ।

(ਅ) ਅੰਦਰਲਾ ਤਪ

(456)(1) ਪ੍ਰਾਸ਼ਚਿਤ (2) ਵਿਨੈ (3) ਵੈਯਾਵਰਿਤ (4)

ਸਵਾਧਿਆਇ (5) ਧਿਆਨ ਅਤੇ (6) ਵਿਉਤਸਰਗ (ਕਾਯੋਤਸਰਗ) - ਇਹ ਛੇ ਪ੍ਰਕਾਰ ਦਾ ਅੰਦਰਲਾ ਤਪ ਹੈ।

(457)(1) ਵਰਤ (2) ਸਮਿਤੀ (3) ਸ਼ੀਲ (4) ਸੰਜਮ - ਪਰਿਣਾਮ ਅਤੇ (5) ਇੰਦਰੀਆਂ ਤੇ ਕਾਬੂ ਪਾਉਣ ਦੀ ਭਾਵਨਾ ਇਹ ਸਭ ਪ੍ਰਾਸ਼ਚਿਤ ਤਪ ਦੇ ਰੂਪ ਹਨ ਅਤੇ ਹਰ ਰੋਜ਼ ਪਾਲਣ ਕਰਨ ਯੋਗ ਕਰਤੱਵ ਹਨ।

(458)ਕਰੋਧ ਆਦਿ ਭਾਵਨਾਵਾਂ ਨੂੰ ਖ਼ਤਮ ਕਰਕੇ ਜਾਂ ਰੋਕਣ ਦੀ ਭਾਵਨਾ ਅਤੇ ਆਪਣੇ ਆਤਮਿਕ ਗੁਣਾਂ ਬਾਰੇ ਸੋਚਣਾ, ਨਿਸ਼ਚੈ ਹੀ ਪ੍ਰਾਸ਼ਚਿਤ ਤਪ ਹੈ।

(459)ਅਨੇਕਾਂ ਜਨਮਾਂ ਰਾਹੀਂ ਇਕੱਠੇ ਕੀਤੇ ਸ਼ੁਭ ਅਤੇ ਅਸ਼ੁਭ ਕਰਮ ਦੇ ਸੰਗ੍ਰਹਿ ਦਾ ਨਾਮ ਤਪੱਸਿਆ ਕਰਨ ਨਾਲ ਹੁੰਦਾ ਹੈ। ਇਸ ਲਈ ਤਪੱਸਿਆ ਕਰਨਾ ਪ੍ਰਾਸ਼ਚਿਤ ਹੈ।

(460)ਪ੍ਰਾਸ਼ਚਿਤ ਦਸ ਪ੍ਰਕਾਰ ਦਾ ਹੈ। (1) ਆਲੋਚਨਾ (2) ਪ੍ਰਤਿਕ੍ਰਮਨ (3) ਉਭਯ (4) ਵਿਵੇਕ (5) ਵਿਉਤਸਰਗ (6) ਤਪ (7) ਛੇਦ (8) ਮੂਲ (9) ਪਰਿਹਾਰ (10) ਸ਼ਰਧਾ

(461)ਮਨ ਬਚਨ ਤੇ ਕਾਇਆ ਰਾਹੀਂ ਕੀਤੇ ਜਾਣ ਵਾਲੇ ਸ਼ੁਭ-ਅਸ਼ੁਭ ਕਰਮ ਦੋ ਪ੍ਰਕਾਰ ਦੇ ਹੁੰਦੇ ਹਨ (1) ਅਭੋਗਕ੍ਰਿਤ (2) ਅਨਾਭੋਗਕ੍ਰਿਤ। ਜਿਨ੍ਹਾਂ ਕਰਮਾਂ ਨੂੰ ਦੂਸਰੇ ਜਾਣਦੇ ਹੋਣ ਉਹ ਅਭੋਗ ਕ੍ਰਿਤ ਕਰਮ ਹੈ। ਜਿਨ੍ਹਾਂ ਕਰਮਾ ਨੂੰ ਦੂਸਰੇ ਨਾ ਜਾਣਦੇ ਹੋਣ ਉਹ ਅਣਭੋਗ ਕ੍ਰਿਤ ਹਨ। ਦੋਹਾਂ ਪ੍ਰਕਾਰ ਦੇ ਕਰਮਾਂ ਅਤੇ ਉਨ੍ਹਾਂ ਕਾਰਨ ਲੱਗੇ ਦੋਸ਼ਾਂ ਦੀ ਆਲੋਚਨਾ ਗੁਰੂ ਜਾਂ ਅਚਾਰਿਆ ਸਾਹਮਣੇ, ਬਿਨਾਂ ਡਰ ਤੇ ਸ਼ੁੱਧ ਮਨ ਨਾਲ ਕਰਨੀ ਚਾਹੀਦੀ ਹੈ।

(462)ਜਿਵੇਂ ਬਾਲਕ ਆਪਣੇ ਚੰਗੇ ਮਾੜੇ ਕੰਮ ਸਰਲਤਾ ਨਾਲ ਆਪਣੀ ਮਾਂ ਨੂੰ ਦੱਸ ਦਿੰਦਾ ਹੈ। ਉਸ ਪ੍ਰਕਾਰ ਸਾਧੂ ਨੂੰ ਵੀ ਆਪਣੇ ਸਾਰੇ ਦੋਸ਼ਾਂ ਦੀ ਆਲੋਚਨਾ, ਛਲ ਕਪਟ ਤੋਂ ਰਹਿਤ ਹੋ ਕੇ ਕਰਨੀ ਚਾਹੀਦੀ ਹੈ।

(463)ਜਿਵੇਂ ਕੰਡਾ ਚੁਭਣ ਨਾਲ ਸਾਰੇ ਸਰੀਰ ਨੂੰ ਕਸ਼ਟ ਹੁੰਦਾ ਹੈ ਅਤੇ ਕੰਡਾ ਨਿਕਲ ਜਾਣ ਤੇ ਸੀਰ ਪੀੜ ਤੋਂ ਰਹਿਤ ਹੋ ਜਾਦਾ ਹੈ, ਉਸੇ ਪ੍ਰਕਾਰ ਆਪਣੇ ਦੋਸ਼ਾਂ ਨੂੰ ਨਾ ਪ੍ਰਗਟ ਕਰਨ ਵਾਲਾ ਦੁਖੀ ਰਹਿੰਦਾ ਹੈ ਜੋ ਉਨ੍ਹਾਂ ਨੂੰ ਗੁਰੂ ਅੱਗੇ ਪ੍ਰਗਟ ਕਰਦਾ ਹੈ, ਉਹ ਹਮੇਸ਼ਾ ਲਈ ਸੁਖੀ ਹੋ ਜਾਂਦਾ ਹੈ ਅਤੇ ਕੰਡੇ ਤੋਂ ਰਹਿਤ ਹੋ ਜਾਂਦਾ ਹੈ।

(465)ਆਪਣੇ ਪਰਿਨਾਮਾ (ਸੁਭਾਵਾਂ) ਨੂੰ ਇਕਸੁਰ ਕਰਕੇ ਆਤਮਾ ਨੂੰ ਵੇਖਣਾ ਹੀ ਆਲੋਚਨਾ ਹੈ। ਅਜਿਹਾ ਜਿਨੇਂਦਰ ਦੇਵ ਨੇ ਫੁਰਮਾਇਆ ਹੈ।

(466)ਗੁਰੂ ਤੇ ਬਜ਼ੁਰਗਾਂ ਦੇ ਸਾਹਮਣੇ ਖੜ੍ਹੇ ਹੋਣਾ, ਹੱਥ ਜੋੜਨਾ, ਆਪਣੇ ਤੋਂ ਉੱਚਾ ਆਸਣ ਦੇਣਾ, ਗੁਰੂ ਦੀ ਭਾਵ ਪੂਰਵਕ ਭਗਤੀ ਕਰਨਾ ਅਤੇ ਸੇਵਾ ਕਰਨਾ ਵਿਨੈ ਤਪ ਹੈ।

(467)(1) ਦਰਸ਼ਨ ਵਿਨੈ (2) ਗਿਆਨ ਵਿਨੈ (3) ਚਾਰਿੱਤਰ ਵਿਨੈ (4) ਤਪ ਵਿਨੈ ਅਤੇ (5) ਔਪਚਾਰਿਕ ਵਿਨੈ - ਇਹ ਵਿਨੈ ਤਪ ਦੇ ਪੰਜ ਭੇਦ ਹਨ। ਜੋ ਮੁਕਤੀ ਵੱਲ ਲੈ ਜਾਂਦੇ ਹਨ।

(468)ਜੋ ਇਕ ਦੀ ਬੇਇੱਜ਼ਤੀ ਕਰਦਾ ਹੈ, ਉਹ ਸਭ ਦੀ ਬੇ ਇੱਜ਼ਤੀ ਕਰਦਾ ਹੈ ਜੋ ਇਕ ਦੀ ਪੂਜਾ ਕਰਦਾ ਹੈ, ਉਹ ਸਭ ਦੀ

ਪੂਜਾ ਕਰਦਾ ਹੈ।

(469)ਵਿਨੈ ਜੈਨ ਸ਼ਾਸ਼ਨ (ਧਰਮ) ਦਾ ਮੂਲ ਹੈ। ਸੰਜਮ ਅਤੇ ਤੱਪ ਰਾਹੀਂ ਵਿਨੈਵਾਨ ਬਨਣਾ ਚਾਹੀਦਾ ਹੈ। ਵਿਨੈ ਰਹਿਤ ਦਾ ਧਰਮ ਤੇ ਤਪ ਬੇਕਾਰ ਹੈ।

(470)ਵਿਨੈ ਮੋਕਸ਼ ਦਾ ਦਰਵਾਜ਼ਾ ਹੈ। ਵਿਨੈ ਤੋਂ ਸੰਜਮ, ਤਪ ਤੇ ਗਿਆਨ ਪ੍ਰਾਪਤ ਹੁੰਦਾ ਹੈ। ਵਿਨੈ ਨਾਲ ਅਚਾਰਿਆ ਤੇ ਸਮੁੱਚੇ ਸੰਘ (ਸਾਧੂ, ਸਾਧਵੀ, ਸ਼੍ਰਾਵਕ, ਸ਼੍ਰਾਵਿਕਾ) ਦੀ ਭਗਤੀ ਕਰਨੀ ਚਾਹੀਦੀ ਹੈ।

(471)ਵਿਨੈ ਨਾਲ ਪ੍ਰਾਪਤ ਕੀਤੀ ਵਿੱਦਿਆ ਇਸ ਲੋਕ ਤੇ ਪਰਲੋਕ ਵਿਚ ਫਲ ਦਿੰਦੀ ਹੈ ਅਤੇ ਵਿਨੈ ਤੋਂ ਰਹਿਤ ਵਿੱਦਿਆ ਫਲ ਨਹੀਂ ਦਿੰਦੀ। ਜਿਵੇਂ ਬਿਨਾਂ ਪਾਣੀ ਤੋਂ ਅਨਾਜ ਪੈਦਾ ਨਹੀਂ ਹੁੰਦਾ।

(472)ਇਸ ਲਈ ਸਭ ਪ੍ਰਕਾਰ ਨਾਲ ਵਿਨੈ ਦਾ ਪਾਲਣ ਕਰਨਾ ਚਾਹੀਦਾ ਹੈ। ਥੋੜ੍ਹੇ ਸ਼ਾਸਤਰਾ ਦਾ ਜਾਣਕਾਰ ਪੁਰਸ਼ ਵੀ ਵਿਨੈ ਰਾਹੀਂ ਕਰਮਾਂ ਦਾ ਨਾਸ਼ ਕਰਦਾ ਹੈ।

(473)ਤਖ਼ਤਪੋਸ਼, ਮਕਾਨ, ਬਿਸਤਰਾ ਅਤੇ ਝਾੜ-ਪੂੰਝ ਰਾਹੀਂ ਸਾਧੂਆਂ ਨੂੰ ਭੋਜਨ, ਦਵਾਈ, ਵਾਚਨਾ, ਮਲ ਮੂਤਰ ਦਾ ਤਿਆਗ ਅਤੇ ਬੰਦਨਾ ਆਦਿ ਨਾਲ ਸੇਵਾ ਕਰਨਾ ਵੈਯਵਰਿਤ ਤਪ ਹੈ।

(474)ਜੋ ਰਸਤੇ ਵਿਚ ਚੱਲਦੇ ਹੋਏ ਥੱਕ ਗਏ ਹਨ, ਚੋਰ, ਹਿੰਸਕ ਪਸ਼ੂ, ਰਾਜਾ ਰਾਹੀਂ, ਨਦੀ ਕਾਰਨ, ਪਲੇਗ ਆਦਿ ਰੋਗ ਅਤੇ ਅਕਾਲ ਤੋਂ ਪੀੜਿਤ ਹਨ, ਉਨ੍ਹਾਂ ਦੀ ਸਾਰ ਸੰਭਾਲ ਕਰਨਾ ਅਤੇ ਰੱਖਿਆ ਕਰਨਾ ਵੈਯਵਰਿਤ ਹੈ।

(475)(1) ਪਰਿਵਰਤਨਾ (2) ਵਾਚਨਾ (3) ਪ੍ਰਿਛਨਾ (4) ਅਨੁਪਰੇਕਸ਼ਾ ਅਤੇ (5) ਸਤੂਤੀ ਆਦਿ ਧਰਮ ਕਥਾ ਕਰਨਾ ਪੰਜ ਪ੍ਰਕਾਰ ਦਾ ਸਵਾਧਿਆਏ ਤਪ ਹੈ।

(476)ਆਦਰ ਸਤਿਕਾਰ ਦੀ ਇੱਛਾ ਤੋਂ ਰਹਿਤ, ਜੋ ਕਰਮ ਰੂਪੀ ਮੈਲ ਧੋਣ ਦੇ ਲਈ ਭਗਤੀ ਨਾਲ ਜੈਨ ਸ਼ਾਸਤਰ ਪੜ੍ਹਦਾ ਹੈ, ਉਸ ਦਾ ਸ਼ਾਸਤਰ ਗਿਆਨ ਦਾ ਲਾਭ ਆਪਣੇ ਪਰਾਏ ਲਈ ਸੁੱਖਕਾਰੀ ਹੁੰਦਾ ਹੈ।

(477)ਸਵਾਧਿਆਇ (ਸ਼ਾਸਤਰਾਂ ਦਾ ਜਾਣਕਾਰ) ਸਾਧੂ, ਪੰਜ ਇੰਦਰੀਆਂ ਤੇ ਕਾਬੂ ਰੱਖਣ ਵਾਲਾ, ਗੁਪਤੀਆਂ ਦਾ ਪਾਲਣ ਕਰਨ ਵਾਲਾ, ਵਿਨੈ ਵਿਚ ਰਹਿਣ ਵਾਲਾ ਅਤੇ ਇਕੱਲਾ ਘੁੰਮਣ ਵਾਲਾ ਹੁੰਦਾ ਹੈ।

(478)ਗਿਆਨ ਰਾਹੀਂ ਧਿਆਨ ਦੀ ਪ੍ਰਾਪਤੀ ਹੁੰਦੀ ਹੈ। ਧਿਆਨ ਨਾਲ ਸਾਰੇ ਕਰਮਾਂ ਦੀ ਨਿਰਜਰਾ (ਝੜਨਾ) ਹੁੰਦੀ ਹੈ। ਨਿਰਜਰਾ ਦਾ ਫਲ ਮੋਕਸ਼ ਹੈ। ਇਸ ਲਈ ਗਿਆਨ ਵਿਚ ਲੱਗੇ ਰਹਿਣਾ ਚਾਹੀਦਾ ਹੈ।

(479)ਬਾਹਰਲੇ ਅਤੇ ਅੰਦਰਲੇ 12 ਪ੍ਰਕਾਰ ਦੇ ਤਪ ਵਿਚ ਸ ਵਾਧਿਆਇ ਦੇ ਬਰਾਬਰ ਨਾ ਕੋਈ ਤਪ ਹੈ ਨਾ ਪਹਿਲਾਂ ਸੀ ਅਤੇ ਨਾ ਅੱਗੋਂ ਨੂੰ ਹੋਵੇਗਾ।

(480)ਭਿਕਸ਼ੂ ਦਾ ਸੋਣਾ, ਆਸਣ ਗ੍ਰਹਿਣ ਕਰਨਾ ਤੇ ਖੜ੍ਹੇ ਹੋਣ ਸਮੇਂ ਬੇਅਰਥ ਕੰਮ ਨਾ ਕਰਨਾ ਛੇਵਾਂ ਕਾਯੋਤਸਰਗ ਤਪ ਹੈ।

(481)ਕਾਯੋਤਸਰਗ ਕਰਨ ਨਾਲ ਇਹ ਲਾਭ ਪ੍ਰਾਪਤ ਹੁੰਦੇ

ਹਨ :

(1) ਦੇਹ ਜਾੜਯ ਸ਼ੁੱਧੀ - ਬਲਗਮ ਆਦਿ ਕਾਰਨ ਹੋਣ ਵਾਲੇ ਸਰੀਰਿਕ ਦੋਸ਼ਾਂ ਤੋਂ ਮੁਕਤੀ ਮਿਲਦੀ ਹੈ।

(2) ਮਤਿ ਜਾੜਯ ਸ਼ੁੱਧੀ - ਬੁੱਧੀ ਬਲਵਾਨ ਹੁੰਦੀ ਹੈ।

(3) ਸੁੱਖ-ਦੁੱਖ ਤਿਤਿਕਸ਼ਾ - ਸੁੱਖ ਦੁੱਖ ਸਹਿਣ ਦੀ ਸ਼ਕਤੀ ਵਧਦੀ ਹੈ।

(4) ਅਨੁਪ੍ਰੇਕਸ਼ਾ - ਭਾਵਨਾਵਾਂ ਸ਼ੁੱਧ ਹੁੰਦੀਆਂ ਹਨ।

(5) ਏਕਾਗਰਤਾ - ਸ਼ੁਭਧਿਆਨ ਕਾਰਨ ਚਿੱਤ ਦੀ ਏਕਾਗਰਤਾ ਪ੍ਰਾਪਤ ਹੁੰਦੀ ਹੈ।

(482)ਉਨ੍ਹਾਂ ਮਹਾਨ ਕੁਲ ਵਾਲਿਆਂ ਦਾ ਤਪ ਸ਼ੁੱਧ ਨਹੀਂ, ਜੋ ਸਾਧੂ ਬਣ ਕੇ ਵੀ ਪੂਜਾ ਸਤਿਕਾਰ ਲਈ ਤਪ ਕਰਦੇ ਹਨ। ਇਸ ਤਰ੍ਹਾਂ ਤਪੱਸਿਆ ਇਸ ਪ੍ਰਕਾਰ ਕਰਨੀ ਚਾਹੀਦੀ ਹੈ ਕਿ ਦੂਸਰੇ ਨੂੰ ਪਤਾ ਵੀ ਨਾ ਲੱਗੇ। ਆਪਣੀ ਤਪੱਸਿਆ ਦੀ ਪ੍ਰਸੰਸਾ ਨਹੀਂ ਕਰਨੀ ਚਾਹੀਦੀ।

(483)ਗਿਆਨ ਰੂਪੀ ਹਵਾ ਅਤੇ ਸ਼ੀਲ ਰਾਹੀਂ ਜਗਾਈ, ਤਪੱਸਿਆ ਰੂਪੀ ਅੱਗ ਕਰਮਾਂ ਦੇ ਬੀਜਾਂ ਨੂੰ ਇਸ ਪ੍ਰਕਾਰ ਸਾੜ ਦਿੰਦੀ ਹੈ ਜਿਵੇਂ ਜੰਗਲ ਵਿਚ ਲੱਗੀ ਅੱਗ ਘਾਹ ਫੂਸ ਨੂੰ ਸਾੜ ਦਿੰਦੀ ਹੈ।

# 29. ਧਿਆਨ ਸੂਤਰ

(484)ਜਿਵੇਂ ਮਨੁੱਖ ਦੇ ਸਰੀਰ ਵਿਚ ਸਿਰ ਅਤੇ ਦਰਖ਼ਤ ਲਈ ਜੜ੍ਹ ਮੁੱਖ ਹੈ, ਉਸੇ ਪ੍ਰਕਾਰ ਸਾਧੂ ਦੇ ਸਾਰੇ ਧਰਮਾਂ ਵਿਚ ਮੂਲ ਜੜ ਧਿਆਨ ਹੈ।

(485)ਮਾਨਸਿਕ ਏਕਾਗਰਤਾ ਹੀ ਧਿਆਨ ਹੈ ਅਤੇ ਜੋ ਚਿੱਤ ਦੀ ਚੰਚਲਤਾ ਹੈ, ਉਹ ਤਿੰਨ ਪ੍ਰਕਾਰ ਦੀ ਹੈ। (1) ਭਾਵਨਾ (2) ਅਨੁਪ੍ਰੇਕਸ਼ਾ ਅਤੇ (3) ਚਿੰਤਾ।

(486)ਜਿਵੇਂ ਪਾਣੀ ਵਿਚ ਨਮਕ ਆਪਣਾ ਆਪ ਗੁਆ ਬੈਠਦਾ ਹੈ, ਉਸੇ ਪ੍ਰਕਾਰ ਜਿਸ ਦਾ ਚਿੱਤ ਨਿਰਵਿਕਲਪ ਸਮਾਧੀ ਵਿਚ ਲੀਣ ਹੋ ਜਾਂਦਾ ਹੈ, ਉਸ ਦੀ ਲੰਬੇ ਸਮੇਂ ਤੋਂ ਸ਼ੁਭ ਅਸ਼ੁਭ ਕਰਮਾਂ ਨੂੰ ਭਸਮ ਕਰਨ ਵਾਲਾ, ਆਤਮਾ ਦੇ ਰੂਪ ਵਿਚ ਅਗਨੀ ਪ੍ਰਗਟ ਹੋ ਜਾਂਦੀ ਹੈ।

(487)ਜਿਸ ਦੇ ਰਾਗ ਦਵੇਸ਼ ਤੇ ਮੋਹ ਨਹੀਂ ਹਨ ਅਤੇ ਮਨ, ਬਚਨ ਤੇ ਸਰੀਰ ਦੇ ਯੋਗਾਂ ਦਾ ਕੰਮ ਖ਼ਤਮ ਹੋ ਗਿਆ ਹੈ, ਉਸ ਦੇ ਸਾਰੇ ਸ਼ੁਭ ਤੇ ਅਸ਼ੁਭ ਕਰਮਾਂ ਨੂੰ ਭਸਮ ਕਰਨ ਵਾਲੀ ਧਿਆਨ ਰੂਪੀ ਅੱਗ ਪ੍ਰਗਟ ਹੁੰਦੀ ਹੈ।

(488)ਪੂਰਬ ਜਾਂ ਉੱਤਰ ਵੱਲ ਮੂੰਹ ਕਰਕੇ ਬੈਠਣ ਵਾਲਾ ਸ਼ੁੱਧ ਆਚਾਰ ਅਤੇ ਪਵਿੱਤਰ ਸਰੀਰ ਵਾਲਾ ਯੋਗੀ ਸੁੱਖ ਆਸਨ ਵਿਚ ਬੈਠ ਕੇ ਸਮਾਧੀ ਵਿਚ ਲੀਣ ਹੋ ਜਾਂਦਾ ਹੈ।

(489)ਉਹ ਧਿਆਨ ਕਰਨ ਵਾਲਾ, ਪਰਿਯੰਕ ਆਸਨ ਵਿਚ ਬੈਠ ਕੇ ਅਤੇ ਮਨ, ਬਚਨ ਤੇ ਸਰੀਰ ਦੀ ਕ੍ਰਿਆ ਰੋਕ ਕੇ, ਦ੍ਰਿਸ਼ਟੀ

ਨੱਕ ਦੇ ਮੂਹਰਲੇ ਹਿੱਸੇ ਤੇ ਸਥਿਰ ਕਰਕੇ ਸੁਖਆਸਨ ਧਾਰਨ ਕਰਕੇ ਹੌਲੀ ਹੌਲੀ ਸਾਹ ਲਵੇ।

(490)ਉਸ ਸਮੇਂ ਆਪਣੇ ਬੁਰੇ ਕੰਮਾਂ ਦੀ ਆਲੋਚਨਾ ਕਰੇ, ਸਭ ਜੀਵਾਂ ਤੋਂ ਖ਼ਿਮਾ ਚਾਹੇ ਅਤੇ ਚਿੱਤ ਸਥਿਰ ਕਰਕੇ ਤਦ ਤੱਕ ਧਿਆਨ ਕਰਦਾ ਰਹੇ, ਜਦ ਤੱਕ ਪਿਛਲੇ ਕਰਮਾਂ ਦਾ ਖ਼ਾਤਮਾ ਨਹੀਂ ਹੋ ਜਾਂਦਾ ਹੈ।

(491)ਜਿਨ੍ਹਾਂ ਨੇ ਯੋਗ ਅਰਥਾਤ ਮਨ, ਬਚਨ ਤੇ ਕਾਇਆ ਨੂੰ ਸਥਿਰ ਕਰ ਲਿਆ ਹੈ ਅਤੇ ਜਿਨ੍ਹਾਂ ਦਾ ਮਨ ਧਿਆਨ ਵਿਚ ਨਿਸ਼ਚਲ ਹੋ ਗਿਆ ਹੈ, ਉਨ੍ਹਾਂ ਮੁਨੀਆਂ ਦੇ ਧਿਆਨ ਵਿਚ ਆਬਾਦੀ ਜਾਂ ਜੰਗਲ ਦੇ ਵਾਤਾਵਰਨ ਦਾ ਕੋਈ ਅਸਰ ਪੈਂਦਾ ਨਹੀਂ ਹੁੰਦਾ।

(492)ਸਮਾਧੀ ਭਾਵਨਾ ਵਾਲੇ ਤਪਸਵੀ ਸ਼੍ਰਮਣ ਇੰਦਰੀਆਂ ਦੇ ਵਿਸ਼ੇ (ਸ਼ਬਦ ਰੂਪ ਆਦਿ) ਪ੍ਰਤਿ ਕਦੇ ਰਾਗ ਦੀ ਭਾਵਨਾ ਨਾ ਕਰੇ ਅਤੇ ਨਾ ਹੀ ਉਲਟ ਵਿਸ਼ਿਆਂ ਪ੍ਰਤੀ ਦਵੇਸ਼ ਕਰੇ।

(493)ਜੋ ਸੰਸਾਰ ਦੇ ਸਵਰੂਪ ਨੂੰ ਸਮਝਦੇ ਹਨ, ਜੋ ਨਿਸੰਗ, ਨਿਡਰ, ਆਸ ਰਹਿਤ ਹਨ, ਵੈਰਾਗ ਦੀ ਭਾਵਨਾ ਨਾਲ ਭਰਪੂਰ ਹਨ, ਉਹ ਹੀ ਧਿਆਨ ਵਿਚ ਨਿਸ਼ਚਲ ਹੋ ਸਕਦੇ ਹਨ।

(494)ਜੋ ਯੋਗੀ ਪੁਰਸ਼ ਆਕਾਰ ਅਤੇ ਕੇਵਲ ਗਿਆਨ ਤੇ ਕੇਵਲ ਦਰਸ਼ਨ ਰਾਹੀਂ ਆਤਮਾ ਦਾ ਧਿਆਨ ਕਰਦਾ ਹੈ, ਉਹ ਕਰਮ ਦੀ ਜ਼ੰਜ਼ੀਰ ਤੋੜ ਕੇ ਜੇਤੂ ਹੋ ਜਾਂਦਾ ਹੈ।

(495)ਧਿਆਨ ਯੋਗੀ ਆਪਣੀ ਆਤਮਾ ਨੂੰ ਸਰੀਰ ਤੇ ਬਾਕੀ ਸਾਰੇ ਸੰਜੋਗਾਂ ਤੋਂ ਭਿੰਨ ਸਮਝਦਾ ਹੈ ਭਾਵ ਸਰੀਰ ਤੇ ਸਾਮਾਨ ਦਾ

ਤਿਆਗ ਕਰਕੇ ਨਿਸੰਗ ਹੋ ਜਾਂਦਾ ਹੈ।

(496)ਉਹ ਹੀ ਸ਼੍ਰਮਣ ਆਤਮਾ ਦਾ ਧਿਆਨ ਕਰਦਾ ਹੈ ਜੋ ਧਿਆਨ ਵਿਚ ਚਿੰਤਨ ਕਰਦਾ ਹੈ ਕਿ "ਮੈਂ ਨਾ ਤਾਂ ਪਰਾਇਆ ਹਾਂ ਅਤੇ ਨਾ ਹੀ ਪਰਾਇਆ ਮੇਰਾ ਹੈ। ਮੈਂ ਤਾਂ ਇਕ ਸ਼ੁੱਧ, ਬੁੱਧ (ਗਿਆਨ) ਚੇਤੰਨ (ਗਿਆਨੀ ਆਤਮਾ) ਹਾਂ।"

(497)ਧਿਆਨ ਵਿਚ ਲੱਗਾ ਯੋਗੀ ਜੋ ਆਤਮਾ ਦਾ (ਸੰਵੇਦਨ) ਧਿਆਨ ਨਹੀਂ ਕਰਦਾ, ਉਹ ਆਤਮਾ ਦੇ ਸ਼ੁੱਧ ਸਵਰੂਪ ਨੂੰ ਪ੍ਰਾਪਤ ਨਹੀਂ ਕਰ ਸਕਦਾ। ਜਿਵੇਂ ਭਾਗ ਹੀਣ ਵਿਅਕਤੀ ਰਤਨ ਪ੍ਰਾਪਤ ਨਹੀਂ ਕਰ ਸਕਦਾ।

(498)ਧਿਆਨ ਕਰਨ ਵਾਲਾ ਸਾਧਕ (1) ਪਿੰਡਸਥ (ਆਤਮਾ ਤੇ ਸਰੀਰ ਦਾ ਭੇਦ) (2) ਪਦਸਥ (ਕੇਵਲੀਆਂ ਰਾਹੀਂ ਦਿੱਤੇ ਉਪਦੇਸ਼ ਦਾ ਵਿਚਾਰ) (3) ਰੂਪਾਤੀਤ (ਸਿੱਧ ਆਤਮਾਵਾਂ) ਦਾ ਧਿਆਨ ਕਰੇ।

(499)ਭਗਵਾਨ ਮਹਾਵੀਰ ਉਕੜੂ ਆਦਿ ਆਸਨਾਂ ਵਿਚ ਸਥਿਤ ਤੇ ਸਥਿਰ ਹੋ ਕੇ ਧਿਆਨ ਕਰਦੇ ਸਨ। ਉਹ ਉੱਚੇ, ਨੀਵੇ ਤੇ ਤਿਰਛੇ ਲੋਕ ਦੇ ਪਦਾਰਥਾਂ ਦਾ ਧਿਆਨ ਕਰਦੇ ਸਨ। ਉਨ੍ਹਾਂ ਦੀ ਦ੍ਰਿਸ਼ਟੀ ਆਤਮ ਸਮਾਧੀ ਤੇ ਟਿਕੀ ਹੋਈ ਸੀ। ਉਹ ਸੰਕਲਪਾਂ ਤੋਂ ਮੁਕਤ ਸਨ।

(500)ਤਥਾਗਤ (ਗਿਆਨੀ) ਭੂਤ ਅਤੇ ਭਵਿੱਖ ਵਲ ਨਹੀਂ ਵੇਖਦੇ। ਕਲਪਨਾ ਤੋਂ ਰਹਿਤ ਵਰਤਮਾਨ ਦਾ ਧਿਆਨ ਕਰੇ ਅਤੇ ਕਰਮਾਂ ਦਾ ਰੂਪੀ ਸਰੀਰ ਨੂੰ ਖ਼ਤਮ ਕਰੇ।

(501)ਹੇ ਧਿਆਨ ਕਰਨ ਵਾਲੇ ! ਨਾ ਤਾਂ ਤੂੰ ਸਰੀਰ ਰਾਹੀਂ ਕੋਈ ਕ੍ਰਿਆ ਕਰ, ਨਾ ਮੂੰਹੋਂ ਕੁਝ ਬੋਲ ਅਤੇ ਨਾ ਮਨ ਰਾਹੀਂ ਕੁਝ ਸੋਚ, ਇਸ ਪ੍ਰਕਾਰ ਕਰਨ ਨਾਲ ਤੂੰ ਸਥਿਰ ਹੋ ਜਾਵੇਗਾ। ਤੂੰ ਆਤਮਾ ਨਾਲ ਜੁੜ ਜਾਵੇਗਾ। ਇਹ ਹੀ ਪਰਮ ਧਿਆਨ ਹੈ।

(502)ਜਿਸ ਦਾ ਚਿੱਤ ਇਸ ਪ੍ਰਕਾਰ ਦੇ ਧਿਆਨ ਵਿਚ ਲੀਣ ਹੈ, ਉਹ ਆਤਮਾ ਧਿਆਨੀ ਪੁਰਸ਼ ਕਸ਼ਾਇਆਂ ਕਾਰਨ ਪੈਦਾ ਹੋਣ ਵਾਲੀ ਈਰਖਾ, ਝਗੜੇ, ਦੁੱਖ ਤੇ ਮਾਨਸਿਕ ਦੁੱਖਾਂ ਕਾਰਨ ਤੰਗ ਨਹੀਂ ਹੁੰਦਾ।

(503)ਉਹ ਧੀਰਜ ਵਾਲਾ ਕਿਸੇ ਵੀ ਪਰਿਸ਼ੈ (ਸਾਧੂ ਜੀਵਨ ਦੇ ਕਸ਼ਟ) ਤੇ ਕਸ਼ਟ ਤੋਂ ਨਾ ਡਰਦਾ ਹੈ ਅਤੇ ਨਾ ਅਸਥਿਰ ਹੁੰਦਾ ਹੈ। ਨਾ ਹੀ ਸੂਖਮ ਭਾਵਨਾਵਾਂ ਅਤੇ ਦੇਵਤਿਆਂ ਰਾਹੀਂ ਬੁਣੇ ਮਾਇਆ ਜਾਲ ਵਿਚ ਫਸਦਾ ਹੈ।

(504)ਜਿਵੇਂ ਲੰਬੇ ਸਮੇਂ ਤੋਂ ਇਕੱਠੇ ਕੀਤੇ ਬਾਲਣ ਨੂੰ ਤੇਜ਼ ਹਵਾ ਛੇਤੀ ਹੀ ਜਲਾ ਦਿੰਦੀ ਹੈ, ਉਸੇ ਪ੍ਰਕਾਰ ਧਿਆਨ ਰੂਪੀ ਅੱਗ ਬੇਹੱਦ ਕਰਮ ਰੂਪੀ ਬਾਲਣ ਨੂੰ ਛੇਤੀ ਹੀ ਭਸਮ ਕਰ ਦਿੰਦੀ ਹੈ।

# 30. ਅਨੁਪਰੇਕਸ਼ਾ ਸੂਤਰ

(505)ਮੋਕਸ਼ ਦੇ ਇਛੁੱਕ ਮੁਨੀ ਨੂੰ ਸਭ ਤੋਂ ਪਹਿਲਾਂ 'ਧਰਮ ਧਿਆਨ' ਰਾਹੀਂ ਆਪਣੇ ਚਿੱਤ ਨੂੰ ਸੋਹਣਾ ਬਣਾਵੇ। ਬਾਅਦ ਵਿਚ ਧਰਮ ਧਿਆਨ ਦੀ ਸਮਾਪਤੀ ਹੋਣ ਤੇ ਹਮੇਸ਼ਾ ਅਨਿੱਤ ਅਸ਼ਰਨ ਆਦਿ ਭਾਵਨਾ ਦਾ ਚਿੰਤਨ ਕਰੇ। (ਭਾਵ ਸੰਸਾਰ ਵਿਚ ਜੀਵਨ ਨਾਸ਼ਵਾਨ ਹੈ ਅਤੇ ਸੰਸਾਰ ਜੀਵ ਨੂੰ ਸ਼ਰਨ ਨਹੀ ਦੇ ਸਕਦਾ, ਇਸ ਪ੍ਰਕਾਰ ਦੀਆਂ ਭਾਵਨਾਵਾਂ ਆਪਣੇ ਮਨ ਵਿਚ ਸਦਾ ਰੱਖੇ।)

(506)(1) ਅਨਿੱਤ (2) ਅਸ਼ਰਨ (3) ਏਕਤੱਵ (4) ਅਨਯਤਵ (5) ਸੰਸਾਰ (6) ਲੋਕ (7) ਅਸ਼ੁਚੀ (8) ਸੰਵਰ (9) ਨਿਰਜਰਾ (10) ਧਰਮ (11) ਅਤੇ (12) ਬੋਧੀ। ਇਨ੍ਹਾਂ ਬਾਰਾਂ ਭਾਵਨਾਵਾਂ ਨੂੰ ਹਮੇਸ਼ਾ ਮਨ ਵਿਚ ਰੱਖਣਾ ਚਾਹੀਦਾ ਹੈ।

(507)ਜਨਮ ਅਤੇ ਮਰਨ ਦਾ ਆਪਸੀ ਸੰਬੰਧ ਹੈ ਅਤੇ ਜਵਾਨੀ ਬੁਢਾਪੇ ਦਾ ਆਪਸੀ ਸੰਬੰਧ ਹੈ। ਇਸ ਪ੍ਰਕਾਰ (ਸੰਸਾਰ ਵਿਚ) ਸਭ ਕੁਝ ਨਾ ਰਹਿਣ ਵਾਲਾ (ਅਨਿੱਤ) ਹੈ।

(508)ਮਹਾਨ ਮੋਹ ਨੂੰ ਛੱਡ ਕੇ ਅਤੇ ਸਾਰੇ ਇੰਦਰੀਆਂ ਦੇ ਵਿਸ਼ਿਆਂ ਨੂੰ ਖ਼ਤਮ ਹੋਣ ਵਾਲਾ ਸਮਝ ਕੇ ਮਨ ਨੂੰ ਵਿਸ਼ਿਆਂ ਤੋਂ ਰਹਿਤ ਬਣਾਓ ਤਾਂ ਕਿ ਉੱਤਮ ਸੁੱਖ ਪ੍ਰਾਪਤ ਹੋਵੇ।

(509)ਅਗਿਆਨੀ ਜੀਵ ਧਨ, ਪਸ਼ੂ ਅਤੇ ਆਪਣੇ ਜਾਤ ਭਰਾਵਾਂ ਨੂੰ ਆਪਣਾ ਸਹਾਰਾ ਜਾਂ ਆਸਰਾ ਮੰਨਦਾ ਹੈ (ਉਹ ਸੋਚਦਾ ਹੈ) "ਇਹ ਮੇਰੇ ਹਨ, ਮੈਂ ਇਨ੍ਹਾਂ ਦਾ ਹਾਂ।" ਪਰ ਦਰਅਸਲ ਇਹ ਨਾ ਮਨੁੱਖ ਦੀ ਰੱਖਿਆ ਕਰ ਸਕਦੇ ਹਨ ਅਤੇ ਨਾ ਹੀ ਸ਼ਰਨ ਦੇ ਸਕਦੇ

ਹਨ।

(510)ਮੈਂ ਪਰਿਗ੍ਰਹਿ ਨੂੰ ਸੋਚ ਸਮਝ ਕੇ ਛੱਡਦਾ ਹਾਂ ਅਤੇ ਮਾਇਆ, ਮਿੱਥਿਆਤਵ ਅਤੇ ਨਿਦਾਨ ਰੂਪੀ ਤਿੰਨ ਸ਼ਲਯ ਤੋਂ ਮਨ, ਬਚਨ ਤੇ ਸਰੀਰ ਨੂੰ ਦੂਰ ਕਰਦਾ ਹਾਂ। ਤਿੰਨ ਗੁਪਤੀਆਂ ਅਤੇ ਪੰਜ ਸਮਿਤੀਆਂ ਹੀ ਮੇਰੀ ਰੱਖਿਆ ਅਤੇ ਸ਼ਰਨ ਹਨ।

(511)''ਇਸ ਸੰਸਾਰ ਨੂੰ ਧਿਕਾਰ ਹੈ ਜਿੱਥੇ ਰੰਗ ਰੂਪ ਦਾ ਮਾਨ ਕਰਨ ਵਾਲਾ ਨੌਜੁਆਨ ਮਰ ਕੇ, ਕਿਰਮ (ਸੂਖਮ ਜੀਵ) ਦੇ ਰੂਪ ਵਿਚ ਜਨਮਦਾ ਹੈ।''

(512)ਇਸ ਸੰਸਾਰ ਵਿਚ ਬਾਲ ਦੇ ਨੋਕ ਜਿੰਨਾ ਵੀ ਥਾਂ ਨਹੀਂ ਜਿੱਥੇ ਜੀਵ ਨੇ ਅਨੇਕਾਂ ਵਾਰ ਜਨਮ ਮਰਨ ਨਾ ਕੀਤਾ ਹੋਵੇ।

(513)ਆਹ ! ਇਹ ਜਨਮ ਮਰਨ ਰੂਪੀ ਸਮੁੰਦਰ ਕਸ਼ਟਾਂ ਵਾਲਾ ਹੈ। ਇਸ ਵਿਚ ਬਿਮਾਰੀ ਤੇ ਜਨਮ ਮਰਨ ਰੂਪੀ ਅਨੇਕਾਂ ਮਗਰਮੱਛ ਹਨ। ਲਗਾਤਾਰ ਜਨਮ ਹੋਣ, ਸਮੁੰਦਰ ਦੇ ਪਾਣੀ ਦੀ ਤਰ੍ਹਾਂ ਹੈ। ਇਸ ਦੇ ਅਸਰ ਬੜੇ ਖ਼ਤਰਨਾਕ ਹਨ।

(514)ਰਤਨਤ੍ਰੈ (ਗਿਆਨ, ਦਰਸ਼ਨ ਤੇ ਚਾਰਿੱਤਰ) ਨਾਲ ਸੰਪੰਨ ਜੀਵ ਹੀ ਉੱਤਮ ਕਿਨਾਰਾ ਹੈ ਕਿਉਂਕਿ ਉਹ ਰਤਨਤ੍ਰੈ ਰੂਪੀ ਕਿਸ਼ਤੀ ਵਿਚ ਬੈਠ ਕੇ ਜਨਮ ਮਰਨ ਰੂਪੀ ਸੰਸਾਰ ਸਾਗਰ ਨੂੰ ਪਾਰ ਕਰ ਲੈਂਦਾ ਹੈ।

(515)ਹਰ ਜੀਵ ਇਕੱਲਾ ਹੀ ਆਪਣੇ ਕੀਤੇ ਕਰਮਾਂ ਦਾ ਫਲ ਭੋਗਦਾ ਹੈ। ਅਜਿਹੀ ਹਾਲਤ ਵਿਚ ਕੌਣ ਆਪਣਾ ਹੈ ਅਤੇ ਕੌਣ ਪਰਾਇਆ ?

(516)ਗਿਆਨ ਤੇ ਦਰਸ਼ਨ ਨਾਲ ਭਰਪੂਰ ਮੇਰੀ ਇਕ ਆਤਮਾ ਹੀ ਸ਼ਾਸਵਤ (ਅਮਰ) ਹੈ। ਬਾਕੀ ਸਭ ਕੁਝ ਨਾਲ ਮੇਰਾ ਸੰਬੰਧ ਰਾਗ ਆਦਿ ਕਾਰਨ ਹੈ। ਮੈਂ ਇਨ੍ਹਾਂ ਤੋਂ ਅੱਡ ਹਾਂ।

(517)ਇਸ ਮੇਲ ਮਿਲਾਪ ਕਾਰਨ ਹੀ ਜੀਵ ਦੁੱਖਾਂ ਦੀ ਇਕ ਲੰਬੀ ਲੜੀ ਭੋਗ ਰਿਹਾ ਹੈ। ਇਸ ਲਈ ਮੈਂ ਸਭ ਭਾਵਨਾਵਾਂ ਨਾਲ ਇਸ ਮੇਲ ਮਿਲਾਪ (ਰਾਗ ਦਵੇਸ਼) ਦਾ ਤਿਆਗ ਕਰਦਾ ਹਾਂ।

(518)ਅਗਿਆਨੀ ਮਨੁੱਖ ਦੂਸਰੇ ਜਨਮਾਂ ਵਿਚ ਪਏ, ਲੋਕਾਂ ਲਈ ਦੁੱਖ ਕਰਦਾ ਹੈ। ਪਰ ਜਨਮ ਮਰਨ ਰੂਪੀ ਸਮੁੰਦਰ ਵਿਚ ਭਟਕਦੀ ਆਪਣੀ ਆਤਮਾ ਦਾ ਕੋਈ ਫ਼ਿਕਰ ਕਿਉਂ ਨਹੀਂ ਕਰਦਾ।

(519)"ਇਹ ਸਰੀਰ ਹੋਰ ਹੈ, ਮੈਂ ਹੋਰ ਹਾਂ, ਰਿਸ਼ਤੇਦਾਰ ਆਦਿ ਵੀ ਮੈਂ ਤੋਂ ਭਿੰਨ ਹਨ।" ਅਜਿਹਾ ਜਾਣ ਕੇ ਯੋਗ ਮਨੁੱਖ ਇਨ੍ਹਾਂ ਸੰਬੰਧਾਂ ਵਿਚ ਨਾ ਉਲਝੇ।

(520)ਇਸ ਸਰੀਰ ਦੇ ਸਵਰੂਪ ਨੂੰ ਜੀਵ ਦੇ ਸਵਰੂਪ ਤੋਂ ਭਿੰਨ ਸਮਝ ਕੇ ਜੋ ਆਤਮਾ ਬਾਰੇ ਸੋਚ ਵਿਚਾਰ ਕਰਦਾ ਹੈ, ਉਸ ਦੀ ਹੀ ਅਨਯੱਤਵ ਭਾਵਨਾ ਕੰਮ ਕਰਦੀ ਹੈ।

(521)ਮਾਂਸ ਤੇ ਹੱਡੀਆਂ ਦੀ ਮੈਲ ਤੋਂ ਬਣੇ, ਮਲ ਮੂਤਰ ਨਾਲ ਭਰੇ ਨੌ ਛੇਕਾਂ ਰਾਹੀਂ ਗੰਦੇ ਪਦਾਰਥ ਬਾਹਰ ਲਿਆਉਣ ਵਾਲਾ ਕੀ ਇਹ ਸਰੀਰ ਸੁੱਖ ਦਾ ਕਾਰਨ ਹੋ ਸਕਦਾ ਹੈ।

(522)ਮੋਹ ਆਦਿ ਦੇ ਕਾਰਨ ਪੈਦਾ ਹੋਣ ਵਾਲੀਆਂ ਇਨ੍ਹਾਂ ਭਾਵਨਾਵਾਂ ਨੂੰ ਤਿਆਗ ਕੇ ਯੋਗ ਜਾਣ ਕੇ, ਉਪਸ਼ਮ (ਠੀਕ) ਭਾਵ ਵਿਚ ਲੱਗਾ ਮੁਨੀ ਇਨ੍ਹਾਂ ਦਾ ਤਿਆਗ ਕਰਦਾ ਹੈ, ਇਹ ਉਸ ਦੀ

ਆਸ਼ਰਵ ਅਨੁਪਰੇਸ਼ਾ ਹੈ।

(523)ਤਿੰਨ ਗੁਪਤੀਆਂ ਦੇ ਰਾਹੀਂ ਇੰਦਰੀਆਂ ਨੂੰ ਵਸ ਕਰਨ ਵਾਲਾ ਅਤੇ ਪੰਜ ਸਮਿਤੀਆਂ ਦਾ ਪਾਲਣ ਕਰਨ ਵਾਲਾ ਅਪ੍ਰਮਤ (ਗਫਲਤ ਦਾ ਤਿਆਗ ਕਰਨ ਵਾਲਾ) ਮੁਨੀ ਆਸ਼ਰਵ ਦੇ ਦਰਵਾਜ਼ਿਆਂ ਨੂੰ ਰੋਕ ਕੇ, ਨਵੇਂ ਕਰਮਾਂ ਦੀ ਧੂਲ ਆਤਮਾ ਨੂੰ ਲੱਗਣ ਨਹੀਂ ਦਿੰਦਾ। ਹਿ ਸੰਵਰ ਅਨੁਪਰੇਕਸ਼ਾ ਹੈ।

(524)ਲੋਕ ਨੂੰ ਸਾਰ ਰਹਿਤ ਅਤੇ ਲੰਬੇ ਸਮੇਂ ਤੱਕ ਜਨਮ ਮਰਨ ਵਿਚ ਭਟਕਾਉਣ ਵਾਲਾ ਸਮਝ ਕੇ, ਮੁਨੀ ਕੋਸ਼ਿਸ਼ ਰਾਹੀਂ, ਲੋਕ ਦੇ ਸਭ ਤੋਂ ਉਪਰ 'ਅਗਰ ਭਾਗ' ਵਿਚ ਸਥਿਤ ਮੁਕਤੀ ਦਾ ਧਿਆਨ ਕਰਦਾ ਹੈ। ਜਿੱਥੇ ਮੁਕਤ (ਸਿੱਧ) ਜੀਵ ਸੁੱਖ ਪੂਰਵਕ ਹਮੇਸ਼ਾ ਲਈ ਰਹਿੰਦਾ ਹੈ।

(525)ਬਿਮਾਰੀ ਤੇ ਮੌਤ ਦੇ ਤੇਜ਼ ਵਹਾ ਵਿਚ ਡੁੱਬਦੇ ਲੋਕਾਂ ਲਈ ਧਰਮ ਹੀ ਦੀਪ ਹੈ, ਪ੍ਰਤਿਸ਼ਟਾ (ਠਿਕਾਨਾ) ਹੈ, ਗਤਿ ਹੈ ਅਤੇ ਉੱਤਮ ਸ਼ਰਨ ਹੈ।

(526)ਮਨੁੱਖ ਸਰੀਰ ਪ੍ਰਾਪਤ ਹੋ ਜਾਣ ਤੇ ਵੀ ਅਜਿਹੇ ਧਰਮ ਦਾ ਸੁਨਣਾ ਤਾਂ ਬਹੁਤ ਹੀ ਕਠਿਨ ਹੈ ਜਿਸ ਨੂੰ ਸੁਣ ਕੇ ਆਤਮਾ ਤੱਪ, ਖਿਮਾ ਅਤੇ ਅਹਿੰਸਾ ਨੂੰ ਪ੍ਰਾਪਤ ਕੀਤਾ ਜਾਵੇ।

(527)ਧਰਮ ਸੁਣ ਕੇ ਉਸ ਤੇ ਸ਼ਰਧਾ ਹੋ ਜਾਣ ਤੇ ਵੀ, ਸੰਜਮ ਧਾਰਨ ਕਰਕੇ ਇਸ ਧਰਮ ਪ੍ਰਤਿ ਮਿਹਨਤ ਕਰਨਾ ਇਸ ਤੋਂ ਵੀ ਔਖਾ ਹੈ। ਬਹੁਤ ਸਾਰੇ ਲੋਕ ਸੰਜਮ ਵਿਚ ਰੁੱਚੀ ਰੱਖਦੇ ਹੋਏ ਵੀ ਉਸ ਨੂੰ ਸੱਮਿਅਕ ਰੂਪ ਵਿਚ ਗ੍ਰਹਿਣ ਨਹੀਂ ਕਰ ਸਕਦੇ।

(528)ਭਾਵਨਾ ਯੋਗ ਤੋਂ ਸ਼ੁੱਧ ਆਤਮਾ ਨੂੰ ਪਾਣੀ ਵਿਚ ਕਿਸ਼ਤੀ ਦੀ ਤਰ੍ਹਾਂ ਆਖਿਆ ਗਿਆ ਹੈ। ਜਿਵੇਂ ਠੀਕ ਹਵਾ ਦਾ ਸਹਾਰਾ ਪਾ ਕੇ ਕਿਸ਼ਤੀ ਠਿਕਾਣੇ ਤੇ ਪਹੁੰਚ ਜਾਂਦੀ ਹੈ, ਉਸੇ ਪ੍ਰਕਾਰ ਸ਼ੁੱਧ ਆਤਮਾ ਸੰਸਾਰ ਦੇ ਪਾਰ ਪਹੁੰਚ ਜਾਂਦੀ ਹੈ। ਜਿੱਥੇ ਪਹੁੰਚ ਕੇ ਉਹ ਸਭ ਦੁੱਖਾਂ ਦਾ ਖ਼ਾਤਮਾ ਕਰ ਦਿੰਦੀ ਹੈ।

(530)ਇਨ੍ਹਾਂ 12 ਅਨੁਪਰੇਕਸ਼ਾਵਾਂ ਦਾ ਅੰਤ ਪ੍ਰਤਿਖਿਆਨ, ਪ੍ਰਤਿਕ੍ਰਮਣ, ਆਲੋਚਨਾ ਅਤੇ ਸਮਾਧੀ ਦਾ ਬਾਰ ਬਾਰ ਚਿੰਤਨ ਕਰਦੇ ਰਹਿਣਾ ਚਾਹੀਦਾ ਹੈ।

# 31. ਲੇਸ਼ਿਆ ਸੂਤਰ (ਆਭਾ ਮੰਡਲ)

(531)ਧਰਮ ਧਿਆਨ ਨਾਲ ਭਰਪੂਰ ਮੁਨੀ ਵਿਚ ਪੀਤ, ਪਦਮ ਅਤੇ ਸ਼ੁਕਲ ਤਿੰਨ ਸ਼ੁਭ ਲੇਸ਼ਿਆਵਾਂ ਹੁੰਦੀਆਂ ਹਨ। ਇਨ੍ਹਾਂ ਲੇਸ਼ਿਆਵਾਂ ਦੇ ਤੇਜ਼ ਤੇ ਘੱਟ ਅਨੇਕਾਂ ਰੂਪ ਹਨ।

(532)ਕਸ਼ਾਇਆਂ ਦੇ ਪ੍ਰਗਟ ਹੋਣ ਕਾਰਨ, ਮਨ, ਬਚਨ ਤੇ ਸਰੀਰ ਦੀ ਯੋਗ ਪ੍ਰਵਿਰਤੀ (ਲਗਾਉ) ਲੇਸ਼ਿਆ ਹੈ। ਇਨ੍ਹਾਂ ਦੋਹਾਂ, ਕਸ਼ਾਇ ਤੇ ਮਨ, ਬਚਨ, ਕਾਇਆ ਦੇ ਯੋਗ ਦਾ ਕੰਮ ਹੈ ਚਾਰ ਪ੍ਰਕਾਰ ਦਾ ਕਰਮ ਬੰਧ (ਸੰਗ੍ਰਹਿ) ਕਸ਼ਾਇਆਂ ਕਾਰਨ ਕਰਮਾਂ ਦੇ ਸਥਿਤੀ ਅਤੇ ਅਨੁਭਾਗ ਬੰਧ ਹੁੰਦੇ ਹਨ, ਯੋਗ ਰਾਹੀ ਪ੍ਰਕ੍ਰਿਤਿ ਅਤੇ ਪ੍ਰਦੇਸ਼ ਬੰਧ।

(533)(1) ਕ੍ਰਿਸ਼ਨ ਲੇਸ਼ਿਆ (2) ਨੀਲ ਪੇਸ਼ਿਆ (4) ਕਪੋਤ ਲੇਸ਼ਿਆ (4) ਤੇਜੋ ਲੇਸ਼ਿਆ (5) ਪਦਮ ਲੇਸ਼ਿਆ (6) ਸ਼ੁਕਲ ਲੇਸ਼ਿਆ।

(534)ਕ੍ਰਿਸ਼ਨ, ਨੀਲ ਅਤੇ ਕਪੋਤ ਇਹ ਤਿੰਨ ਅਧਰਮ ਜਾਂ ਅਸ਼ੁਭ ਲੇਸ਼ਿਆਵਾਂ ਹਨ ਜਿਨ੍ਹਾਂ ਕਾਰਨ ਜੀਵ ਭਿੰਨ ਭਿੰਨ ਦੁਰਗਤੀਆਂ ਵਿਚ ਪੈਦਾ ਹੁੰਦਾ ਹੈ।

(535)ਪੀਤ, ਪਦਮ ਤੇ ਸ਼ੁਕਲ ਇਹ ਤਿੰਨ ਧਰਮ ਜਾਂ ਸ਼ੁਭ ਲੇਸ਼ਿਆਵਾਂ ਹਨ ਇਨ੍ਹਾਂ ਕਾਰਨ ਜੀਵ ਸਦਗਤੀ ਵਿਚ ਪੈਦਾ ਹੁੰਦਾ ਹੈ।

(536)ਕ੍ਰਿਸ਼ਨ, ਨੀਲ ਅਤੇ ਕਪੋਤ ਇਨ੍ਹਾਂ ਤਿੰਨ ਅਸ਼ੁਭ ਲੇਸ਼ਿਆਵਾਂ ਵਿਚ ਹਰ ਇਕ ਦੇ (1) ਤੀਵਰਤਮ (2) ਤੀਵਰਤਰ ਅਤੇ

(4) ਤੀਬਰ ਇਹ ਤਿੰਨ ਭੇਦ ਹੁੰਦੇ ਹਨ। ਬਾਕੀ ਤਿੰਨ ਸ਼ੁਭ ਲੇ ਸ਼ਿਆਵਾਂ ਵਿਚ ਹਰ ਇਕ ਦੇ (1) ਮੰਦ (2) ਮੰਦਤਰ (3) ਮੰਦਤਮ, ਇਹ ਤਿੰਨ ਭੇਦ ਹੁੰਦੇ ਹਨ। ਤੇਜ ਤੇ ਮੰਦ (ਘੱਟ) ਪੱਖੋਂ ਹਰ ਲੇਸ਼ਿਆ ਵਿਚ (1) ਅਨੰਤ ਭਾਗ ਵਿਰਧੀ (2) ਅਸੰਖਿਆਤ ਭਾਗ ਵਿਰਧੀ (3) ਸੰਖਿਆਤ ਭਾਗ ਵਿਰਧੀ (4) ਸੰਖਿਆਤ ਗੁਣ ਵਿਰਧੀ (5) ਸੰਖਿਆਤ ਗੁਣ ਵਿਰਧੀ (6) ਅਨੰਤ ਗੁਣ ਵਿਰਧੀ, ਇਹ ਛੇ ਨਾਉਂ ਦੇ ਛੇ ਵਿਰਧੀ (ਵਾਧਾ) ਅਤੇ ਛੇ ਨਾਉਂ ਦਾ ਘਾਟਾ ਹੁੰਦਾ ਹੈ। ਜੋ ਹਮੇਸ਼ਾ ਹੁੰਦਾ ਰਹਿੰਦਾ ਹੈ। ਇਸੇ ਕਾਰਨ ਲੇਸ਼ਿਆਵਾਂ ਦੇ ਭੇਦਾਂ ਵਿਚ ਵੀ ਉਤਾਰ ਚੜਾਓ ਹੁੰਦਾ ਰਹਿੰਦਾ ਹੈ।

(537-538) ਛੇ ਰਾਹੀ ਸਨ। ਜੰਗਲ ਵਿਚ ਜਾ ਕੇ ਰਸਤੇ ਤੋਂ ਭਟਕ ਗਏ। ਭੁੱਖ ਲਗੀ। ਕੁਝ ਦੇਰ ਬਾਅਦ ਫਲਾਂ ਨਾਲ ਭਰਪੂਰ ਇਕ ਦਰਖਤ ਵਿਖਾਈ ਦਿੱਤਾ। ਉਨ੍ਹਾਂ ਦੀ ਫਲ ਖਾਣ ਦੀ ਇੱਛਾ ਹੋਈ। ਉਹ ਸਭ ਮਨ ਵਿਚ ਸੋਚਣ ਲੱਗੇ। ਇਕ ਨੇ ਸੋਚਿਆ ਕਿ ਦਰਖ਼ਤ ਨੂੰ ਜੜ ਤੋਂ ਕੱਟ ਦਿੱਤਾ ਜਾਵੇ ਫਿਰ ਫਲ ਖਾਵਾਂਗੇ। ਦੂਸਰੇ ਨੇ ਸੋਚਿਆ ਕਿ ਕੇਵਲ ਇਕ ਸ਼ਾਖਾ ਨੂੰ ਕੱਟ ਦਿੱਤਾ ਜਾਵੇ। ਤੀਸਰੇ ਨੇ ਸੋਚਿਆ ਕਿ ਕੇਵਲ ਇਕ ਟਾਹਣੀ ਨੂੰ ਤੋੜ ਲਿਆ ਜਾਵੇ। ਚੌਥੇ ਸੋਚਣ ਲੱਗਾ ਕਿ ਟਾਹਣੀ ਕੱਟ ਲਈ ਜਾਵੇ। ਪੰਜਵਾਂ ਚਾਹੁੰਦਾ ਸੀ ਕਿ ਫਲ ਤੋੜ ਲਏ ਜਾਣ। ਛੇਵੇਂ ਨੇ ਸੋਚਿਆ ਕਿ ਦਰਖ਼ਤ ਨੂੰ ਹਿਲਾ ਕੇ ਜੋ ਫਲ ਗਿਰ ਜਾਣਗੇ ਉਹ ਖਾ ਲਏ ਜਾਣ। ਇਨ੍ਹਾਂ ਛੇ ਮੁਸਾਫਿਰਾਂ ਦੇ ਵਿਚਾਰ ਤੇ ਕਰਮ ਸਿਲਸਿਲੇ ਵਾਰ ਛੇ ਲੇਸ਼ਿਆਵਾਂ ਦੇ ਉਦਾਹਰਣ ਹਨ।

(539)ਸੁਭਾਅ ਦੀ ਤੇਜੀ, ਵੈਰ ਦੀ ਮਜਬੂਤ ਗੱਠ, ਝਗੜਾਲੂ ਆਦਤ, ਧਰਮ ਅਤੇ ਦਿਆ ਤੋਂ ਖਾਲੀ, ਦੁਸ਼ਟ ਸਮਝਾਉਣ ਤੇ ਵੀ ਨਾ ਮੰਨਣ ਵਾਲੇ, ਇਹ ਕ੍ਰਿਸ਼ਨ ਲੇਸ਼ਿਆ ਦੇ ਧਾਰਕ ਦੇ ਪ੍ਰਮੁੱਖ ਲੱਛਣ ਹਨ।

(540)ਮੂਰਖਤਾ, ਬੁੱਧੀ ਹੀਣਤਾ, ਅਗਿਆਨਤਾ ਅਤੇ ਵਿਸ਼ੇ ਵਿਕਾਰਾਂ ਵਿਚ ਫਸਿਆ ਹੋਇਆ ਨੀਲ ਲੇਸ਼ਿਆਵਾਂ ਦੇ ਲੱਛਣ ਦਾ ਧਾਰਕ ਹੈ।

(541)ਜਲਦੀ ਰੁੱਸ ਜਾਣਾ, ਦੂਸਰਿਆਂ ਦੀ ਨਿੰਦਾ ਕਰਨਾ, ਦੋਸ਼ ਲਾਉਣਾ, ਬਹੁਤ ਦੁਖੀ ਹੋਣਾ, ਬਹੁਤ ਡਰ ਕੇ ਰਹਿਣਾ, ਇਹ ਕਪੋਤ ਲੇਸ਼ਿਆ ਵਾਲੇ ਦੇ ਲੱਛਣ ਹਨ।

(542)ਚੰਗੇ ਮਾੜੇ ਕੰਮ ਦਾ ਗਿਆਨ, ਸਨਮਾਨ, ਅਪਮਾਨ ਦਾ ਧਿਆਨ, ਸਭ ਪ੍ਰਤਿ ਸਮਭਾਵ ਰੱਖਣ ਵਾਲਾ, ਦਿਆ, ਦਾਨ ਇਹ ਆਦਤਾਂ ਜਾਂ ਤੇਜੋ ਲੇਸ਼ਿਆ ਵਾਲਿਆਂ ਦੀਆਂ ਹੁੰਦੀਆਂ ਹਨ।

(543)ਤਿਆਗਸ਼ੀਲ, ਪਰਿਨਾਮਾਂ ਵਿਚ ਚੰਗਿਆਈ, ਵਿਵਹਾਰ ਵਿਚ ਅਸਲੀਅਤ, ਕੰਮ ਵਿਚ ਸਰਲਤਾ (ਸਫ਼ਾਈ), ਅਪਰਾਧੀ ਪ੍ਰਤੀ ਖ਼ਿਮਾ, ਸਾਧੂ ਗੁਰੂਆਂ ਦੀ ਪੂਜਾ ਸੇਵਾ ਇਹ ਸਭ ਪਦਮ ਲੇਸ਼ਿਆ ਵਾਲਿਆਂ ਦੇ ਲੱਛਣ ਹਨ।

(544)ਪੱਖਪਾਤ ਨਾ ਕਰਨਾ, ਭੋਗਾਂ ਦੀ ਇੱਛਾ ਨਾ ਕਰਨਾ, ਸਭ ਪ੍ਰਤੀ ਇਕ ਤਰ੍ਹਾਂ ਦਾ ਵਰਤਾਓ ਕਰਨਾ, ਰਾਗ ਦਵੇਸ਼ ਅਤੇ ਸੰਸਾਰਿਕ ਮੋਹ ਤੋਂ ਦੂਰ ਰਹਿਣ ਵਾਲਾ ਸ਼ੁਕਲ ਲੇਸ਼ਿਆ ਦਾ ਧਨੀ ਹੈ।

(545)ਆਤਮ ਪਰਿਨਾਮਾਂ ਦੀ ਸ਼ੁੱਧੀ ਆਉਣ ਤੇ ਲੇਸ਼ਿਆ ਦੀ

ਸ਼ੁੱਧੀ ਹੁੰਦੀ ਹੈ ਅਤੇ ਕਸ਼ਾਇਆਂ ਦੇ ਘਟਣ ਨਾਲ ਹੀ ਪਰਿਨਾਮ ਸ਼ੁੱਧ ਹੁੰਦੇ ਹਨ।

# 32. ਆਤਮ ਵਿਕਾਸ ਸੂਤਰ (ਗੁਣ ਸਥਾਨ)

(546)ਮੋਹਨੀਆਂ ਆਦਿ ਕਰਮਾਂ ਦੇ ਪ੍ਰਗਟ ਹੋਣ ਵਾਲੇ, ਜਿਨ੍ਹਾਂ ਪਰਿਨਾਮਾਂ ਕਾਰਨ ਜੀਵ ਪਛਾਣੇ ਜਾਂਦੇ ਹਨ, ਉਨ੍ਹਾਂ ਨੂੰ ਸਭ ਕੁਝ ਵੇਖਣ ਵਾਲੇ ਜਿਨੇਂਦਰ ਦੇਵ ਨੇ ਗੁਣ ਜਾਂ ਗੁਣ ਸਥਾਨ ਦਾ ਨਾਂ ਦਿੱਤਾ ਹੈ। ਸੱਮਿਅਕਤਵ ਆਦਿ ਦੇ ਪੱਖੋਂ ਜੀਵ ਦੀਆਂ ਭਿੰਨ-ਭਿੰਨ ਅਵਸਥਾਵਾਂ, ਸ੍ਰੇਣੀਆਂ, ਭੂਮਿਕਾਵਾਂ ਗੁਣ ਸਥਾਨ ਅਖਵਾਉਂਦੀਆਂ ਹਨ।

(547-548) (1) ਮਿੱਥਿਆਤਵ (2) ਸਾਸਵਾਦਨ (3) ਮਿਸ਼ਰ (4) ਅਵਿਰਤ ਸੱਮਿਅਕ ਦ੍ਰਿਸ਼ਟੀ (5) ਦੇਸ਼ ਵਿਰਤ (6) ਪ੍ਰਮੱਤ ਸੰਯਤ (7) ਅਪ੍ਰਮਤ ਸੰਯਤ (8) ਅਪੂਰਵਕਰਨ (9) ਅਨਿਵਰਤੀ ਕਰਨ (10) ਸੂਖਮ ਸੰਪਰਾਏ (11) ਉਪਸਾਂਤ ਮੋਹ (12) ਕਸ਼ੀਨ ਮੋਹਨੀਆਂ (13) ਸੰਯੋਗੀ ਕੇਵਲੀ ਜਿਨ (14) ਅਯੋਗੀ ਕੇਵਲੀ ਜਿਨ, ਇਹ ਚੌਦ੍ਹਾਂ ਜੀਵ ਸਮਾਸ ਜਾਂ ਗੁਣ ਸਥਾਨ ਹਨ, ਸਿੱਧ ਆਤਮਾਵਾਂ ਗੁਣ ਸਥਾਨਾਂ ਤੋਂ ਰਹਿਤ ਹੁੰਦੀਆਂ ਹਨ।

(549)ਤਤਵਾਂ ਦੇ ਪ੍ਰਤੀ ਸ਼ਰਧਾ ਦੀ ਅਣਹੋਂਦ ਮਿੱਥਿਆਤਵ ਹੈ ਇਹ ਤਿੰਨ ਪ੍ਰਕਾਰ ਦਾ ਹੈ (1) ਸੰਸ਼ਯਿਤ (2) ਅਭਿਗ੍ਰਹਿਤ (3) ਅਨਭਿਗ੍ਰਹਿਤ।

(550)ਸੱਮਿਅਕਤਵ ਰਤਨ ਰੂਪੀ ਪਰਬਤ ਦੇ ਸ਼ਿਖ਼ਰ ਤੋਂ ਗਿਰ ਕੇ ਜੋ ਜੀਵ ਮਿੱਥਿਆਤਵ ਪ੍ਰਤੀ ਫਿਰ ਮੁੜ ਜਾਂਦਾ ਹੈ, ਪਰ ਜਿਸ ਦੇ ਅੰਦਰ ਮਿੱਥਿਆਤਵ ਨੇ ਪ੍ਰਵੇਸ਼ ਨਹੀਂ ਕੀਤਾ, ਉਸ ਵਿਚਕਾਰਲੀ ਅਵਸਥਾ ਦਾ ਨਾਂ ਸਾਸਾਦਨ ਨਾਉਂ ਦਾ ਗੁਣ ਸਥਾਨ ਹੈ।

(551)ਦਹੀ ਅਤੇ ਗੁੜ ਦੀ ਮੇਲ ਦੇ ਸੁਆਦ ਦੀ ਤਰ੍ਹਾਂ ਸਮਿੱਅਕਤਵ ਅਤੇ ਮਿੱਥਿਆਤਵ ਸੁਮੇਲ ਦੇ ਪਰਿਨਾਮ, ਜਿਸ ਕਾਰਨ ਮਿੱਥਿਆਤਵ ਤੇ ਸੱਮਿਅਕਤਵ ਦਾ ਭੇਦ ਅੱਡ ਨਹੀਂ ਕੀਤਾ ਜਾ ਸਕਦਾ, ਉਸ ਨੂੰ ਸੱਮਿਅਕਤ ਮਿੱਥਿਆਤਵ ਜਾਂ ਮਿਸ਼ਰ ਗੁਣ ਸਥਾਨ ਅਖਵਾਉਂਦਾ ਹੈ।

(552)ਜੋ ਨਾ ਤਾਂ ਇੰਦਰੀਆਂ ਦੇ ਵਿਸ਼ਿਆਂ ਵਿਚ ਲੱਗਾ ਹੈ ਅਤੇ ਨਾ ਹੀ ਤਰੱਸ ਤੇ ਸਥਾਵਰ, ਜੀਵਾਂ ਦੀ ਹਿੰਸਾ ਵਿਚ ਲੱਗਾ ਹੈ, ਪਰ ਕੇਵਲ ਜਿਨੇਂਦਰ ਭਗਵਾਨ ਰਾਹੀਂ ਦੱਸੇ ਤਤਵਾਂ ਤੇ ਸ਼ਰਧਾ ਕਰਦਾ ਹੈ ਉਹ ਆਦਮੀ ਅਵਿਰਤੀ ਸੱਮਿਅਕ ਦ੍ਰਿਸ਼ਟੀ ਗੁਣ ਸਥਾਨ ਵਾਲਾ ਅਖਵਾਉਂਦਾ ਹੈ।

(553)ਜੋ ਤਰੱਸ ਜੀਵਾਂ ਦੀ ਹਿੰਸਾ ਛੱਡ ਚੁੱਕਾ ਹੈ। -5ਧਪਰ ਇਕ ਇੰਦਰੀਆਂ ਵਾਲੇ ਸਥਾਵਰ ਜੀਵਾਂ (ਬਨਸਪਤੀ, ਜਲ, ਜ਼ਮੀਨ, ਅੱਗ, ਹਵਾ) ਦੀ ਹਿੰਸਾ ਤੋਂ ਰਹਿਤ ਨਹੀਂ ਹੋਇਆ ਅਤੇ ਇਕ ਜਿਨੇਂਦਰ ਭਗਵਾਨ ਵਿਚ ਸ਼ਰਧਾ ਰੱਖਦਾ ਹੈ, ਉਹ ਸ੍ਰਾਵਕ ਦੇਸ਼ਵਿਰਤ ਗੁਣ ਸਥਾਨ ਵਾਲਾ ਹੈ।

(554)ਜਿਸ ਨੇ ਮਹਾਂਵਰਤ ਧਾਰਨ ਕਰ ਲਏ ਹਨ। ਸ਼ੀਲ ਗੁਣਾਂ ਦਾ ਪਾਲਣ ਕਰਦਾ ਹੈ, ਫਿਰ ਵੀ ਜਿਸ ਦੀ ਜ਼ਾਹਰ ਜਾਂ ਗੁਪਤ ਰੂਪ ਵਿਚ ਗਫਲਤ ਬਾਕੀ ਹੈ। ਉਹ ਪ੍ਰਮਤਸੰਯਤ ਗੁਣ ਸਥਾਨ ਵਾਲਾ ਅਖਵਾਉਂਦਾ ਹੈ। ਇਸ ਦੇ ਵਰਤਾਂ ਵਿਚ ਕਦੇ ਦੋਸ਼ ਵੀ ਆ ਸਕਦਾ ਹੈ।

(555)ਜਿਸ ਦਾ ਜ਼ਾਹਰ ਜਾਂ ਗੁਪਤ ਰੂਪੀ ਵਿਚ ਗਫਲਤ ਖ਼ਤਮ

ਹੋ ਗਈ ਹੈ, ਜੋ ਗਿਆਨੀ ਹੋਣ ਦੇ ਨਾਲ ਨਾਲ ਵਰਤ, ਗੁਣ ਅਤੇ ਸ਼ੀਲ ਰੂਪੀ ਮਾਲਾ ਨਾਲ ਆਪਣੇ ਆਪ ਨੂੰ ਸਜ਼ਾ ਕੇ ਰੱਖਦਾ ਹੈ, ਫਿਰ ਵੀ ਜੋ ਨਾ ਤਾਂ ਮੋਹਨੀਆਂ ਕਰਮ ਦਾ ਉਪਸ਼ਮ ਕਰਦਾ ਅਤੇ ਨਾ ਖ਼ਤਮ ਕਰਦਾ ਹੈ, ਕੇਵਲ ਆਤਮ ਧਿਆਨ ਵਿਚ ਲੀਣ ਰਹਿੰਦਾ ਹੈ, ਉਹ ਸ੍ਰਮਣ ਅਪ੍ਰਮਤ ਸੰਯਤ ਗੁਣ ਸਥਾਨ ਵਰਤੀ ਅਖਵਾਉਂਦਾ ਹੈ। ਅਪ੍ਰਮਤ ਸੰਯਤ ਗੁਣ ਸਥਾਨ ਦੇ ਦੋ ਭੇਦ ਹਨ (1) ਉਪਸ਼ਮ (2) ਸ਼ਪਕ। ਉਪਸ਼ਮ ਸ੍ਰੇਣੀ ਵਾਲਾ ਮੋਹਨੀਆ ਕਰਮ ਦੇ ਖ਼ਾਤਮੇ ਕਾਰਨ ਗਿਆਰਵ੍ਹੇਂ ਗੁਣ ਸਥਾਨ ਤੇ ਪਹੁੰਚ ਜਾਂਦਾ ਹੈ। ਪਰ ਮੋਹਨੀਆਂ ਕਰਮ ਪੈਦਾ ਹੋਣ ਤੇ ਮਨੁੱਖ ਫਿਰ ਹੇਠਾਂ ਗਿਰ ਜਾਂਦਾ ਹੈ। ਸ਼ਪਕ ਸ੍ਰੇਣੀ ਵਾਲਾ ਮੋਹਨੀਆਂ ਕਰਮ ਦਾ ਖ਼ਾਤਮਾ ਕਰਦੇ ਹੋਏ ਜੀਵ ਮੋਕਸ਼ ਨੂੰ ਪ੍ਰਾਪਤ ਕਰ ਲੈਂਦਾ ਹੈ।

(556)ਇਸ ਅੱਠਵੇਂ ਗੁਣ ਸਥਾਨ ਵਿਚ ਜੀਵ ਭਿੰਨ-ਭਿੰਨ ਸਮੇਂ ਅਜਿਹੇ ਅਪੂਰਵ ਅਪਰਿਨਾਮਾਂ (ਭਾਵਨਾਵਾਂ) ਨੂੰ ਧਾਰਨ ਕਰਦਾ ਹੈ ਜੋ ਉਸ ਨੇ ਪਹਿਲਾਂ ਕਦੇ ਧਾਰਨ ਨਾ ਕੀਤੀਆਂ ਹੋਣ। ਇਸ ਲਈ ਇਸ ਦਾ ਨਾਂ ਅਪੂਰਬ ਗੁਣ ਸਥਾਨ ਹੈ।

(557)ਅਗਿਆਨ ਰੂਪੀ ਹਨ੍ਹੇਰੇ ਨੂੰ ਦੂਰ ਕਰਕੇ (ਗਿਆਨ ਰੂਪੀ ਸੂਰਜ) ਜਿਨੇਂਦਰ ਦੇਵ ਨੇ ਅਪੂਰਬ ਪਰਿਨਾਮੀ ਜੀਵਾਂ ਨੂੰ ਮੋਹਨੀਆਂ ਕਰਮ ਦਾ ਖ਼ਾਤਮਾ ਜਾਂ ਉਪਸਮ ਕਰਨ ਵਿਚ ਤਿਆਰ ਰਹਿੰਦਾ ਹੈ। (ਮੋਹਨੀਆ ਕਰਮ ਦਾ ਖ਼ਾਤਮਾ ਨੌਂਵੇ ਤੇ ਦਸਵੇਂ ਗੁਣ ਸਥਾਨ ਵਿਚ ਹੁੰਦਾ ਹੈ। ਪਰ ਇਹ ਕ੍ਰਿਆ ਅੱਠਵੇਂ ਗੁਣ ਸਥਾਨ ਤੋਂ ਸ਼ੁਰੂ ਹੋ ਜਾਂਦੀ ਹੈ।)

(558)ਜੋ ਜੀਵ ਅਨਿਵਰਤੀ ਕਰਨ ਗੁਣ ਸਥਾਨ ਵਾਲੇ ਹਨ ਜਿਨ੍ਹਾਂ ਦੇ ਲਗਾਤਾਰ ਇਕ ਤਰ੍ਹਾਂ ਦੇ ਹੀ ਪਰਿਨਾਮ ਰਹਿੰਦੇ ਹਨ ਉਹ ਜੀਵ ਨਿਰਮਲ ਧਿਆਨ ਰੂਪੀ ਚਿੰਗਾੜੀਆਂ ਨਾਲ ਕਰਮ ਰੂਪੀ ਜੰਗਲ ਨੂੰ ਭਸਮ ਕਰ ਦਿੰਦੇ ਹਨ।

(559)ਕਸੁੰਬੜੇ ਦੇ ਹਲਕੇ ਰੰਗ ਦੀ ਤਰ੍ਹਾਂ ਜਿਨ੍ਹਾਂ ਦੇ ਅੰਦਰ ਕੇਵਲ ਸੂਖਮ ਰਾਗ ਹੀ ਬਾਕੀ ਰਹਿ ਗਿਆ ਹੈ, ਉਨ੍ਹਾਂ ਮੁਨੀਆਂ ਨੂੰ ਸੂਖਮ ਸਰਾਗ ਜਾਂ ਸੂਖਮ ਕਸ਼ਾਇ ਸਮਝਨਾ ਚਾਹੀਦਾ ਹੈ।

(560)ਜਿਵੇਂ ਨਿਰਮਲੀ ਫਲ ਨਾਲ ਲੱਗੇ ਪਾਣੀ ਅਤੇ ਸਰਦੀ ਵਿਚ ਸਰੋਵਰ ਦਾ ਪਾਣੀ ਮਿੱਟੀ ਹੇਠਾਂ ਰਹਿ ਜਾਣ ਕਾਰਨ ਸਾਫ਼ ਵਿਖਾਈ ਦਿੰਦਾ ਹੈ, ਉਸੇ ਪ੍ਰਕਾਰ ਜਿਨ੍ਹਾਂ ਦਾ ਸੰਪੂਰਨ ਮੋਹ ਉਪਸਾਂਤ (ਥੋੜ੍ਹੇ ਸਮੇਂ ਲਈ ਸ਼ਾਂਤ) ਹੋ ਗਿਆ ਹੈ, ਉਹ ਨਿਰਮਲ ਪਰਿਨਾਮੀ ਉਪਸਾਂਤ ਕਸ਼ਾਇ ਅਖਵਾਉਂਦਾ ਹੈ। ਜਿਵੇਂ ਪਾਣੀ ਦੇ ਹਿੱਲਣ ਨਾਲ ਮਿੱਟੀ ਉਪਰ ਆ ਜਾਂਦੀ ਹੈ, ਉਸੇ ਪ੍ਰਕਾਰ ਮੋਹ ਦੇ ਪ੍ਰਗਟ ਹੋਣ ਨਾਲ ਇਹ ਉਪਸਾਂਤ ਕਸ਼ਾਇ ਮੁਨੀ, ਹੇਠਾਂ ਡਿੱਗ ਕੇ ਸੂਖਮ ਸਰਾਗ ਦਸ਼ਾ ਵਿਚ ਪਹੁੰਚ ਜਾਂਦਾ ਹੈ। ਉਪਸਾਂਤ ਕਸ਼ਾਇ ਤੇ ਕਸ਼ੀਨ ਕਸ਼ਾਇ ਵਿਚ ਇਹੋ ਫਰਕ ਹੈ ਕਿ ਉਪਸਾਂਤ ਵਾਲੇ ਦਾ ਮੋਹ ਦੱਬਿਆ ਰਹਿੰਦਾ ਹੈ, ਪਰ ਕੁਸ਼ੀਨ ਵਾਲੇ ਦਾ ਮੋਹ ਨਸ਼ਟ ਹੋ ਜਾਂਦਾ ਹੈ।

(561)ਸੰਪੂਰਨ ਮੋਹ ਨਸ਼ਟ ਹੋ ਜਾਣ ਤੇ ਜਿਨ੍ਹਾਂ ਦਾ ਚਿੱਤ ਸਫੁਟਿਕ ਮਨੀ ਦੇ ਬਣੇ ਭਾਂਡੇ ਵਿਚ ਰੱਖੇ ਸਾਫ਼ ਪਾਣੀ ਦੀ ਤਰ੍ਹਾਂ ਨਿਰਮਲ ਹੋ ਜਾਂਦਾ ਹੈ, ਉਸ ਨੂੰ ਵੀਤਰਾਗ ਦੇਵ ਨੇ ਕਸ਼ੀਨ ਕਸ਼ਾਇ ਨਿਰਗ੍ਰੰਥ ਕਿਹਾ ਹੈ।

(562-563) ਕੇਵਲ ਗਿਆਨ ਰੂਪੀ ਸੂਰਜ ਦੀਆਂ ਕਿਰਨਾਂ ਦੇ ਇਕੱਠ ਕਾਰਨ, ਜਿਨ੍ਹਾਂ ਦਾ ਅਗਿਆਨ ਰੂਪੀ ਹਨ੍ਹੇਰਾ ਨਸ਼ਟ ਹੋ ਜਾਂਦਾ ਹੈ ਉਹ ਨੌਂ ਕੇਵਲ ਲਬਧਿਆਂ (1) ਸਮਿਕਤਵ (2) ਅਨੰਤ ਗਿਆਨ (3) ਅਨੰਤ ਦਰਸ਼ਨ (4) ਅਨੰਤ ਸੁੱਖ (5) ਅਨੰਤ ਵੀਰਜ (6) ਦਾਨ (7) ਲਾਭ (8) ਭੋਗ (9) ਉਪਭੋਗ, ਦੇ ਪ੍ਰਗਟ ਹੋਣ ਤੇ ਪ੍ਰਮਾਤਮਾ ਪ੍ਰਾਪਤ ਹੋ ਜਾਂਦਾ ਹੈ। ਉਹ ਇੰਦਰੀਆਂ ਅਦਿ ਦੀ ਸਹਾਇਤਾ ਨਾ ਰੱਖਣ ਵਾਲੇ, ਗਿਆਨ ਦਰਸ਼ਨ ਨਾਲ ਭਰਪੂਰ ਹੋਣ ਕਾਰਨ ਕੇਵਲੀ ਅਤੇ ਸਰੀਰ ਹੋਣ ਕਾਰਨ ਸਯੋਗੀ ਕੇਵਲੀ ਘਾਤੀ ਕਰਮਾਂ ਤੇ ਜਿੱਤ ਹਾਸਲ ਹੋਣ ਤੇ ਜਿਨ ਅਖਵਾਉਂਦੇ ਹਨ। ਅਜਿਹਾ ਅਨਾਦਿ ਸਮੇਂ ਤੋਂ ਜੈਨ ਆਗਮ ਆਖਦੇ ਆਏ ਹਨ।

(564)ਜੋ ਜੀਵ ਸ਼ੈਲੇਸ਼ੀ ਅਵਸਥਾ ਦਾ ਸਵਾਮੀ ਹੈ, ਜਿਨ੍ਹਾਂ ਪੰਜ ਆਸ਼ਰਵਾਂ ਨੂੰ ਰੋਕ ਰਿਹਾ ਹੈ, ਜੋ (1) ਪੁਰਾਣੇ ਸੰਗ੍ਰਹਿ ਕੀਤੇ ਕਰਮਾਂ ਤੋਂ ਮੁਕਤ ਹੋ ਚੁੱਕੇ ਹਨ, ਯੋਗ ਪ੍ਰਵਿਰਤੀ ਮੁਕਤ ਹਨ, ਉਹ ਅਯੋਗੀ ਕੇਵਲੀ ਅਖਵਾਉਂਦੇ ਹਨ।

(565)ਇਸ ਗੁਣ ਸਥਾਨ ਨੂੰ ਪਾ ਕੇ ਜੀਵ ਉਸ ਸਮੇਂ ਉਰਧਵਗਮਨ ਸੁਭਾਵ ਵਾਲਾ, ਅਯੋਗੀ ਕੇਵਲੀ ਤੇ ਸਰੀਰ ਰਹਿਤ ਅਤੇ ਉਤਕ੍ਰਿਸ਼ਟ ਅੱਠ ਗੁਣਾਂ ਸਹਿਤ ਸਦਾ ਲਈ ਲੋਕ ਤੇ ਅਗਰ ਭਾਗ ਚਲਾ ਜਾਂਦਾ ਹੈ।

(566)ਸਿੱਧ, ਜੀਵਾਂ ਵਾਲੇ ਅੱਠ ਕਰਮਾਂ ਤੋਂ ਰਹਿਤ, ਸੁੱਖ ਭਰਪੂਰ, ਨਿਰੰਜਨ, ਨਿੱਤ, ਅੱਠ ਗੁਣਾਂ ਨਾਲ ਭਰਪੂਰ ਅਤੇ ਪਰਮ ਆਨੰਦ ਵਿਚ ਸਥਿਤ ਹੁੰਦਾ ਹੈ ਅਤੇ ਹਮੇਸ਼ਾ ਲਈ ਲੋਕ ਦੇ ਅਗਰ ਭਾਗ ਤੇ ਨਿਵਾਸ ਕਰਦਾ ਹੈ।

# 33. ਸੰਲੇਖਨਾ ਸੂਤਰ

(567)ਸਰੀਰ ਨੂੰ ਕਿਸ਼ਤੀ ਕਿਹਾ ਗਿਆ ਹੈ ਜੀਵ ਨੂੰ ਮਲਾਹ। ਇਹ ਸੰਸਾਰ ਸਮੁੰਦਰ ਹੈ। ਜਿਸ ਨੂੰ ਮਹਾਰਿਸ਼ੀ ਤੈਰਦੇ ਹਨ।

(568)ਮੁਕਤੀ ਦਾ ਇੱਛੁਕ ਮੁਨੀ ਕਦੇ ਵੀ ਬਹਾਰਲੇ ਵਿਸ਼ਿਆਂ ਦੀ ਇੱਛਾ ਨਾ ਰੱਖੇ। ਪਿਛਲੇ ਕਰਮਾਂ ਦਾ ਖ਼ਾਤਮਾ ਕਰਨ ਲਈ ਹੀ ਸਰੀਰ ਨੂੰ ਧਾਰਨ ਕਰੇ।

(569)ਨਿਸ਼ਚੈ ਹੀ ਧੀਰਜਵਾਨ ਨੇ ਵੀ ਮਰਨਾ ਹੈ ਅਤੇ ਕਾਇਰ ਨੇ ਵੀ। ਜਦ ਮਰਨਾ ਨਿਸ਼ਚਿਤ ਹੈ ਤਾਂ ਫਿਰ ਧੀਰਜ ਨਾਲ ਮਰਨਾ ਹੀ ਉੱਤਮ ਹੈ।

(570)ਇਕ ਪੰਡਿਤ ਮਰਨ (ਗਿਆਨ ਨਾਲ ਮਰਨਾ) ਸੈਂਕੜੇ ਜਨਮਾਂ ਦਾ ਨਾਸ਼ ਕਰ ਦਿੰਦਾ ਹੈ। ਇਸ ਲਈ ਇਸ ਤਰ੍ਹਾਂ ਮਰਨਾ ਚਾਹੀਦਾ ਹੈ ਕਿ ਮੌਤ ਵੀ ਚੰਗੀ ਲੱਗੇ।

(571)ਨਿਰਭੈ, ਸੱਜਣ ਮਨੁੱਖ ਇਕ ਪੰਡਿਤ ਮਰਨ ਨੂੰ ਪ੍ਰਾਪਤ ਹੁੰਦਾ ਹੈ ਅਤੇ ਛੇਤੀ ਹੀ ਜਨਮ ਮਰਨ ਦੇ ਚੱਕਰ ਦਾ ਅੰਤ ਕਰ ਦਿੰਦਾ ਹੈ।

(572)ਸਾਧੂ ਕਦਮ ਕਦਮ ਤੇ ਦੋਸ਼ਾਂ ਦੀ ਸੰਭਾਵਨਾ ਨੂੰ ਧਿਆਨ ਵਿਚ ਰੱਖ ਕੇ ਚੱਲੇ। ਛੋਟੇ ਤੋਂ ਛੋਟੇ ਦੋਸ਼ ਨੂੰ ਜ਼ੰਜੀਰ ਸਮਝੇ, ਉਸ ਤੋਂ ਹੁਸ਼ਿਆਰ ਰਹੇ। ਨਵੇਂ ਨਵੇਂ ਲਾਭ ਲਈ ਜੀਵਨ ਨੂੰ ਸੁਰੱਖਿਅਤ ਰੱਖੇ। ਜਦ ਜੀਵਨ ਅਤੇ ਸਰੀਰ ਤੋਂ ਲਾਭ ਹੁੰਦਾ ਵਿਖਾਈ ਨਾ ਦੇਵੇ ਤਾਂ ਗਿਆਨ ਪੂਰਵਕ ਸਰੀਰ ਨੂੰ ਤਿਆਗ ਦੇਵੇ।

(573)ਜਿਸ ਦੇ ਸਾਹਮਣੇ ਕੋਈ (ਸੰਜਮ, ਤਪ ਤੇ ਸਾਧਨਾ ਪ੍ਰਤੀ) ਡਰ ਜਾਂ ਨੁਕਸਾਨ ਦਾ ਡਰ ਨਾ ਹੋਵੇ ਉਸ ਲਈ ਭੋਜਨ ਦਾ ਛੱਡਣਾ ਠੀਕ ਨਹੀਂ। ਜੇ ਉਹ ਮਰਨਾ ਹੀ ਚਾਹੁੰਦਾ ਹੈ ਤਾਂ ਆਖਣਾ ਪਵੇਗਾ ਕਿ ਉਹ ਸਾਧੂਪੁਣੇ ਤੋਂ ਭਰਿਸ਼ਟ ਹੋ ਗਿਆ ਹੈ।

(574)ਸੰਲੇਖਨਾ ਦੋ ਪ੍ਰਕਾਰ ਦੀ ਹੈ (1) ਅੰਦਰਲੀ (2) ਬਾਹਰਲੀ। ਕਸ਼ਾਇਆਂ ਨੂੰ ਘਟਾਉਣਾ ਅੰਦਰਲੀ ਸੰਲੇਖਣਾ ਹੈ ਅਤੇ ਸਰੀਰ ਨੂੰ ਕਮਜ਼ੋਰ ਕਰਨਾ ਬਾਹਰਲੀ ਸੰਲੇਖਣਾ ਹੈ।

(575)ਕਸ਼ਾਇਆਂ ਨੂੰ ਕਮਜ਼ੋਰ ਕਰਕੇ ਹੌਲੀ ਹੌਲੀ ਭੋਜਨ ਘਟਾਵੇ। ਜੇ ਰੋਗੀ ਹੋਵੇ ਜਾਂ ਸਰੀਰ ਬਹੁਤ ਕਮਜ਼ੋਰ ਹੋ ਗਿਆ ਹੈ ਤਾਂ ਤੁਰੰਤ ਭੋਜਨ ਛੱਡ ਦੇਵੇ।

(576)ਜਿਸ ਦਾ ਮਨ ਸ਼ੁੱਧ ਹੈ, ਉਸ ਦਾ ਸੰਸਤਾਰਕ (ਘਾਹ ਫੂਸ ਦਾ ਵਿਛੌਣਾ) ਨਾ ਘਾਹ ਫੂਸ ਦਾ ਹੈ ਨਾ ਹੀ ਜ਼ਮੀਨ ਪ੍ਰਾਸੁਕ ਹੈ। ਉਸ ਦੀ ਆਤਮਾ ਹੀ ਸੰਸਤਾਰਕ ਹੈ।

(577-578) ਦੁਸ਼ ਪ੍ਰਯੁਕਤ ਹਥਿਆਰ, ਜ਼ਹਿਰ, ਭੂਤ ਅਤੇ ਜੰਤਰ ਅਤੇ ਗੁੱਸੇ ਹੋਏ ਸੱਪ ਆਦਿ ਦੇ ਕਾਰਨ ਮਨੁੱਖ ਦਾ ਉਨਾ ਨੁਕਸਾਨ ਨਹੀਂ ਹੁੰਦਾ ਜਿਨਾ ਸਮਾਧੀ ਵਿਚ ਲੱਗੇ ਮਨ ਵਿਚ ਰਹੇ ਮਾਇਆ, ਮਿੱਥਿਆਤਵ ਅਤੇ ਨਿਦਾਨ ਰੂਪੀ ਕੰਡੇ ਕਰਦੇ ਹਨ। ਉਸ ਨੂੰ ਬੋਧੀ ਪ੍ਰਾਪਤ ਕਰਨੀ ਦੁਰਲਭ ਹੋ ਜਾਂਦੀ ਹੈ ਅਤੇ ਉਹ ਸੰਸਾਰ ਵਿਚ ਭਟਕਦਾ ਰਹਿੰਦਾ ਹੈ।

(579)ਅਭਿਮਾਨ ਰਹਿਤ ਸਾਧੂ ਪੁਨਰਜਨਮ ਰੂਪੀ ਵੇਲ ਦੀ ਜੜ ਅਰਥਾਤ (1) ਮਿੱਥਿਆ ਦਰਸ਼ਨ ਸ਼ਲਯ (2) ਮਾਇਆ ਸ਼ਲਯ ਅਤੇ

(3) ਨਿਦਾਨ ਸ਼ਲਯ ਨੂੰ ਅੰਦਰੋਂ ਪੁੱਟ ਸੁੱਟਦਾ ਹੈ।

(580)ਇਸ ਸੰਸਾਰ ਵਿਚ ਜੋ ਜੀਵ ਮਿੱਥਿਆ ਦਰਸ਼ਨ ਵਿਚ ਲੱਗ ਕੇ ਨਿਦਾਨ ਅਤੇ ਕ੍ਰਿਸ਼ਨ ਲੇਸ਼ਿਆ ਵਿਚ ਮਰਨ ਪ੍ਰਾਪਤ ਕਰਦੇ ਹਨ, ਉਨ੍ਹਾਂ ਲਈ ਬੋਧੀ ਬਹੁਤ ਦੁਰਲਭ ਹੈ।

(581)ਜੋ ਜੀਵ ਸੱਮਿਅਕ ਦਰਸ਼ਨ ਦੇ ਇੱਛਕ, ਨਿਦਾਨ ਤੋਂ ਰਹਿਤ ਅਤੇ ਸ਼ੁਕਲ ਲੇਸ਼ਿਆ ਸਹਿਤ ਮਰਦੇ ਹਨ, ਉਨ੍ਹਾਂ ਨੂੰ ਬੋਧੀ ਛੇਤੀ ਪ੍ਰਾਪਤ ਹੁੰਦੀ ਹੈ।

(582)ਇਸ ਲਈ ਪਹਿਲਾਂ ਤੋਂ ਹੀ ਸੱਮਿਅਕਤਵ ਆਦਿ ਗੁਣਾਂ ਦਾ ਪਾਲਣ ਕਰਨਾ ਚਾਹੀਦਾ ਹੈ ਕਿਉਂਕਿ ਅਭਿਆਸ ਕਰਨ ਵਾਲੇ ਦੀ ਆਤਮਾ ਸੁਖੀ ਹੁੰਦੀ ਹੈ।

(583-584) ਰਾਜਕੁਲ ਵਿਚ ਪੈਦਾ ਹੋਏ ਰਾਜਕੁਮਾਰ ਨਿਤ ਯੋਗ ਸ਼ਾਸਤਰਾਂ ਦਾ ਅਭਿਆਸ ਕਰਦਾ ਹੈ ਤਾਂ ਉਹ ਯੁੱਧ ਜਿੱਤਣ ਵਿਚ ਸਮੱਰਥ ਹੋ ਜਾਂਦਾ ਹੈ। ਇਸੇ ਪ੍ਰਕਾਰ ਸਮਭਾਵੀ ਸਾਧੂ ਨਿੱਤ ਧਿਆਨ ਦੇ ਅਭਿਆਸ ਨਾਲ, ਚਿੱਤ ਨੂੰ ਵਸ ਵਿਚ ਕਰਕੇ, ਮਰਨ ਸਮੇਂ ਧਿਆਨ ਕਰਨ ਵਿਚ ਸਮਰੱਥ ਹੋ ਜਾਂਦਾ ਹੈ।

(585)ਹੇ ਜੀਵ ! ਤੂੰ ਮੋਕਸ਼ ਮਾਰਗ ਵਿਚ ਆਤਮਾ ਨੂੰ ਸਥਾਪਿਤ ਕਰ। ਉਸੇ ਦਾ ਧਿਆਨ ਕਰ। ਉਸੇ ਨੂੰ ਅਨੁਭਵ ਕਰ ਅਤੇ ਉਸੇ ਵਿਚ ਘੁੰਮ। ਹੋਰ ਪਦਾਰਥਾਂ ਤੋਂ ਪਰੇ ਰਹਿ।

(586)ਸੰਲੇਖਨਾ ਵਿਚ ਲੱਗਾ ਮੁਨੀ ਮਰਨ ਸਮੇਂ ਇਸ ਲੋਕ ਤੇ ਪਰਲੋਕ ਦੇ ਸੁੱਖ ਪ੍ਰਾਪਤ ਕਰਦੀ ਇੱਛਾ ਦਾ, ਜਨਮ ਮਰਨ ਦੀ ਇੱਛਾ ਦਾ ਤਿਆਗ ਕਰਕੇ, ਆਖ਼ਿਰੀ ਸਮੇਂ ਸੰਸਾਰ ਦੇ ਅਸ਼ੁਭ ਪਰਿਨਾਮਾਂ

ਵੱਲ ਧਿਆਨ ਕਰਨਾ ਚਾਹੀਦਾ ਹੈ।

(587)ਪਰ ਦਰੱਵ (ਅਰਥਾਤ ਧਨ, ਅਨਾਜ, ਪਰਿਵਾਰ ਤੇ ਸਰੀਰ) ਵਿਚ ਲੱਗਾ ਮਨੁੱਖ ਦੁਰਗਤੀ ਵਿਚ ਜਾਂਦਾ ਹੈ ਅਤੇ ਸਵਦਰੱਵ ਅਰਥਾਤ ਆਪਣੀ ਆਤਮਾ ਵਿਚ ਲੱਗੇ ਮਨੁੱਖ ਦੀ ਚੰਗੀ ਗਤੀ ਹੁੰਦੀ ਹੈ। ਅਜਿਹਾ ਜਾਣ ਕੇ ਸਵਦਰੱਵ ਵੱਲ ਲੱਗੇ ਅਤੇ ਪਰਦਰੱਵ ਤੋਂ ਦੂਰ ਰਹੇ।

# 34. ਤੱਤਵ ਸੂਤਰ

(588)ਸਾਰੇ ਅਗਿਆਨੀ ਦੁੱਖੀ ਹਨ। ਉਹ ਦੁੱਖਾਂ ਦੀ ਖ਼ਾਨ ਹਨ। ਉਹ ਵਿਵੇਕ ਤੋਂ ਰਹਿਤ ਅਨੰਤ ਸੰਸਾਰ ਵਿਚ ਬਾਰ-ਬਾਰ ਭਟਕਦੇ ਰਹਿੰਦੇ ਹਨ।

(589)ਇਸ ਲਈ ਪੰਡਿਤ ਪੁਰਸ਼ ਅਨੇਕਾਂ ਪ੍ਰਕਾਰ ਦੇ ਬੰਧਨਾਂ ਜਾਂ ਬੰਧਨ ਦਾ ਮੁੱਖ ਰੂਪ ਇਸਤਰੀ-ਪੁੱਤਰ ਆਦਿ ਦੇ ਸੰਬੰਧਾਂ ਦੀ ਸਮੀਖਿਆ ਕਰਕੇ ਖੁਦ ਸੱਚ ਦੀ ਖੋਜ ਕਰੇ ਕਿਉਂਕਿ ਇਹ ਸੰਬੰਧੀ ਹੀ ਜਨਮ ਮਰਨ ਦਾ ਕਾਰਨ ਹਨ। ਸਭ ਪ੍ਰਾਣੀਆਂ ਪ੍ਰਤੀ ਦੋਸਤੀ ਦੀ ਭਾਵਨਾ ਰੱਖੇ।

(590)ਤੱਤਵ, ਪਰਮਾਰਥ, ਦਰੱਵ ਸੁਭਾਵ, ਪਰ-ਅਪਰ ਧਿਆਏ, ਸ਼ੁੱਧ, ਪਰਮ ਇਨ੍ਹਾਂ ਸ਼ਬਦਾਂ ਦੇ ਇਕ ਹੀ ਅਰਥ ਹਨ।

(591)(1) ਜੀਵ (2) ਅਜੀਵ (3) ਬੰਧ (4) ਪੁੰਨ (5) ਪਾਪ (6) ਆਸ਼ਰਵ (7) ਸੰਬਰ (8) ਨਿਰਜਰਾ ਅਤੇ (9) ਮੋਕਸ਼ - ਇਹ ਨੌਂ ਤੱਤਵ ਜਾਂ ਪਦਾਰਥ ਹਨ।

(592)ਜੀਵ ਦਾ ਲੱਛਣ ਉਪਯੋਗ (ਸੋਚ ਵਿਚਾਰ ਗਿਆਨ) ਦੀ ਸ਼ਕਤੀ ਜਾਂ ਚੇਤਨਾ ਹੈ। ਇਹ ਅਨਾਦਿ-ਨਿਧਨ ਹੈ। ਸਰੀਰ ਤੋਂ ਭਿੰਨ ਹੈ। ਅਰੂਪੀ ਹੈ ਅਤੇ ਆਪਣਾ ਕਰਮਾਂ ਦਾ ਕਰਤਾ ਅਤੇ ਭੋਗਣ ਵਾਲਾ ਹੈ।

(593)ਸ਼੍ਰਮਣ ਭਗਵਾਨ ਉਸ ਨੂੰ ਅਜੀਵ ਆਖਦੇ ਹਨ ਜਿਸ ਨੂੰ ਦੁੱਖ ਸੁੱਖ ਦਾ ਗਿਆਨ ਨਹੀਂ। ਜੋ ਆਪਣੇ ਭਲੇ ਪ੍ਰਤੀ ਹੋਸ਼ਿਆਰ

ਨਹੀਂ ਅਤੇ ਨੁਕਸਾਨ ਤੋਂ ਡਰਦਾ ਨਹੀਂ।

(594)ਅਜੀਵ ਦਰੱਵ ਪੰਜ ਪ੍ਰਕਾਰ ਦਾ ਹੈ (1) ਪੁਦਗਲ (2) ਧਰਮ ਦਰੱਵ (3) ਅਧਰਮ ਦਰੱਵ (4) ਆਕਾਸ਼ (5) ਕਾਲ - ਇਨ੍ਹਾਂ ਵਿਚੋਂ ਪੁਦਗਲ ਰੂਪ ਆਦਿ ਗੁਣ ਹੋਣ ਕਾਰਨ ਮੂਰਤ (ਸ਼ਕਲ ਵਾਲਾ) ਹੈ (ਬਾਕੀ ਅਮੂਰਤ ਸ਼ਕਲ ਰਹਿਤ) ਹਨ।

(595)ਆਤਮਾ ਅਮੂਰਤ ਹੈ। ਇਸ ਲਈ ਉਹ ਇੰਦਰੀਆਂ ਰਾਹੀਂ ਗ੍ਰਹਿਣ ਨਹੀਂ ਕੀਤੀ ਜਾ ਸਕਦੀ। ਅਮੂਰਤ ਪਦਾਰਥ ਨਿੱਤ (ਹਮੇਸ਼ਾ) ਰਹਿਣ ਵਾਲਾ ਹੁੰਦਾ ਹੈ। ਆਤਮਾ ਦੇ ਅੰਦਰ ਰਾਗ ਆਦਿ ਭਾਵ ਹੀ ਦਰਅਸਲ ਬੰਧ (ਕਰਮਾਂ ਦੇ ਸੰਗ੍ਰਹਿ) ਦਾ ਕਾਰਨ ਹੁੰਦਾ ਹੈ। ਬੰਧ ਨੂੰ ਹੀ ਸੰਸਾਰ ਦਾ (ਜਨਮ ਮਰਨ ਦਾ) ਕਾਰਨ ਆਖਿਆ ਜਾਂਦਾ ਹੈ।

(596)ਰਾਗ ਵਾਲਾ ਹੀ ਕਰਮ ਬੰਧ (ਸੰਗ੍ਰਹਿ) ਕਰਦਾ ਹੈ। ਰਾਗ ਰਹਿਤ ਆਤਮਾ ਕਰਮਾਂ ਤੋਂ ਮੁਕਤ ਹੋ ਜਾਂਦੀ ਹੈ। ਇਹ ਨਿਸ਼ਚੈ ਪੱਖੋਂ ਜੀਵਾਂ ਦੇ ਬੰਧ ਬਾਰੇ ਕਿਹਾ ਗਿਆ ਹੈ।

(597)ਇਸ ਲਈ ਮੋਕਸ਼ ਦੇ ਇੱਛੁਕ ਨੂੰ ਕਦੇ ਰਾਗ ਨਹੀਂ ਕਰਨਾ ਚਾਹੀਦਾ। ਅਜਿਹਾ ਕਰਨ ਨਾਲ ਉਹ ਵੀਤਰਾਗ ਹੋ ਕੇ ਭਵ ਸਾਗਰ ਤੋਂ ਪਾਰ ਹੋ ਜਾਂਦਾ ਹੈ।

(598)ਕਰਮ ਦੋ ਪ੍ਰਕਾਰ ਦੇ ਹਨ (1) ਪੁੰਨ ਰੂਪ (2) ਪਾਪ ਰੂਪ। ਪੁੰਨ ਕਰਮ ਦੇ ਬੰਧ ਦਾ ਕਾਰਨ ਸ਼ੁੱਧ ਜਾਂ ਸ਼ੁਭ ਭਾਵਨਾਵਾਂ ਹਨ। ਪਾਪ ਕਰਮ ਦੇ ਬੰਧ ਦਾ ਕਾਰਨ ਗੰਦੀਆਂ ਜਾਂ ਅਸ਼ੁਭ ਭਾਵਨਾਵਾਂ ਹਨ। ਘੱਟ ਕਸ਼ਾਇਆਂ ਵਾਲੇ ਜੀਵ ਸ਼ੁੱਧ ਭਾਵ ਵਾਲੇ ਹੁੰਦੇ

ਹਨ। ਤੇਜ ਕਸ਼ਾਇ ਵਾਲੇ ਗੰਦੀਆਂ ਭਾਵਨਾਵਾਂ ਵਾਲੇ ਹੁੰਦੇ ਹਨ।

(599)ਸਭ ਨਾਲ ਪਿਆਰ ਨਾਲ ਬੋਲਣਾ, ਭੈੜਾ ਬੋਲਣ ਵਾਲੇ ਨੂੰ ਖਿਮਾ ਕਰ ਦੇਣਾ ਅਤੇ ਸਭ ਦੇ ਗੁਣਾਂ ਨੂੰ ਗ੍ਰਹਿਣ ਕਰਨਾ, ਇਹ ਗੁਣ ਮੰਦ (ਘੱਟ) ਕਸ਼ਾਇ ਵਾਲੇ ਦੇ ਹੁੰਦੇ ਹਨ।

(600)ਆਪਣੀ ਪ੍ਰਸੰਸਾ ਆਪ ਕਰਨਾ, ਸਤਿਕਾਰਯੋਗ ਪੁਰਸ਼ਾਂ ਵਿਚ ਦੋਸ਼ ਕੱਢਣਾ, ਲੰਬੇ ਸਮੇਂ ਤੱਕ ਵੈਰ ਦੀ ਗੱਠ ਬੰਨ੍ਹ ਲੈਣਾ, ਇਹ ਤੀਵਰ (ਤੇਜ) ਕਸ਼ਾਇ ਵਾਲੇ ਦੇ ਲੱਛਣ ਹਨ।

(601)ਰਾਗ ਦਵੇਸ਼ ਵਿਚ ਗਾਫਲ ਹੋਇਆ ਜੀਵ ਇੰਦਰੀਆਂ ਦੇ ਅਧੀਨ ਹੋ ਜਾਂਦਾ ਹੈ। ਉਸ ਦੇ ਆਸ਼ਰਵ (ਪਾਪ) ਦਰਵਾਜ਼ੇ ਖੁੱਲ੍ਹੇ ਰਹਿਣ ਕਾਰਨ ਮਨ-ਬਚਨ ਤੇ ਕਾਇਆ ਰਾਹੀਂ ਲਗਾਤਾਰ ਕਰਮ ਕਰਦਾ ਰਹਿੰਦਾ ਹੈ।

(602)ਹਿੰਸਾ ਆਦਿ ਆਸ਼ਰਵ ਦਵਾਰਾਂ ਰਾਹੀਂ ਕਰਮ ਦਾ ਆਸ਼ਰਵ ਹੁੰਦਾ ਰਹਿੰਦਾ ਹੈ ਜਿਵੇਂ ਕਿ ਸਮੁੰਦਰ ਵਿਚ ਪਾਣੀ ਆ ਜਾਣ ਨਾਲ ਛੇਦ ਵਾਲੀ ਕਿਸ਼ਤੀ ਡੁੱਬ ਜਾਂਦੀ ਹੈ।

(603)ਮਨ, ਬਚਨ, ਕਾਇਆ ਵਾਲੇ ਜੀਵ ਦਾ ਜੋ ਵੀਰਯ ਪਰਿਨਾਮ ਜਾਂ ਪ੍ਰਦੇਸ਼ ਪਰਿਸੰਦਨ ਰੂਪ ਪ੍ਰਣੀਯੋਗ ਹੁੰਦਾ ਹੈ, ਉਸ ਨੂੰ ਯੋਗ ਆਖਦੇ ਹਨ।

(604)ਜਿਵੇਂ ਜਿਵੇਂ ਯੋਗ ਥੋੜ੍ਹੇ ਹੁੰਦੇ ਜਾਂਦੇ ਹਨ, ਉਸੇ ਤਰ੍ਹਾਂ ਹੀ ਬੰਧ ਜਾਂ ਆਸ਼ਰਵ ਘੱਟ ਹੁੰਦੇ ਹਨ। ਯੋਗਾਂ ਦੇ ਰੁਕ ਜਾਣ ਤੇ ਕਰਮ ਬੰਧ ਨਹੀਂ ਹੁੰਦਾ। ਜਿਵੇਂ ਛੇਕ ਰਹਿਤ ਜਹਾਜ਼ ਵਿਚ ਪਾਣੀ ਪ੍ਰਵੇਸ਼ ਨਹੀਂ ਕਰਦਾ।

(605)(1) ਮਿਥਿਆਤਵ (2) ਅਵਿਰਤੀ (3) ਕਸ਼ਾਇ ਅਤੇ (4) ਯੋਗ। ਇਹ ਆਸ਼ਰਵ ਦੇ ਕਾਰਨ ਹਨ। (1) ਸੰਜਮ, (2) ਵਿਰਾਗ (3) ਦਰਸ਼ਨ (4) ਯੋਗ ਦੀ ਅਣਹੋਂਦ ਦਾ ਖ਼ਾਤਮਾ ਸੰਬਰ ਦਾ ਕਾਰਨ ਹੈ।

(606)ਜਿਵੇਂ ਜਹਾਜ਼ ਦੇ ਹਜ਼ਾਰਾਂ ਛੇਕ ਬੰਦ ਕਰਨ ਤੇ ਉਸ ਜਹਾਜ਼ ਵਿਚ ਪਾਣੀ ਨਹੀਂ ਆਉਂਦਾ, ਉਸੇ ਪ੍ਰਕਾਰ ਮਿੱਥਿਆਤਵ ਆਦਿ ਦੇ ਦੂਰ ਹੋ ਜਾਣ ਤੇ ਜੀਵ ਵਿਚ ਸੰਬਰ ਹੁੰਦਾ ਹੈ।

(607)ਜੋ ਸਾਰੇ ਪ੍ਰਾਣੀਆਂ ਨੂੰ ਆਪਣੀ ਆਤਮਾ ਦੀ ਤਰ੍ਹਾਂ ਵੇਖਦਾ ਹੈ, ਜਿਸ ਨੇ ਸਾਰੇ ਕਰਮਾਂ ਦੇ ਆਸ਼ਰਵ ਦੇ ਸਾਰੇ ਦਰਵਾਜ਼ੇ ਬੰਦ ਕਰ ਦਿੱਤੇ ਹਨ। ਉਸ ਸੰਜਮੀ ਨੂੰ ਪਾਪ ਕਰਮ ਦਾ ਬੰਧ ਨਹੀਂ ਹੁੰਦਾ।

(608)ਗਿਆਨੀ ਜੀਵ ਸਮਿੱਅਕਤਵ ਰੂਪੀ ਮਜਬੂਤ ਦਰਵਾਜ਼ਿਆਂ ਨੂੰ ਰੋਕਦਾ ਹੈ ਅਤੇ ਦਰਿੜ ਵਰਤਾਂ ਦੇ ਦਰਵਾਜ਼ਿਆਂ ਰਾਹੀਂ ਹਿੰਸਾ ਆਦਿ ਨੂੰ ਰੋਕਦਾ ਹੈ।

(609-610) ਜਿਵੇਂ ਕਿਸੇ ਬੜੇ ਤਲਾਬ ਦਾ ਪਾਣੀ, ਪਾਣੀ ਆਉਣ ਦੇ ਰਾਹ ਨੂੰ ਬੰਦ ਕਰਨ ਤੇ, ਪਹਿਲਾਂ ਪਾਣੀ ਕੱਢਣ ਨਾਲ ਸੂਰਜ ਦੀ ਗਰਮੀ ਨਾਲ ਸੁੱਕ ਜਾਂਦਾ ਹੈ, ਉਸੇ ਪ੍ਰਕਾਰ ਸੰਜਮੀ ਦੇ ਕਰੋੜਾਂ ਜਨਮਾਂ ਦੇ ਇਕੱਠੇ ਕੀਤੇ ਪਾਪ ਕਰਮਾਂ ਦੇ ਆਉਣ ਵਾਲੇ ਰਾਹ ਰੋਕ ਦੇਣ ਤੇ ਅਤੇ ਤਪ ਰਾਹੀਂ ਨਿਰਜਰਾ (ਝਾੜਨਾ) ਪ੍ਰਾਪਤ ਕਰਦੇ ਹਨ।

(611)ਇਹ 'ਜਿਨ ,ਬਚਨ ਹਨ ਕਿ ਸੰਬਰ ਰਹਿਤ ਮੁਨੀ ਨੂੰ

ਕੇਵਲ ਤੱਪ ਕਰਨ ਨਾਲ ਹੀ ਮੁਕਤੀ ਪ੍ਰਾਪਤ ਨਹੀਂ ਹੁੰਦੀ। ਜਿਵੇਂ ਪਾਣੀ ਦੇ ਆਉਣ ਵਾਲੇ ਰਾਹ ਨੂੰ ਖੁੱਲ੍ਹਾ ਛੱਡਣ ਤੇ ਤਲਾਬ ਦਾ ਪਾਣੀ ਪੂਰੀ ਤਰ੍ਹਾਂ ਨਹੀਂ ਸੁੱਕਦਾ।

(612)ਅਗਿਆਨੀ ਮਨੁੱਖ ਤਪ ਰਾਹੀਂ ਕਰੋੜਾਂ ਜਨਮ ਜਾਂ ਸਾਲਾਂ ਵਿਚ ਜਿੰਨੇ ਕਰਮਾਂ ਦਾ ਖ਼ਾਤਮਾ ਕਰਦਾ ਹੈ, ਉਨੇ ਕਰਮਾਂ ਦਾ ਨਾਸ਼ ਗਿਆਨੀ ਮਨੁੱਖ ਤਿੰਨ ਗੁਪਤੀਆਂ ਦਾ ਪਾਲਨ ਕਰਕੇ, ਇਕ ਸਾਹ ਰਾਹੀਂ ਕਰ ਦਿੰਦਾ ਹੈ।

(613)ਜਿਵੇਂ ਸੇਨਾਪਤੀ ਦੇ ਮਰ ਜਾਣ ਨਾਲ ਸੇਨਾ ਖ਼ਤਮ ਹੋ ਜਾਂਦੀ ਹੈ। ਉਸੇ ਪ੍ਰਕਾਰ ਇਕ ਮੋਹਨੀਆਂ ਕਰਮ ਦੇ ਖ਼ਾਤਮੇ ਤੇ ਸਾਰੇ ਕਰਮ ਸਹਿਜ ਹੀ ਨਸ਼ਟ ਹੋ ਜਾਂਦੇ ਹਨ।

(614)ਕਰਮਾਂ ਦੀ ਮੈਲ ਤੋਂ ਰਹਿਤ ਮਨੁੱਖ ਲੋਕ ਦੇ ਆਖ਼ਰੀ ਭਾਗ ਤੱਕ ਜਾਂਦਾ ਹੈ, ਉਥੇ ਉਹ ਸਰਵੱਗ ਅਤੇ ਸਰਵਦਰਸ਼ੀ ਦੇ ਰੂਪ ਵਿਚ, ਇੰਦਰੀਆਂ ਦੀ ਪਹੁੰਚ ਤੋਂ ਪਰੇ ਜ਼ਿਆਦਾ ਅਨੰਤ ਸੁੱਖ ਭੋਗਦਾ ਹੈ।

(615)ਚਕਰਵਰਤੀਆਂ, ਉੱਤਰ ਕੂਰੁ ਦੇ ਜੋੜੇ, ਦੱਖਣੀ ਕੂਰੁ ਆਦਿ ਭੋਗ ਭੂਮੀ ਵਾਲੇ ਜੀਵਾਂ ਨੂੰ ਅਤੇ ਨਗੇਂਦਰ, ਸੁਰੇਦਰੰ ਅਤੇ ਅਹਿਮਿਦੰਰ ਨੂੰ ਤਿੰਨ ਕਾਲ ਵਿਚ ਜਿੰਨਾ ਸੁੱਖ ਮਿਲਦਾ ਹੈ, ਉਸ ਤੋਂ ਅਨੰਤ ਗੁਣਾਂ ਸੁੱਖ ਸਿੱਧ (ਮੁਕਤ ਆਤਮਾ) ਇਕ ਪਲ ਵਿਚ ਅਨੁਭਵ ਹੁੰਦਾ ਹੈ।

(616)ਮੋਕਸ਼ ਅਵਸਥਾ ਦਾ ਸ਼ਬਦਾਂ ਵਿਚ ਵਰਨਣ ਕਰਨਾ ਅਸੰਭਵ ਹੈ। ਕਿਉਂਕਿ ਇਹ ਅਵਸਥਾ ਸ਼ਬਦਾਂ ਦੀ ਪਕੜ ਤੋਂ ਬਾਹਰ

ਹੈ ਨਾ ਉਥੇ ਤਰਕ (ਬਹਿਸ) ਪਹੁੰਚ ਨਹੀਂ ਸਕਦਾ ਕਿਉਂਕਿ ਉਥੇ ਮਨੁੱਖੀ ਦਿਮਾਗ ਅਨੁਸਾਰ ਕੰਮ ਨਹੀਂ ਚੱਲਦਾ। ਮੋਕਸ਼ ਅਵਸਥਾ ਸੰਕਲਪ ਅਤੇ ਵਿਕਲਪ ਦੋਹਾ ਤੋਂ ਰਹਿਤ ਹੈ। ਮੈਲ ਕਲੰਕ ਦੀ ਉਥੇ ਪਹੁੰਚ ਨਹੀਂ ਸਕਦੀ, ਰਾਗ ਰਹਿਤ ਹੋਣ ਕਾਰਨ, ਸੱਤਵੇਂ ਨਰਕ ਦੇ ਦੁੱਖਾਂ ਦਾ ਗਿਆਨ ਹੋਣ ਤੇ ਵੀ ਉਥੇ ਕਿਸੇ ਕਿਸਮ ਦਾ ਦੁੱਖ ਨਹੀਂ।

(617)ਜਿੱਥੇ ਨਾ ਦੁੱਖ ਹੈ ਨਾ ਸੁੱਖ, ਨਾ ਪੀੜ ਹੈ ਨਾ ਰੁਕਾਵਟ ਹੈ, ਨਾ ਮਰਨ ਹੈ ਨਾ ਜਨਮ ਹੈ, ਉਹ ਹੀ ਨਿਰਵਾਨ ਹੈ।

(618)ਜਿੱਥੇ ਨਾ ਇੰਦਰੀਆਂ ਹਨ, ਨਾ ਤਕਲੀਫਾਂ ਹਨ, ਨਾ ਮੋਹ ਹੈ, ਨਾ ਅਚੰਭਾ ਹੈ, ਨਾ ਨੀਂਦ ਹੈ, ਨਾ ਇੱਛਾ ਹੈ ਅਤੇ ਨਾ ਭੁੱਖ ਹੈ, ਉਹ ਹੀ ਨਿਰਵਾਨ ਹੈ।

(619)ਜਿੱਥੇ ਨਾ ਕਰਮ ਹੈ ਨਾ ਨੋਕਰਮ ਹੈ, ਨਾ ਚਿੰਤਾ ਹੈ, ਨਾ ਆਰਤ-ਰੋਦਰ ਧਿਆਨ ਹੈ ਨਾ ਧਰਮ ਧਿਆਨ ਹੈ, ਨਾ ਸ਼ੁਕਲ ਧਿਆਨ ਹੈ, ਉਹ ਹੀ ਨਿਰਵਾਨ ਹੈ।

(620)ਮੁਕਤ ਜੀਵਾਂ ਵਿਚ ਕੇਵਲ ਗਿਆਨ, ਕੇਵਲ ਦਰਸ਼ਨ, ਕੇਵਲ ਸੁੱਖ, ਕੇਵਲ ਵੀਰਜ, ਅਰੁਪਤਾ, ਹੋਂਦ ਅਤੇ ਸਪ੍ਰਦੇਸਤੱਵ ਗੁਣ ਹੁੰਦੇ ਹਨ।

(621)ਜਿਸ ਸਥਾਨ ਨੂੰ ਮਹਾਂਰਿਸ਼ੀ ਪ੍ਰਾਪਤ ਕਰਦੇ ਹਨ, ਉਹ ਸਥਾਨ ਨਿਰਵਾਨ ਹੈ, ਅਵਾਧ (ਰੁਕਾਵਟ ਰਹਿਤ) ਹੈ। ਸਿੱਧੀ ਹੈ, ਲੋਕ ਅਗਰ ਹੈ, ਖੇਮ ਹੈ, ਸ਼ਿਵ ਹੈ ਅਤੇ ਅਨਾਵਾਧ ਹੈ।

(622)ਜਿਵੇਂ ਮਿੱਟੀ ਵਿਚ ਲਿੱਬੜੀ ਤੁੰਬੀ ਪਾਣੀ ਵਿਚ ਡੁੱਬ ਜਾਂਦੀ ਹੈ ਅਤੇ ਮਿੱਟੀ ਦਾ ਲੇਪ ਦੂਰ ਹੋਣ ਤੇ ਉੱਪਰ ਤੈਰਨ ਲੱਗ

ਜਾਂਦੀ ਹੈ ਜਾਂ ਅਰਿੰਡ ਦਾ ਫਲ ਧੁੱਪ ਵਿਚ ਫੁੱਟ ਜਾਂਦਾ ਹੈ ਅਤੇ ਉਸ ਦੇ ਬੀਜ ਉੱਪਰ ਆ ਜਾਂਦੇ ਹਨ, ਜਾਂ ਅੱਗ ਦਾ ਧੂੰਆਂ ਉਪਰ ਨੂੰ ਫੈਲਦਾ ਹੈ, ਜਾਂ ਧਨੁਸ਼ ਤੋਂ ਨਿਕਲਿਆ ਬਾਣ ਇਕ ਪਾਸੇ ਨੂੰ ਵੱਧਦਾ ਹੈ, ਉਸੇ ਪ੍ਰਕਾਰ ਸਿੱਧ ਜੀਵਾਂ ਦੀ ਗਤੀ ਵੀ ਸੁਭਾਵ ਪੱਖੋਂ ਉੱਪਰ ਨੂੰ ਹੁੰਦੀ ਹੈ।

(623)ਪਰਮਾਤਮ ਤੱਤਵ, ਅਵਿਵਯਾਵਾਧ, ਅਤਿੰਦਰੀਆ, ਅਨੁਪਮ, ਪੁੰਨ ਪਾਪ ਰਹਿਤ, ਪੁਨਰ ਆਗਮਨ ਰਹਿਤ, ਨਿੱਤ, ਅਚੱਲ ਅਤੇ ਸਹਾਰੇ ਤੋਂ ਰਹਿਤ ਹੁੰਦਾ ਹੈ।

# 35. ਦਰੱਵ ਸੂਤਰ

(624)ਪਰਮ ਦਰਸ਼ੀ ਜਿਨਵਰਾਂ ਨੇ ਲੋਕ ਨੂੰ ਧਰਮ, ਅਧਰਮ, ਆਕਾਸ਼, ਕਾਲ, ਪੁਦਗਲ ਅਤੇ ਜੀਵ ਆਦਿ ਛੇ ਦਰੱਵਾਂ ਵਾਲਾ ਕਿਹਾ ਹੈ।

(625)ਆਕਾਸ਼, ਕਾਲ, ਪੁਦਗਲ, ਧਰਮ ਅਤੇ ਅਧਰਮ ਦਰਵਾਂ ਵਿਚ ਜੀਵ ਵਾਲੇ ਗੁਣ ਨਹੀਂ ਹੁੰਦੇ, ਇਸ ਲਈ ਇਹ ਅਜੀਵ ਦਰੱਵ ਹਨ। ਜੀਵ ਦਾ ਗੁਣ ਚੇਤੰਨਤਾ ਹੈ।

(626)ਆਕਾਸ਼, ਕਾਲ, ਜੀਵ, ਧਰਮ ਅਤੇ ਅਧਰਮ ਦਰੱਵ ਅਮੂਰਤ (ਸ਼ਕਲ ਰਹਿਤ) ਹਨ। ਪੁਦਗਲ ਦਰੱਵ ਮੂਰਤ (ਸ਼ਕਲ ਵਾਲਾ) ਹੈ। ਇਨ੍ਹਾਂ ਵਿਚ ਕੇਵਲ ਜੀਵ ਹੀ ਚੇਤਨਾ ਵਾਲਾ ਹੈ।

(627)ਜੀਵ ਅਤੇ ਪੁਦਗਲ ਕਾਇਆ ਇਹ ਦੋ ਦਰੱਵ ਕ੍ਰਿਆ ਵਾਲੇ ਹਨ। ਬਾਕੀ ਦਰੱਵ ਕ੍ਰਿਆ ਤੋਂ ਰਹਿਤ ਹਨ ਜੀਵ ਤੇ ਕ੍ਰਿਆ ਹੋਣ ਦਾ ਬਾਹਰਲਾ ਸਾਧਨ ਕਰਮ ਨੋਕਰਮ ਰੂਪੀ ਪੁਦਗਲ ਹੈ ਅਤੇ ਪੁਦਗਲ ਨੂੰ ਕ੍ਰਿਆ ਪ੍ਰਦਾਨ ਕਰਨ ਵਾਲਾ ਕਾਲ ਦਰੱਵ ਹੈ।

(628)ਧਰਮ, ਅਧਰਮ ਅਤੇ ਆਕਾਸ਼ ਵਿਚ ਤਿੰਨ ਦਰਵ ਸੰਖਿਆ ਪੱਖੋਂ ਇਕ ਇਕ ਹਨ। ਵਿਵਹਾਰ ਪੱਖੋਂ ਕਾਲ, ਪੁਦਗਲ ਅਤੇ ਜੀਵ ਇਹ ਤਿੰਨ ਦਰਵ ਅਨੰਤ ਅਨੰਤ ਹਨ।

(629)ਧਰਮ ਅਤੇ ਅਧਰਮ ਵਿਚ ਦੋਹੇ ਹੀ ਦਰੱਵ ਲੋਕ ਵਿਚ ਫੈਲੇ ਹੋਏ ਹਨ। ਆਕਾਸ਼ ਲੋਕ ਅਤੇ ਅਲੋਕ ਵਿਚ ਫੈਲਿਆ ਹੋਇਆ ਹੈ। (ਵਿਵਹਾਰ ਪੱਖੋਂ) 'ਕਾਲ' (ਸਮਾਂ) ਕੇਵਲ ਮਨੁੱਖ ਖੇਤਰ ਵਿਚ ਹੀ

ਫੈਲਿਆ ਹੋਇਆ ਹੈ।

(630)ਇਹ ਸਭ ਦਰੱਵ ਇਕ ਦੂਸਰੇ ਵਿਚ ਫੈਲੇ ਹੋਏ ਹਨ, ਇਕ ਦਰੱਵ ਦੂਸਰੇ ਦਰੱਵ ਦੇ ਸਹਾਰੇ ਖੜ੍ਹਾ ਹੈ। ਇਹ ਇਸੇ ਪ੍ਰਕਾਰ ਅਨਾਦਿ ਕਾਲ ਤੋਂ ਮਿਲੇ ਹੋਏ ਹਨ। ਇਹ ਦਰੱਵ ਆਪਣਾ ਆਪਣਾ ਸੁਭਾਵ ਨਹੀਂ ਛੱਡਦੇ।

(631)ਧਰਮਾਸਤੀ ਕਾਇਆ ਰਸ ਰਹਿਤ ਹੈ। ਰੂਪ ਰਹਿਤ ਹੈ, ਸਪਰਸ਼ ਰਹਿਤ ਹੈ, ਗੰਧ ਰਹਿਤ ਹੈ ਅਤੇ ਸ਼ਬਦ ਰਹਿਤ ਹੈ। ਸਾਰੇ ਲੋਕ ਅਲੋਕ ਵਿਚ ਫੈਲਿਆ ਹੋਇਆ ਹੈ। ਅਖੰਡ ਹੈ, ਵਿਸ਼ਾਲ ਹੈ ਅਤੇ ਅਸੰਖਿਆਤ ਪ੍ਰਦੇਸ਼ ਵਾਲਾ ਹੈ।

(632)ਜਿਵੇਂ ਇਸ ਲੋਕ ਵਿਚ ਪਾਣੀ ਮੱਛੀਆਂ ਦੇ ਤੈਰਨ ਵਿਚ ਸਹਾਇਕ ਹੁੰਦਾ ਹੈ, ਉਸੇ ਪ੍ਰਕਾਰ ਹੀ ਧਰਮ ਦਰੱਵ, ਜੀਵ ਅਤੇ ਪੁਦਗਲ ਦੇ ਚੱਲਣ ਵਿਚ ਸਹਾਇਕ ਹੁੰਦਾ ਹੈ।

(633)ਧਰਮਾਸਤਿ ਕਾਇਆ ਆਪ ਨਹੀਂ ਚੱਲਦੀ ਅਤੇ ਨਾ ਹੀ ਦੂਸਰੇ ਦਰੱਵਾਂ ਨੂੰ ਚਲਾਉਂਦੀ ਹੈ। ਉਹ ਤਾਂ ਜੀਵ ਤੇ ਪੁਦਗਲ ਦੇ ਤੁਰਨ ਵਿਚ ਸਹਾਈ ਹੁੰਦੀ ਹੈ। ਇਹ ਹੀ ਧਰਮਾਸਤਿਕ ਕਾਇਆ ਦਾ ਲੱਛਣ ਹੈ।

(634)ਧਰਮ ਦਰੱਵ ਦੀ ਤਰ੍ਹਾਂ ਹੀ ਅਧਰਮ ਦਰੱਵ ਹੈ। ਪਰ ਫਰਕ ਇਹ ਹੈ ਕਿ ਇਹ ਠਹਿਰੇ ਹੋਏ ਜੀਵ ਜਾਂ ਪੁਦਗਲਾਂ ਨੂੰ ਜ਼ਮੀਨ ਤੇ ਠਹਿਰਣ ਵਿਚ ਸਹਾਇਤਾ ਕਰਦਾ ਹੈ।

(635)ਜਿਨੇਂਦਰ ਦੇਵ ਨੇ ਆਕਾਸ਼ ਦਰੱਵ ਨੂੰ ਚੇਤਨਾ ਤੋਂ

ਰਹਿਤ, ਅਮੂਰਤ, ਫੈਲਿਆ ਹੋਇਆ, ਅਵਗਾਹ (ਥਾਂ ਘੇਰਨ ਵਾਲਾ) ਕਿਹਾ ਹੈ। ਲੋਕ ਅਤੇ ਅਲੋਕ ਦੇ ਭੇਦ ਪੱਖੋਂ ਆਕਾਸ਼ ਦਰੱਵ ਦੋ ਪ੍ਰਕਾਰ ਦਾ ਹੈ।

(636)ਇਹ ਲੋਕ ਜੀਵ ਅਤੇ ਅਜੀਵ ਵਾਲਾ ਕਿਹਾ ਗਿਆ ਹੈ। ਜਿੱਥੇ ਅਜੀਵ ਦਾ ਇਕ ਦੇਸ਼ (ਹਿੱਸਾ) ਕੇਵਲ ਆਕਾਸ਼ ਪਾਇਆ ਜਾਂਦਾ ਹੈ। ਉਸ ਨੂੰ ਅਲੋਕ ਆਖਦੇ ਹਨ।

(637)ਸਪਰਸ਼, ਗੰਧ, ਰਸ ਅਤੇ ਰੂਪ ਤੋਂ ਰਹਿਤ, ਅਗੁਰੂ (ਹਲਕਾ) ਲਘੁ (ਛੋਟਾ) ਆਦਿ ਗੁਣਾਂ ਨਾਲ ਭਰਪੂਰ ਅਤੇ ਵਰਤ ਨਾ (ਵੀਤਨਾ) ਲੱਛਣ ਵਾਲਾ ਦਰੱਵ ਕਾਲ ਹੈ।

(638)ਜੀਵ ਅਤੇ ਪੁਦਗਲਾਂ ਵਿਚ ਹਮੇਸ਼ਾ ਹੋਣ ਵਾਲੇ ਪਰਿਵਰਤਨ ਜਾਂ ਪਰਿਆਏ ਵੀ ਕਾਲ ਦਰਵ ਦੇ ਕਾਰਨ ਹੁੰਦੇ ਹਨ। ਉਨ੍ਹਾਂ ਦਾ ਪਰਿਨਮਣ (ਬਦਲਣ) ਵਿਚ ਕਾਲ ਦਰੱਵ ਹੀ ਸਹਾਰੇ ਦਾ ਕੰਮ ਕਰਦਾ ਹੈ। ਇਹ ਨਿਸ਼ਚੈ ਕਾਲ ਦੇ ਲੱਛਣ ਹਨ।

(639)ਵੀਤਰਾਗ ਦੇਵ ਨੇ ਫੁਰਮਾਇਆ ਹੈ ਕਿ ਵਿਵਹਾਰ ਪੱਖੋਂ ਕਾਲ ਦੇ ਸਮਾਂ, ਆਵਲੀ, ਉਛਵਾਸ, ਪ੍ਰਾਣ, ਸਤੋਕ ਆਦਿ ਅਨੇਕਾਂ ਰੂਪ ਹਨ।

(640)ਅਣੂ ਅਤੇ ਸਕੰਧ ਦੇ ਰੂਪ ਵਿਚ ਪੁਦਗਲ ਦਰੱਵ ਦੋ ਪ੍ਰਕਾਰ ਦਾ ਹੈ। ਸਕੰਧ ਛੇ ਪ੍ਰਕਾਰ ਦਾ ਹੈ ਅਤੇ ਪ੍ਰਮਾਣੂ ਦੋ ਪ੍ਰਕਾਰ ਦਾ ਹੈ। 91) ਕਾਰਨ ਪ੍ਰਮਾਣੂ (2) ਕਾਰਜ ਪ੍ਰਮਾਣੂ

(641)ਸਕੰਧ ਪੁਦਗਲ ਛੇ ਪ੍ਰਕਾਰ ਦਾ ਹੈ : (1) ਅਤਿ ਸਥੂਲ (2) ਸਥੂਲ (3) ਸਥੂਲ ਸੂਖਮ (4) ਸੂਖਮ ਸਥੂਲ (5) ਸੂਖਮ (6)

ਅਤਿ ਸੂਖਮ। ਪ੍ਰਿਥਵੀ ਆਦਿ ਇਸ ਦੇ ਛੇ ਉਦਾਹਰਨ ਹਨ।

(642)(1) ਪ੍ਰਿਥਵੀ (2) ਪਾਣੀ (3) ਛਾਂ (4) ਨੇਤਰ ਅਤੇ ਚਾਰ ਇੰਦਰੀਆਂ ਦੇ ਵਿਸ਼ੇ (5) ਕਰਮ (6) ਪ੍ਰਮਾਣੂ। ਇਸ ਪ੍ਰਕਾਰ ਜਿਨ ਦੇਵ ਨੇ ਸਕੰਧ ਪੁਦਗਲ ਦੇ ਛੇ ਉਦਾਹਰਨ ਹਨ (ਪ੍ਰਿਥਵੀ ਅਤਿ ਸਥੂਲ ਦਾ, ਪਾਣੀ ਸਥੂਲ ਦਾ, ਛਾਂ ਪ੍ਰਕਾਸ਼ ਆਦਿ ਦਾ, ਨੌ ਇੰਦਰੀਆਂ ਦੇ ਵਿਸ਼ੇ ਸਥੂਲ ਸੂਖਮ ਦਾ, ਰਸ-ਗੰਧ-ਸਪਰਸ਼ ਆਦਿ ਵਿਸ਼ੇ ਬਾਕੀ ਇੰਦਰੀਆਂ ਦੇ ਵਿਸ਼ੇ ਸੂਖਮ ਸਥੂਲ ਦਾ, ਕਾਰਮਨ ਸਕੰਧ ਸੂਖਮ ਸਥੂਲ ਦਾ ਅਤੇ ਪ੍ਰਮਾਣੂ ਅਦਿ ਸੂਖਮ ਦਾ ਉਦਾਹਰਣ ਹੈ।)

(643)ਜੋ ਆਦਿ (ਸ਼ੁਰੂ) ਮੱਧ (ਦਰਮਿਆਨ) ਅਤੇ ਅੰਤ (ਖ਼ਾਤਮੇ) ਤੋਂ ਰਹਿਤ ਹੈ, ਜੋ ਕੇਵਲ ਪ੍ਰਦੇਸੀ ਹੈ, ਜਿਸ ਨੂੰ ਇੰਦਰੀਆਂ ਰਾਹੀਂ ਗ੍ਰਹਿਣ ਨਹੀਂ ਕੀਤਾ ਜਾ ਸਕਦਾ। ਉਹ ਵਿਭਾਗਹੀਣ (ਜਿਸ ਦਾ ਹੋਰ ਭਾਗ ਨਾ ਕੀਤਾ ਜਾ ਸਕੇ) ਦਰੱਵ ਪ੍ਰਮਾਣੂ ਹੈ।

(644)ਜਿਸ ਵਿਚ ਪੂਰਨ ਗਲਨ ਦੀ ਕ੍ਰਿਆ ਹੁੰਦੀ ਹੈ। ਭਾਵ ਜੋ ਟੁੱਟਦਾ ਜੁੜਦਾ ਹੈ, ਉਹ ਹੀ ਪੁਦਗਲ ਹੈ। ਸਕੰਧ ਦੀ ਤਰ੍ਹਾਂ ਪ੍ਰਮਾਣੂ ਦੇ ਵੀ ਸਪਰਸ਼, ਰਸ, ਗੰਧ, ਵਰਨ ਗੁਣਾਂ ਵਿਚ ਹਮੇਸ਼ਾ ਪੂਰਾ ਹੋਣਾ ਜਾਂ ਗਲਣਾ ਆਦਿ ਕ੍ਰਿਆ ਹੁੰਦੀ ਰਹਿੰਦੀ ਹੈ। ਇਸ ਲਈ ਪ੍ਰਮਾਣੂ ਵੀ ਪੁਦਗਲ ਹੈ।

(645)ਜੋ ਚਾਰ ਪ੍ਰਾਣਾਂ ਵਿਚ ਵਰਤਮਾਨ ਵਿਚ ਹੀ ਜਿਉਂਦਾ ਰਹਿੰਦਾ ਹੈ, ਭਵਿੱਖ ਵਿਚ ਜੀਵੇਗਾ ਅਤੇ ਪਹਿਲਾਂ ਜਿਉਂਦਾ ਰਿਹਾ ਹੈ। ਉਹ ਜੀਵ ਦਰੱਵ ਹੈ। ਪ੍ਰਾਣ ਚਾਰ ਹਨ (1) ਬਲ (2) ਇੰਦਰੀਆਂ (3) ਉਮਰ (4) ਉਛਵਾਸ (ਸਾਹ)।

(646)ਵਿਵਹਾਰ ਨਯ ਦੇ ਪੱਖੋਂ ਸਮੁਦਘਾਤ ਅਵਸਥਾ ਨੂੰ ਛੱਡ ਕੇ, ਸੰਕੋਚ (ਸੁੰਗੜਨਾ) ਵਿਸਤਾਰ (ਫੈਲਣਾ) ਦੀ ਸ਼ਕਤੀ ਕਾਰਨ ਜੀਵ ਆਪਣੇ ਛੋਟੇ ਅਤੇ ਵੱਡੇ ਸਰੀਰ ਦੇ ਬਰਾਬਰ ਆਕਾਰ ਦਾ ਹੁੰਦਾ ਹੈ। ਪਰ ਨਿਸ਼ਚੈ ਨਯ ਪੱਖੋਂ ਜੀਵ ਅਸੰਖਿਆਤ ਪ੍ਰਦੇਸੀ ਹੈ।

(647)ਜਿਵੇਂ ਪਦਮ ਰਾਗ ਮਨੀ ਦੁੱਧ ਵਿਚ ਪਾ ਦੇਣ ਤੇ ਆਪਣਾ ਚਮਕ ਨਾਲ ਦੁੱਧ ਨੂੰ ਪ੍ਰਭਾਵਿਤ ਕਰਦੀ ਹੈ। ਪਰ ਦੁੱਧ ਦੇ ਭਾਂਡੇ ਦੇ ਬਾਹਰਲੇ ਹਿੱਸੇ ਤੇ ਅਸਰ ਨਹੀਂ ਕਰਦੀ, ਉਸੇ ਪ੍ਰਕਾਰ ਜੀਵ ਸਰੀਰ ਵਿਚ ਰਹਿ ਕੇ ਆਪਣੇ ਸਰੀਰ ਨੂੰ ਪ੍ਰਭਾਵਿਤ ਕਰਦਾ ਹੈ, ਪਰ ਬਾਹਰਲੇ ਪਦਾਰਥਾਂ ਨੂੰ ਨਹੀਂ।

(648)(ਇਸ ਪ੍ਰਕਾਰ ਵਿਵਹਾਰ ਨਯ ਪੱਖੋਂ ਜੀਵ ਸਰੀਰ ਵਾਲਾ ਹੈ ਪਰ) ਉਹ ਗਿਆਨ ਪ੍ਰਮਾਣ ਹੈ ਗਿਆਨ ਗੇਯ ਪ੍ਰਮਾਨ ਹੈ ਅਤੇ ਗੇਯ ਲੋਕ ਅਲੋਕ ਹੈ ਇਸ ਲਈ ਗਿਆਨ ਸਰਵ ਵਿਆਪੀ ਹੈ। ਆਤਮਾ ਗਿਆਨ ਪ੍ਰਮਾਣ ਹੋਣ ਕਾਰਨ ਸਰਵ ਵਿਆਪੀ ਹੈ।

(649)ਜੀਵ ਦੋ ਪ੍ਰਕਾਰ ਦਾ ਹੈ। (1) ਸੰਸਾਰੀ (2) ਮੁਕਤ। ਦੋਹੇ ਹੀ ਚੇਤਨਾ ਸੁਭਾਵ ਵਾਲੇ ਅਤੇ ਉਪਯੋਗ ਲੱਛਣ ਵਾਲੇ ਹਨ। ਸੰਸਾਰੀ ਜੀਵ ਸਰੀਰ ਵਾਲੇ ਹਨ ਪਰ ਮੁਕਤ ਜੀਵ ਸਰੀਰ ਰਹਿਤ ਹਨ।

(650)ਸੰਸਾਰੀ ਜੀਵ ਵੀ ਤਰੱਸ ਤੇ ਸਥਾਵਰ ਦੋ ਪ੍ਰਕਾਰ ਦੇ ਹਨ (1) ਪ੍ਰਿਥਵੀ (2) ਪਾਣੀ (3) ਅੱਗ (4) ਹਵਾ (5) ਬਨਸਪਤੀ ਦੇ ਜੀਵ ਇਕ ਇੰਦਰੀਆਂ ਵਾਲੇ ਸਥਾਵਰ ਜੀਵ ਹਨ ਅਤੇ ਸੰਖ, ਪਿਪਲਿਕਾ, ਭੌਰੇ ਅਤੇ ਮਨੁੱਖ ਪਸ਼ੂ ਆਦਿ ਦੋ ਇੰਦਰੀਆਂ ਵਾਲੇ ਜੀਵ

ਹਨ, ਤਿੰਨ ਇੰਦਰੀਆਂ ਵਾਲੇ, ਚਾਰ ਇੰਦਰੀਆਂ ਵਾਲੇ ਅਤੇ ਪੰਜ ਇੰਦਰੀਆਂ ਵਾਲੇ ਤਰੱਸ ਜੀਵ ਹਨ।

# 36. ਸ੍ਰਿਸ਼ਟੀ ਸੂਤਰ

(651)ਇਸ ਲੋਕ ਦਾ ਕੋਈ ਬਨਾਉਣ ਵਾਲਾ ਨਹੀਂ ਅਨਾਦਿ ਹੈ। ਸੁਭਾਵ ਪੱਖੋਂ ਬਣਿਆ ਹੈ, ਜੀਵ ਅਤੇ ਅਜੀਵ ਦਰੱਵਾਂ ਨਾਲ ਭਰਿਆ ਹੋਇਆ ਹੈ। ਸਾਰੇ ਆਕਾਸ਼ ਦਾ ਹੀ ਇਕ ਭਾਗ ਹੈ, ਉਹ ਨਿੱਤ ਹੈ।

(652)ਪੁਦਗਲ ਪ੍ਰਮਾਣੂ ਅਪ੍ਰਦੇਸੀ ਹੈ, ਅਤੇ ਪ੍ਰਦੇਸ ਜਿੰਨਾ ਹੈ, ਉਹ ਸ਼ਬਦ ਰੂਪ ਵਿਚ ਨਹੀਂ ਫਿਰ ਵੀ ਉਸ ਵਿਚ ਸਨਗਿਧ (ਚਿਕਨੇ) ਅਤੇ ਰੁੱਖੇ ਛੋਹ ਵਾਲੇ ਗੁਣ ਹਨ। ਇਕ ਪ੍ਰਮਾਣੂ ਦਾ ਦੂਸਰੇ ਪ੍ਰਮਾਣੂ ਦੇ ਨਾਲ ਜੁੜਨਾ ਜਾਂ ਮਿਲਨ ਨਾਲ ਦੋ ਪ੍ਰਦੇਸੀ, ਸਕੰਧ ਦਾ ਰੂਪ ਧਾਰਨ ਕਰ ਲੈਂਦਾ ਹੈ।

(653)ਦੋ ਪ੍ਰਦੇਸੀ ਆਦਿ ਸਾਰੇ ਸੂਖਮ ਅਤੇ ਵਾਦਰ (ਮੋਟੇ) ਸਕੰਧ ਆਪਣੇ ਪਰਿਨਮਨ ਰਾਹੀਂ ਪ੍ਰਿਥਵੀ, ਪਾਣੀ, ਅੱਗ, ਹਵਾ ਆਦਿ ਅਨੇਕਾਂ ਸ਼ਕਲਾਂ ਵਾਲੇ ਬਣ ਜਾਂਦੇ ਹਨ।

(654)ਇਹ ਲੋਕ ਸਭ ਪਾਸਿਓਂ ਸੂਖਮ ਵਾਦਰ ਪੁਦਗਲ ਸਕੰਧ ਨਾਲ ਨੱਕੋ ਨੱਕ ਭਰਿਆ ਪਿਆ ਹੈ, ਉਨ੍ਹਾਂ ਵਿਚ ਕੁਝ ਪੁਦਗਲ ਕਰਮ ਰੂਪੀ ਨਾਲ ਪਰਿਨਮਨ ਦੇ ਯੋਗ ਹੁੰਦੇ ਹਨ ਅਤੇ ਕੁਝ ਅਯੋਗ ਹੁੰਦੇ ਹਨ।

(655)ਕਰਮ ਰੂਪ ਵਿਚ ਪਰਿਨਮਨ (ਬਦਲਣ ਵਾਲੇ) ਹੋਣ ਦੇ ਯੋਗ ਪੁਦਗਲ ਜੀਵ ਦੇ ਰਾਗ ਆਦਿ ਭਾਵਾਂ ਦਾ ਕਾਰਨ ਖੁਦ ਹੀ ਕਰਮ ਭਾਵ ਨੂੰ ਪ੍ਰਾਪਤ ਹੋ ਜਾਂਦੇ ਹਨ, ਜੀਵ ਖੁਦ ਉਨ੍ਹਾਂ ਨੂੰ ਕਰਮ

ਰੂਪ ਵਿਚ ਪਰਿਨਮਨ ਨਹੀਂ ਕਰਦਾ।

(656)ਜੀਵ ਆਪਣੇ ਰਾਗ ਅਤੇ ਦਵੇਸ਼ ਜਿਸ ਨਾਲ ਇੰਦਰੀਆਂ ਦੇ ਵਿਸ਼ੇ ਰੂਪ ਨੂੰ ਗ੍ਰਹਿਣ ਕੀਤੇ ਪਦਾਰਥਾਂ ਨੂੰ ਜਾਣਦਾ ਵੇਖਦਾ ਹੈ, ਇਨ੍ਹਾਂ ਵਿਚ ਲੱਗ ਕੇ, ਰਾਗ ਕਾਰਨ, ਨਵੇਂ ਕਰਮਾਂ ਦ ਬੰਧ ਕਰਦਾ ਹੈ।

(657)ਸਾਰੇ ਜੀਵਾਂ ਦੇ ਲਈ ਸੰਗ੍ਰਹਿ ਕਰਨ ਦੇ ਯੋਗ, ਕਰਮ ਪੁਦਗਲ ਛੇ ਦਿਸ਼ਾਵਾਂ ਵਿਚ ਸਾਰੇ ਆਕਾਸ਼ ਪ੍ਰਦੇਸ਼ ਮੌਜੂਦ ਹਨ, ਉਹ ਸਾਰੇ ਕਰਮ ਪੁਦਗਲ ਆਤਮਾ ਦੇ ਸਾਰੇ ਪ੍ਰਦੇਸ਼ਾਂ ਨਾਲ ਬੰਨ੍ਹੇ ਰਹਿੰਦੇ ਹਨ।

(658)ਮਨੁੱਖ ਸੁੱਖ, ਦੁੱਖ, ਰੂਪ ਜਾਂ ਸ਼ੁੱਭ ਅਸ਼ੁੱਭ ਜੋ ਵੀ ਕਰਮ ਕਰਦਾ ਹੈ, ਉਹ ਆਪਣੇ ਕਰਮਾਂ ਕਾਰਨ ਦੂਸਰੇ ਜਨਮ ਧਾਰਨ ਕਰਦਾ ਹੈ।

(659)ਇਸ ਪ੍ਰਕਾਰ ਕਰਮਾਂ ਦੇ ਰੂਪ ਵਿਚ ਬਦਲੇ ਉਹ ਪੁਦਗਲ ਪਿੰਡ ਦੇਹ ਤੋਂ ਨਵੇਂ ਸਰੀਰ ਨੂੰ ਧਾਰਨ ਕਰਨ ਵਿਚ ਸਹਾਇਤਾ ਕਰਦੇ ਹਨ। ਅਰਥਾਤ ਪਿਛਲੇ ਕਰਮਾਂ ਕਾਰਨ ਨਵਾਂ ਸਰੀਰ ਬਣਦਾ ਹੈ ਅਤੇ ਨਵੇਂ ਸਰੀਰ ਵਿਚ ਨਵੇਂ ਸਰੀਰ ਕਰਮਾਂ ਦਾ ਬੰਧ (ਸੰਗ੍ਰਹਿ) ਹੁੰਦਾ ਹੈ, ਇਸ ਤਰ੍ਹਾਂ ਜੀਵ ਲਗਾਤਾਰ ਜੰਮਦਾ ਮਰਦਾ ਰਹਿੰਦਾ ਹੈ।

# 37. ਅਨੇਕਾਂਤ ਸੂਤਰ

(660)ਜਿਸ ਦੇ ਬਿਨਾਂ ਲੋਕ ਦਾ ਵਿਵਹਾਰ ਬਿਲਕੁਲ ਨਹੀਂ ਚੱਲ ਸਕਦਾ। ਸੰਸਾਰ ਦੇ ਉਸ ਇਕੋ ਇਕ ਗੁਰੂ ਅਨੇਕਾਂਤਵਾਦ ਨੂੰ ਮੈਂ ਨਮਸਕਾਰ ਕਰਦਾ ਹਾਂ।

(661)ਦਰੱਵ, ਗੁਣਾਂ ਦਾ ਆਸਰਾ ਹੈ ਜੋ ਇਕ ਦਰੱਵ ਦੇ ਆਸਰੇ ਤੇ ਰਹਿੰਦੇ ਹਨ, ਉਹ ਗੁਣ ਹਨ। ਪਰਿਆਏ ਦੇ ਲੱਛਣ ਦਰੱਵ ਅਤੇ ਗੁਣਾਂ ਦੋਹਾਂ ਦੇ ਆਸਰੇ ਤੇ ਰਹਿਣਾ ਹੈ।

(662)ਪਰਿਆਏ ਦੇ ਬਿਨਾਂ ਦਰੱਵ ਨਹੀਂ ਅਤੇ ਦਰੱਵ ਤੋਂ ਬਿਨਾਂ ਪਰਿਆਏ ਨਹੀਂ। ਉਤਪਾਦ (ਪੈਦਾ ਹੋਣਾ) ਸਥਿਤੀ (ਉਮਰ) ਅਤੇ ਵਿਆਏ (ਨਾਸ਼) ਦਰੱਵ ਦੇ ਲੱਛਣ ਹਨ। ਭਾਵ ਦਰੱਵ ਉਸ ਨੂੰ ਆਖਦੇ ਹਨ ਜਿਸ ਵਿਚ ਹਰ ਸਮੇਂ ਉਤਪਾਦ ਆਦਿ ਤਿੰਨੇ ਲੱਛਣ ਵਧਦੇ, ਘੱਟਦੇ ਰਹਿੰਦੇ ਹਨ।

(663)ਉਤਪਾਦ (ਪੈਦਾਇਸ਼) ਵਿਆਏ ਧਰੋਵਯ (ਨਸ਼ਟ) ਹੋਏ ਬਿਨਾਂ ਨਹੀਂ ਹੁੰਦਾ ਅਤੇ ਵਿਆਏ ਹੋਏ ਬਿਨਾਂ ਉਤਪਾਦ ਨਹੀਂ ਹੁੰਦਾ। ਇਸ ਪ੍ਰਕਾਰ ਉਤਪਾਦ ਅਤੇ ਵਿਆਏ ਦੋਹੇ ਤਿੰਨ ਕਾਲ ਦੇ ਰੂਪ ਵਿਚ ਸਥਾਈ ਆਸਰੇ ਬਿਨਾਂ ਨਹੀਂ ਰਹਿ ਸਕਦੇ।

(664)ਉਤਪਾਦ, ਵਿਆਏ ਅਤੇ ਧਰੋਵਯ (ਉਤਪਤੀ, ਵਿਨਾਸ਼ ਅਤੇ ਸਥਿਤੀ) ਇਹ ਤਿੰਨ ਦਰੱਵ ਵਿਚ ਨਹੀਂ ਹੁੰਦੇ। ਦਰੱਵ ਵਿਚ ਹਮੇਸ਼ਾ ਪਰਿਵਰਤਨ ਪਰਿਆਏ ਹੁੰਦਾ ਰਹਿੰਦਾ ਹੈ। ਪਰ ਪਰਿਆਇਆਂ ਦਾ ਸਮੂਹ ਦਰੱਵ ਹੈ। ਇਸ ਲਈ ਸਾਰੇ ਦਰੱਵ ਹੀ ਹੈ।

(665)ਦਰੱਵ ਇਕ ਹੀ ਸਮੇਂ ਵਿਚ ਉਤਪਾਦ, ਵਿਆਏ ਅਤੇ ਧਰਵੋਯ ਨਾਮਕ ਦਰੱਵਾਂ ਨਾਲ ਇਕਮਿੱਕ ਹੈ। ਇਸ ਲਈ ਤਿੰਨ ਵਾਸਤਵ ਵਿਚ ਇਹ ਤਿੰਨ ਦਰੱਵ ਹਨ।

(666)ਦਰਵ ਦੀਆਂ ਹੋਰ ਪਰਿਆਇਆਂ ਪ੍ਰਗਟ ਹੁੰਦੀਆਂ ਹਨ ਅਤੇ ਪਹਿਲੀਆਂ ਪਰਿਆਇਆਂ ਨਸ਼ਟ ਹੁੰਦੀਆਂ ਰਹਿੰਦੀਆਂ ਹਨ। ਫਿਰ ਵੀ ਦਰੱਵ ਨਾ ਤਾਂ ਪੈਦਾ ਹੁੰਦਾ ਹੈ ਅਤੇ ਨਾ ਨਸ਼ਟ ਹੁੰਦਾ ਹੈ। ਦਰਵ ਦੇ ਪੱਖੋਂ ਦਰੱਵ ਹਮੇਸ਼ਾ ਨਿੱਤ (ਪੱਕਾ ਜਾਂ ਖ਼ਾਤਮੇ ਤੋਂ ਰਹਿਤ) ਹੈ।

(667)ਮਨੁੱਖ ਲਈ ਮਨੁੱਖ ਸ਼ਬਦ ਦੀ ਵਰਤੋਂ ਵਿਵਹਾਰ ਪੱਖੋਂ ਜਨਮ ਤੋਂ ਲੈ ਕੇ ਮੌਤ ਤੱਕ ਹੁੰਦੀ ਹੈ ਪਰ ਇਸ ਦੌਰਾਨ ਬਚਪਨ-ਬੁਢਾਪੇ ਦੇ ਰੂਪ ਵਿਚ ਅਨੇਕਾਂ ਪਰਿਆਇਆਂ ਉਤਪੰਨ ਹੁੰਦੀਆਂ ਅਤੇ ਖ਼ਤਮ ਹੁੰਦੀਆਂ ਹਨ।

(668)ਵਸਤਾਂ ਦੀਆਂ ਜੋ ਵਿਖਾਈ ਦੇਣ ਵਾਲੀਆਂ ਪਰਿਆਇਆਂ ਹਨ, ਉਹ ਪਰਿਆਏ ਹੀ ਸਮਾਨਯ (ਆਮ) ਪਰਿਆਇਆਂ ਹਨ। ਨਾ ਵਿਖਾਈ ਦੇਣ ਵਾਲੀਆਂ ਪਰਿਆਏ ਵਿਸ਼ੇਸ਼ ਪਰਿਆਇਆਂ ਹੁੰਦੀਆਂ ਹਨ। ਇਸ ਲਈ ਸਮਾਨਯ ਅਤੇ ਵਿਸ਼ੇਸ਼ ਦੋਹੇ, ਉਸ ਦਰੱਵ ਤੋਂ ਭਿੰਨ (ਕਿਸੇ ਪੱਖੋਂ) ਮੰਨੀਆਂ ਜਾਂਦੀਆਂ ਹਨ।

(669)ਆਮ ਤੇ ਖਾਸ ਇਨ੍ਹਾਂ ਦੋਹਾਂ ਧਰਮਾਂ (ਸੁਭਾਵਾਂ) ਵਾਲਾ ਦਰੱਵ ਵਿਚ ਹੋਣ ਵਾਲਾ, ਵਿਰੋਧ ਰਹਿਤ ਗਿਆਨ ਹੀ ਸਮਿਅਕਤਵ ਦਾ ਕਾਰਨ ਹੁੰਦਾ ਹੈ। ਇਸ ਤੋਂ ਉਲਟ ਗਿਆਨ ਸਮਿਅਕਤਵ ਦੀ ਪ੍ਰਾਪਤੀ ਵਿਚ ਸਹਾਇਕ ਨਹੀਂ ਹੁੰਦਾ।

(670)ਇਕ ਮਨੁੱਖ, ਵਿਚ ਹੀ ਪਿਤਾ, ਪੁੱਤਰ, ਪੋਤਰਾ, ਭਾਣਜੇ

, ਭਾਈ ਆਦਿ ਅਨੇਕਾਂ ਰੂਪ ਹਨ। ਇਕ ਸਮੇਂ ਵਿਚ ਹੀ ਉਹ ਆਪਣੇ ਪਿਤਾ ਦਾ ਪੁੱਤਰ, ਆਪਣੇ ਪੁੱਤਰਾਂ ਦਾ ਪਿਤਾ ਹੈ। ਇਸ ਲਈ ਇਕ ਦਾ ਹੋਣ ਕਾਰਨ ਸਭ ਦਾ ਪਿਤਾ ਉਹ ਨਹੀਂ ਹੈ। (ਇਹ ਗੱਲ ਹੋਰ ਰਿਸ਼ਤਿਆਂ ਬਾਰੇ ਸਮਝਣੀ ਚਾਹੀਦੀ ਹੈ।)

(671)ਨਿਰਵਿਕਲਪ ਅਤੇ ਸਵਿਕਲਪ ਵਾਲੇ ਮਨੁੱਖ ਨੂੰ ਜੋ ਕੇਵਲ ਨਿਰਵਿਕਲਪ ਜਾਂ ਸਵਿਕਲਪ ਆਖਦਾ ਹੈ, ਉਸ ਦਾ ਦਿਮਾਗ (ਨਿਸ਼ਚੈ) ਹੀ ਸ਼ਾਸਤਰਾਂ ਅਨੁਸਾਰ ਸਥਿਰ ਨਹੀਂ ਹੈ।

(672)ਦੁੱਧ ਅਤੇ ਪਾਣੀ ਦੀ ਤਰ੍ਹਾਂ ਅਨੇਕਾਂ ਵਿਰੋਧੀ ਧਰਮਾਂ ਰਾਹੀਂ ਆਪਸ ਵਿਚ ਘੁਲੇ ਮਿਲੇ ਪਦਾਰਥ ਵਿਚ ਇਹ ਧਰਮ ਅਤੇ ਉਹ ਧਰਮ ਦੇ ਰੂਪ ਵਿਚ ਵੰਡਣਾ ਠੀਕ ਨਹੀਂ। ਜਿੰਨੀਆਂ ਖਾਸ ਪਰਿਆਇਆਂ ਹੋਣ, ਉਨੇ ਹੀ ਅਵਿਭਾਗ ਸਮਝਨੇ ਚਾਹੀਦੇ ਹਨ।

(673)ਸੂਤਰ ਅਤੇ ਅਰਥ ਦੇ ਬਾਰੇ ਸ਼ੰਕਾ ਰਹਿਤ ਸਾਧੂ ਵੀ ਅਭਿਮਾਨ ਰਹਿਤ ਹੋ ਕੇ ਸਿਆਦਵਾਦ ਭਰਪੂਰ ਬਚਨਾਂ ਦੀ ਵਰਤੋਂ ਕਰੇ। ਧਰਮ ਪਾਲਣ ਕਰਨ ਵਾਲੇ ਸਾਧੂਆਂ ਦੇ ਨਾਲ ਘੁੰਮਦਾ ਹੋਇਆ ਸੱਚ ਅਤੇ ਵਿਵਹਾਰ ਭਾਸ਼ਾ ਦੀ ਵਰਤੋਂ ਕਰੇ। ਧਨੀ ਅਤੇ ਗਰੀਬ ਵਿਚ ਭੇਦ ਨਾ ਰੱਖੇ, ਸਮਭਾਵ (ਇਕ ਤਰ੍ਹਾਂ ਸਮਝ ਕੇ) ਨਾਲ ਉਪਦੇਸ਼ ਦੇਵੇ।

# 38. ਪ੍ਰਮਾਣ ਸੂਤਰ

## (ੳ) ਪੰਜ ਪ੍ਰਕਾਰ ਦਾ ਗਿਆਨ

(674)ਸੰਸ਼ੇ (ਸ਼ੱਕ), ਵਿਮੋਹ (ਵਿਪਰਿਆਏ) ਅਤੇ ਵਿਭਰਮ, ਇਨ੍ਹਾਂ ਤਿੰਨਾਂ ਮਿੱਥਿਆ ਅਗਿਆਨਾਂ ਤੋਂ ਰਹਿਤ ਆਪਣੇ ਅਤੇ ਪਰਾਏ ਸਵਰੂਪ ਗ੍ਰਹਿਣ ਕਰਨਾ ਸੱਮਿਅਕ ਗਿਆਨ ਹੈ। ਇਹ ਹੀ ਵਸਤੂ ਸਵਰੂਪ ਦਾ ਠੀਕ ਤੇ ਨਿਸ਼ਚੈ ਗਿਆਨ ਕਰਾਉਂਦਾ ਹੈ ਅਤੇ ਇਸ ਨੂੰ ਹੀ ਸਾਕਾਰ ਅਰਥਾਤ ਸਵਿਕਲਪ (ਨਿਸ਼ਚੈ) ਕਿਹਾ ਗਿਆ ਹੈ। ਇਸ ਦੇ ਅਨੇਕ ਭੇਦ ਹਨ।

(675)ਉਹ ਗਿਆਨ ਪੰਜ ਪ੍ਰਕਾਰ ਦਾ ਹੈ (1) ਅਭਿਨਿਬੋਧਿਕ (ਮਤੀ) ਗਿਆਨ (2) ਸ਼ਰੁਤ ਗਿਆਨ (2) ਅਵੱਧੀ ਗਿਆਨ (4) ਮਨ ਪਰਿਆਏ ਗਿਆਨ (5) ਕੇਵਲ ਗਿਆਨ।

(676)ਇਸ ਪ੍ਰਕਾਰ ਮਤੀ, ਸ਼ਰੁਤ, ਅਵਧੀ, ਮਨ ਪਰਿਆਏ ਅਤੇ ਕੇਵਲ ਦੇ ਰੂਪ ਵਿਚ ਗਿਆਨ ਪੰਜ ਪ੍ਰਕਾਰ ਦਾ ਹੈ। ਇਨ੍ਹਾਂ ਵਿਚ ਪਹਿਲੇ ਚਾਰ ਗਿਆਨ ਕਸ਼ਾਇਓਕਸ਼ਮਿਕ (ਅਧੂਰੇ) ਹੈ ਅਤੇ ਕੇਵਲ ਗਿਆਨ ਕਸ਼ਾਇਕ (ਸੰਪੂਰਨ) ਹੈ।

(677)ਇਹਾ, ਅਪੋਹ, ਮੀਮਾਂਸਾ, ਮਾਰਗਨਾ, ਗਵੇਸ਼ਨਾ, ਸੰਗਿਆ, ਸ਼ਕਤੀ, ਮਤੀ ਅਤੇ ਪ੍ਰਗਿਆ - ਇਹ ਸਭ ਮਤੀ ਗਿਆਨ ਹਨ।

(678)(ਅਨੁਮਾਨ ਜਾਂ ਭੇਸ਼ ਦੀ ਤਰ੍ਹਾਂ) ਅਰਥ (ਸ਼ਬਦ) ਨੂੰ ਜਾਣ ਕੇ ਉਸ ਦੇ ਅਰਥਾਂਤਰ (ਅਰਥ) ਨੂੰ ਗ੍ਰਹਿਣ ਕਰਨਾ ਸ਼ਰੁਤ ਗਿਆਨ ਅਖਵਾਉਂਦਾ ਹੈ। ਇਹ ਗਿਆਨ ਹਮੇਸ਼ਾ ਮਤੀ ਗਿਆਨ ਦੇ

ਨਾਲ ਹੀ ਹੁੰਦਾ ਹੈ। ਇਸ ਦੇ ਦੋ ਭੇਦ ਹਨ (1) ਲਿੰਗ ਜੱਨਿਆ (2) ਸ਼ਬਦ ਜਨਿਆ (ਧੂੰਆਂ ਵੇਖ ਕੇ ਅੱਗ ਦਾ ਗਿਆਨ ਲਿੰਗ ਜੱਨਿਆ ਅਤੇ ਸ਼ਬਦਾਂ ਨੂੰ ਸੁਣ ਕੇ ਹੋਣ ਵਾਲਾ ਗਿਆਨ ਸ਼ਬਦ ਜਾਨਿਆ ਕਹਾਉਂਦਾ ਹੈ। ਆਗਮਾਂ (ਸ਼ਾਸਤਰਾਂ) ਵਿਚ ਸ਼ਬਦ ਸ਼ਰੁਤ ਗਿਆਨ ਦੀ ਪ੍ਰਧਾਨਤਾ ਹੈ।

(679)ਇੰਦਰੀਆਂ ਤੇ ਮਨ ਦੇ ਸਹਾਰੇ ਹੋਣ ਵਾਲਾ ਗਿਆਨ ਸ਼ਰੁਤ ਗਿਆਨ ਹੈ। ਉਹ ਆਪਣੀ ਗੱਲ ਦੂਸਰੇ ਨੂੰ ਆਖਣ ਵਿਚ ਸਮਰੱਥ ਹੁੰਦਾ ਹੈ। ਬਾਕੀ ਇੰਦਰੀ ਅਤੇ ਮਨ ਦੀ ਸਹਾਇਤਾ ਨਾਲ ਹੋਣ ਵਾਲਾ ਅਸ਼ਰੁਤ ਗਿਆਨ ਹੀ ਮਤੀ ਗਿਆਨ ਹੈ। (ਭਾਵ ਜੋ ਜਾਣਿਆ ਜਾ ਸਕਦਾ ਹੈ, ਪਰ ਸਮਝਾਇਆ ਨਹੀਂ ਜਾ ਸਕਦਾ)।

(680)ਸ਼ਰੁਤ ਗਿਆਨ, ਮਤੀ ਗਿਆਨ ਦੇ ਨਾਲ ਹੀ ਹੁੰਦਾ ਹੈ। ਮਤੀ ਗਿਆਨ, ਸ਼ਰੁਤ ਗਿਆਨ ਨਾਲ ਨਹੀਂ ਹੁੰਦਾ। ਇਹੋ ਦੋਹਾਂ ਗਿਆਨਾਂ ਵਿਚ ਫ਼ਰਕ ਹੈ। ਪੂਰਵ ਸ਼ਬਦ 'ਪ੍ਰੀ' ਧਾਤੂ ਤੋਂ ਬਣਿਆ ਹੈ। ਜਿਸ ਦਾ ਅਰਥ ਹੈ ਪਾਲਣ ਅਤੇ ਪੂਰਨ ਸ਼ਰੁਤ ਦਾ ਪੂਰਨ ਅਤੇ ਪਾਲਣ ਕਰਨ ਨਾਲ ਮਤੀ ਗਿਆਨ ਪੂਰਵ (ਪਹਿਲਾਂ) ਹੀ ਹੋ ਜਾਂਦਾ ਹੈ। ਇਸ ਲਈ ਮਤੀ ਪੂਰਵਕ ਗਿਆਨ ਨੂੰ ਸ਼ਰੁਤ ਕਿਹਾ ਗਿਆ ਹੈ।

(681)ਦਰੱਵ, ਖੇਤਰ, ਕਾਲ ਅਤੇ ਭਾਵ ਦੀ ਮਰਿਆਦਾ ਨਾਲ ਰੂਪੀ ਪਦਾਰਥਾਂ ਦਾ ਇਕ ਦੇਸ਼ (ਹਿੱਸਾ) ਜਾਣੂੰ ਕਰਾਉਣ ਵਾਲੇ ਗਿਆਨ ਨੂੰ ਅਵਧੀ ਗਿਆਨ ਆਖਦੇ ਹਨ। ਇਸ ਨੂੰ ਸੀਮਾ ਗਿਆਨ ਵੀ ਕਿਹਾ ਗਿਆ ਹੈ। ਇਹ ਦੋ ਪ੍ਰਕਾਰ ਦਾ ਹੈ। (1) ਭਵ ਪ੍ਰਤੱਯ ਅਤੇ ਗੁਣ ਪ੍ਰਤੱਯ।

(682)ਜੋ ਗਿਆਨ ਮਨੁੱਖ ਲੋਕਾਂ ਵਿਚ ਸਥਿਤ ਜੀਵ ਦੇ ਚਿੰਤਿਤ (ਸੋਚ) ਅਚਿੰਤਤ (ਨਾ ਸੋਚ) ਅਰਧ ਚਿੰਤਤ (ਥੋੜ੍ਹੀ ਸੋਚ) ਆਦਿ ਨੂੰ ਅਨੇਕਾਂ ਪ੍ਰਕਾਰ ਦੇ ਅਰਥ ਅਤੇ ਉਨ੍ਹਾਂ ਦੇ ਮਨ ਨੂੰ ਪ੍ਰਤੱਖ ਜਾਣਾ ਹੈ, ਉਹ ਮਨ ਪ੍ਰਤੱਯ ਗਿਆਨ ਹੈ।

(683)ਜੋ ਕੇਵਲ ਸ਼ਬਦ ਦੇ ਇਕ ਸ਼ੁੱਧ, ਸਮੁੱਚੇ, ਖਾਸ ਅਤੇ ਅਨੰਤ ਅਰਥ ਹਨ। ਇਸ ਲਈ ਕੇਵਲ ਗਿਆਨ ਇਕ ਹੈ। ਇੰਦਰੀਆਂ ਆਦਿ ਦੀ ਸਹਾਇਤਾ ਤੋਂ ਰਹਿਤ ਹੈ। ਇਸ ਗਿਆਨ ਦੀ ਪ੍ਰਾਪਤੀ ਤੋਂ ਬਾਅਦ ਸਾਰੇ ਗਿਆਨ ਫਾਲਤੂ ਹੋ ਜਾਂਦੇ ਹਨ। ਇਸ ਲਈ ਕੇਵਲ ਗਿਆਨ ਇਕੱਲਾ ਹੈ। ਮੈਲ, ਕਲੰਕ ਤੋਂ ਰਹਿਤ ਹੋਣ ਕਾਰਨ ਸ਼ੁੱਧ ਹੈ। ਸਭ ਕੁਝ ਦਾ ਜਾਣਕਾਰ ਹੋਣ ਕਾਰਨ ਇਹ ਗਿਆਨ ਸਮੁੱਚਾ ਹੈ। ਇਸ ਤਰ੍ਹਾਂ ਦਾ ਕੋਈ ਗਿਆਨ ਹੋਰ ਨਹੀਂ। ਇਹ ਖਾਸ ਗਿਆਨ ਹੈ। ਇਸ ਦਾ ਕਦੇ ਅੰਤ ਨਹੀਂ ਹੁੰਦਾ, ਇਸ ਲਈ ਇਹ ਅਨੰਤ ਹੈ।

(684)ਕੇਵਲ ਗਿਆਨੀ ਲੋਕ ਅਤੇ ਅਲੋਕ ਨੂੰ ਤਰ੍ਹਾਂ ਤਰ੍ਹਾਂ ਨਾਲ ਹਰ ਰੂਪ ਵਿਚ ਜਾਣ ਲੈਂਦਾ ਹੈ। ਭੂਤ, ਭਵਿੱਖ, ਵਰਤਮਾਨ ਦੀ ਅਜਿਹੀ ਕੋਈ ਚੀਜ਼ ਨਹੀਂ, ਜਿਸ ਨੂੰ ਕੇਵਲ ਗਿਆਨੀ ਨਹੀਂ ਜਾਣਦਾ।

## (ਅ) ਪ੍ਰਤੱਖ ਪਰੋਖ ਪ੍ਰਮਾਣ

(685)ਜੋ ਗਿਆਨ ਵਸਤੂ ਸੁਭਾਵ ਦਾ ਸਹੀ ਰੂਪ, ਸੱਮਿਅਕ ਢੰਗ ਨਾਲ ਜਾਣਦਾ ਹੈ, ਉਸ ਨੂੰ ਪ੍ਰਮਾਣ ਆਖਦੇ ਹਨ। ਇਸ ਦੇ ਦੋ ਭੇਦ ਹਨ (1) ਪ੍ਰਤੱਖ (2) ਪਰੋਕਸ਼।

(686)ਜੀਵ ਨੂੰ <u>ਅਕਸ਼</u> ਵੀ ਆਖਦੇ ਹਨ ਜੋ ਗਿਆਨ ਰੂਪ ਵਿਚ ਸਭ ਪਦਾਰਥਾਂ ਵਿਚ ਫੈਲਿਆ ਹੋਇਆ ਹੈ। ਉਹ ਹੀ ਅਕਸ਼ ਜਾਂ ਜੀਵ ਹੈ ਜਾਂ ਜੋ ਤਿੰਨ ਲੋਕਾਂ ਦੀ ਸਾਰੀ ਧਨ ਦੌਲਤ ਭੋਗਦਾ ਹੈ, ਉਹ ਅਕਸ਼ ਜਾਂ ਜੀਵ ਹੈ। ਇਸ ਤਰ੍ਹਾਂ ਅਕਸ਼ ਸ਼ਬਦ ਦੇ ਦੋ ਅਰਥ ਹਨ। ਉਹ ਅਕਸ਼ ਤੋਂ ਹੋਣ ਵਾਲੇ ਗਿਆਨ ਪ੍ਰਤੱਖ ਅਖਵਾਉਂਦੇ ਹਨ। ਇਸ ਦੇ ਤਿੰਨ ਭੇਦ ਹਨ, ਇਹ ਤਿੰਨ ਭੇਦ ਹਨ (1) ਅਵਧੀ (2) ਮਨ ਪਰਿਆਏ (3) ਕੇਵਲ।

(687)ਪੁਦਗਲ ਹੋਣ ਕਾਰਨ ਦਰੱਵ ਇੰਦਰੀਆਂ ਅਤੇ ਮਨ 'ਅਕਸ਼' ਭਾਵ ਜੀਵ ਤੋਂ 'ਪਰ' (ਭਿੰਨ) ਹੈ। ਇਸ ਤਰ੍ਹਾਂ ਹੋਣ ਵਾਲਾ ਗਿਆਨ ਪਰੋਕਸ਼ ਅਖਵਾਉਂਦਾ ਹੈ। ਜਿਵੇਂ ਧੂੰਏਂ ਤੋਂ ਅੱਗ ਦਾ ਗਿਆਨ ਹੋ ਜਾਂਦਾ ਹੈ, ਉਸੇ ਤਰ੍ਹਾਂ ਪਰੋਕਸ਼ ਗਿਆਨ ਵੀ 'ਪਰ' ਦੇ ਕਾਰਨ ਹੀ ਹੁੰਦਾ ਹੈ।

(688)ਜੀਵ ਦੇ ਮਤੀ ਅਤੇ ਸ਼ਰੁਤ ਗਿਆਨ ਪਰਨਮਿੱਤਕ (ਮਨ ਤੇ ਇੰਦਰੀਆਂ ਦੀ ਸਹਾਇਤਾ ਨਾਲ ਹੋਣ ਵਾਲੇ ਗਿਆਨ) ਹੋਣ ਕਾਰਨ ਪਰੋਕਸ਼ ਹਨ। ਅਰਥਾਤ ਅੰਦਾਜ਼ੇ ਕਾਰਨ ਪ੍ਰਾਪਤ ਹੋਇਆ ਅਰਥ (ਪਰਨਮਿੱਤਕ) ਹੈ।

(689)ਧੂੰਏਂ ਆਦਿ ਨਾਲ ਹੋਣ ਵਾਲਾ ਅੱਗ ਦਾ ਗਿਆਨ ਇਕ ਪੱਖੋਂ ਪਰੋਕਸ਼ ਹੈ। ਅਵਧੀ, ਮਨ ਪਰਿਆਏ ਅਤੇ ਕੇਵਲ ਇਹ ਤਿੰਨ ਗਿਆਨ ਇਕ ਪੱਖੋਂ ਹੀ ਪ੍ਰਤੱਖ ਹਨ। ਪਰ ਇੰਦਰੀਆਂ ਅਤੇ ਮਨ ਨਾਲ ਹੋਣ ਵਾਲਾ ਮਤੀ ਗਿਆਨ ਲੋਕ ਵਿਵਹਾਰ ਪੱਖੋਂ ਪ੍ਰਤੱਖ ਹੀ ਮੰਨਿਆ ਜਾਂਦਾ ਹੈ। ਇਸ ਲਈ ਇਹ ਸੰਵਿਵਹਾਰਿਕ ਪ੍ਰਤੱਖ ਅਖਵਾਉਂਦਾ ਹੈ।

# 39. ਨਯ ਸੂਤਰ

(690)ਸ਼ਰੁਤ ਗਿਆਨ ਦੇ ਆਸਰੇ ਦੇ ਨਾਲ ਭਰਪੂਰ ਵਸਤੂ ਦੇ ਅੰਸ਼ ਨੂੰ ਗ੍ਰਹਿਣ ਕਰਨ ਵਾਲੇ ਗਿਆਨੀ ਦੇ ਵਿਕਲਪ ਨੂੰ ਨਯ ਆਖਦੇ ਹਨ। ਉਸ ਗਿਆਨ ਨਾਲ ਜੋ ਭਰਪੂਰ ਹੈ, ਉਹ ਹੀ ਗਿਆਨੀ ਹੈ।

(691)ਨਯ ਦੇ ਬਿਨਾਂ ਮਨੁੱਖ ਨੂੰ ਸਿਆਦਵਾਦ ਦਾ ਗਿਆਨ ਨਹੀਂ ਹੁੰਦਾ। ਇਸ ਲਈ ਜੋ ਏਕਾਂਤ (ਇਕ ਪੱਖ) ਦੀ ਜ਼ਿੱਦ ਦਾ ਖ਼ਾਤਮਾ ਕਰਨਾ ਚਾਹੁੰਦਾ ਹੈ, ਉਸ ਨੂੰ ਨਯ ਬਾਰੇ ਜ਼ਰੂਰ ਜਾਨਣਾ ਚਾਹੀਦਾ ਹੈ।

(692)ਜਿਵੇਂ ਧਰਮ ਰਹਿਤ ਮਨੁੱਖ ਸੁੱਖ ਚਾਹੁੰਦਾ ਹੈ, ਜਾਂ ਕੋਈ ਪਾਣੀ ਤੋਂ ਬਿਨਾਂ ਪਿਆਸ ਬੁਝਾਉਣੀ ਚਾਹੁੰਦਾ ਹੈ, ਇਸੇ ਤਰ੍ਹਾਂ ਮੂਰਖ ਲੋਕ ਨਯ ਤੋਂ ਬਿਨਾਂ ਦਰੱਵ ਦੇ ਸਵਰੂਪ ਦਾ ਨਿਸ਼ਚੈ ਕਰਨਾ ਚਾਹੁੰਦੇ ਹਨ।

(693)ਤੀਰਥੰਕਰਾਂ ਦੇ ਬਚਨ ਦੋ ਪ੍ਰਕਾਰ ਦੇ ਹਨ (1) ਆਮ (2) ਖਾਸ। ਦੋਹਾਂ ਪ੍ਰਕਾਰ ਦੇ ਬਚਨਾਂ ਦੀ ਦੌਲਤ ਦੀ ਮੂਲ ਪ੍ਰਤਿਪਾਦਕ (ਵਿਆਖਿਆ) ਕਰਨ ਵਾਲੇ ਨਯ ਵੀ ਦੋ ਹਨ। (1) ਦਰੱਵ ਆਰਥਿਕ (2) ਪਰਿਆਏ ਆਰਥਿਕ। ਬਾਕੀ ਸਭ ਨਯ ਇਨ੍ਹਾਂ ਦੋਹਾਂ ਦੇ ਭੇਦ ਹੀ ਹਨ (ਦਰੱਵ ਆਰਥਿਕ ਨਯ ਵਸਤੂ ਦੇ ਆਮ ਅੰਸ਼ ਦੀ ਵਿਆਖਿਆ ਕਰਦਾ ਹੈ ਅਤੇ ਪਰਿਆਏ ਆਰਥਿਕ ਵਿਸ਼ੇਸ਼ ਅੰਸ਼ ਦੀ ਵਿਆਖਿਆ ਕਰਦਾ ਹੈ।

(694)ਦਰੱਵ ਆਰਥਿਕ ਨਯ ਦਾ ਆਮ ਅੰਸ਼, ਪਰਿਆਏ ਆਰਥਿਕ ਨਯ ਦੇ ਲਈ ਹਮੇਸ਼ਾ ਵਸਤੂ ਨਹੀਂ ਅਤੇ ਪਰਿਆਏ ਆਰਥਿਕ ਨਯ ਪੱਖੋਂ ਕਿਸੇ ਵਸਤੂ ਦਾ ਵਿਸ਼ੇਸ਼ ਅੰਸ਼ ਦਰੱਵ ਆਰਥਿਕ ਨਯ ਲਈ ਹਮੇਸ਼ਾ ਵਸਤੂ ਨਹੀਂ।

(695)ਪਰਿਆਏ ਆਰਥਿਕ ਨਯ ਦੇ ਪੱਖੋਂ ਪਦਾਰਥ ਹਮੇਸ਼ਾ ਪੈਦਾ ਹੁੰਦੇ ਰਹਿੰਦੇ ਹਨ ਅਤੇ ਨਸ਼ਟ ਹੁੰਦੇ ਹਨ ਅਤੇ ਦਰੱਵ ਆਰਥਿਕ ਨਯ ਦੇ ਪੱਖੋਂ ਸਮੁੱਚੇ ਪਦਾਰਥ ਨਾ ਕਦੇ ਪੈਦਾ ਹੁੰਦੇ ਹਨ ਅਤੇ ਨਾ ਕਦੇ ਨਸ਼ਟ ਹੁੰਦੇ ਹਨ।

(696)ਦਰਵ ਆਰਥਿਕ ਨਯ ਪੱਖੋਂ ਸਾਰੇ ਦਰੱਵ ਹਨ ਪਰ ਪਰਿਆਏ ਆਰਥਿਕ ਨਯ ਪੱਖੋਂ ਸਭ ਭਿੰਨ ਭਿੰਨ ਹਨ ਕਿਉਂਕਿ ਜਿਸ ਸਮੇਂ ਵਿਚ, ਜਿਸ ਨਯ ਪੱਖੋਂ ਵਸਤੂ ਨੂੰ ਵੇਖਦਾ ਹੈ, ਉਸ ਨੂੰ ਉਹ ਵਸਤੂ ਉਸੇ ਰੂਪ ਵਿਚ ਵਿਖਾਈ ਦਿੰਦੀ ਹੈ।

(697)ਜੋ ਗਿਆਨ ਨੂੰ ਪਰਿਆਏ (ਬਦਲਵੀਆਂ ਹਾਲਤਾਂ) ਤੋਂ ਲੁਕਾ ਕੇ ਦਰਵ ਨੂੰ ਗ੍ਰਹਿਣ ਕਰਦਾ ਹੈ, ਉਸ ਨੂੰ ਦਰੱਵ ਆਰਥਿਕ ਨਯ ਆਖਦੇ ਹਨ ਅਤੇ ਜੋ ਦਰੱਵ ਨੂੰ ਲੁਕਾ ਕੇ ਪਰਿਆਇਆਂ ਨੂੰ ਗ੍ਰਹਿਣ ਕਰਦਾ ਹੈ, ਉਹ ਪਰਿਆਏ ਆਰਥਿਕ ਨਯ ਅਖਵਾਉਂਦਾ ਹੈ।

(698)ਦਰੱਵ ਆਰਥਿਕ ਅਤੇ ਪਰਿਆਏ ਆਰਥਿਕ ਨਯ ਦੇ ਭੇਦ ਪੱਖੋਂ ਮੂਲ ਰੂਪ ਵਿਚ ਨਯ ਦੇ ਸੱਤ ਭੇਦ ਹਨ (1) ਨੈਗਮ (2) ਸੰਗ੍ਰਹਿ (3) ਵਿਵਹਾਰ (4) ਰਿਜੂ ਸੂਤਰ (5) ਸ਼ਬਦ (6) ਸਮਵਿਰੂੜ (7) ਏਵੰਭੂਤ।

(699)ਇਨ੍ਹਾਂ ਵਿਚ ਪਹਿਲੇ ਤਿੰਨ ਨਯ ਦਰੱਵ ਆਰਥਿਕ ਹਨ

ਅਤੇ ਬਾਕੀ ਚਾਰ ਨਯ ਪਰਿਆਏ ਆਰਥਿਕ ਹਨ। ਸੱਤ ਵਿਚੋਂ ਪਹਿਲੇ ਚਾਰ ਨਯ ਅਰਥ ਪ੍ਰਧਾਨ ਹਨ ਅਤੇ ਆਖਿਰੀ ਤਿੰਨ ਨਯ ਸ਼ਬਦ ਪ੍ਰਧਾਨ ਹਨ।

(700)ਸਮਾਨਯ ਗਿਆਨ (ਆਮ ਜਾਣਕਾਰੀ) ਵਿਸ਼ੇਸ਼ ਗਿਆਨ (ਖਾਸ ਜਾਣਾਕਰੀ) ਅਤੇ ਉਭੈ ਗਿਆਨ (ਆਮ ਖਾਸ ਦੋਹੇ ਤਰ੍ਹਾਂ ਦੀ ਜਾਣਕਾਰੀ) ਦੇ ਰੂਪ ਵਿਚ ਜੋ ਅਨੇਕਾਂ ਰੂਪ ਸੰਸਾਰ ਵਿਚ ਪ੍ਰਚਲਿਤ ਹਨ, ਇਨ੍ਹਾਂ ਨੂੰ ਜਿਸ ਢੰਗ ਰਾਹੀਂ ਜਾਣਿਆ ਜਾਂਦਾ ਹੈ, ਉਹ ਨੈਗਮ ਨਯ ਹਨ। ਇਸ ਲਈ ਉਸ ਨੂੰ ਨਯਿਕਮਾਨ ਅਰਥਾਤ ਭਿੰਨ ਭਿੰਨ ਢੰਗ ਨਾਲ ਜਾਨਣਾ ਚਾਹੀਦਾ ਹੈ।

(701)ਭੂਤ ਵਰਤਮਾਨ ਅਤੇ ਭਵਿੱਖ ਦੇ ਭੇਦ ਪੱਖੋਂ ਨੈਗਮ ਨਯ ਦੇ ਤਿੰਨ ਭੇਦ ਹਨ। ਜੋ ਦਰੱਵ ਜਾਂ ਕੰਮ ਪਹਿਲਾਂ ਭੂਤਕਾਲ ਵਿਚ ਖ਼ਤਮ ਹੋ ਚੁੱਕਾ ਹੈ, ਉਸ ਨੂੰ ਵਰਤਮਾਨ ਕਾਲ ਵਿਚ ਆਰੋਪਣ (ਆਖਣਾ) ਹੀ ਭੂਤ ਨੈਗਮ ਨਯ ਹੈ। ਜਿਵੇਂ ਹਜ਼ਾਰਾਂ ਹੋਏ ਭਗਵਾਨ ਮਹਾਵੀਰ ਦੇ ਨਿਰਵਾਨ ਦੇ ਲਈ ਨਿਰਵਾਨ ਵਾਲੀ ਅਮਾਵਸ ਦੇ ਦਿਨ ਆਪਣਾ "ਅੱਜ ਭਗਵਾਨ ਮਹਾਵੀਰ ਦਾ ਨਿਰਵਾਨ ਹੈ।"।

(702)ਜੋ ਕੰਮ ਅਜੇ ਸ਼ੁਰੂ ਹੀ ਹੋਇਆ ਹੈ, ਉਸ ਦੇ ਬਾਰੇ ਲੋਕਾਂ ਦੇ ਪੁੱਛਣ ਤੇ "ਪੂਰਾ ਹੋਇਆ ਆਖਣਾ" ਜਿਵੇਂ ਭੋਜਨ ਬਨਾਉਣਾ ਸ਼ੁਰੂ ਕਰਨ ਸਮੇਂ ਤੇ ਆਖਣਾ ਕਿ ਅੱਜ ਚੌਲ ਬਣਾਏ ਹਨ। ਇਹ ਵਰਤਮਾਨ ਨੈਗਮ ਨਯ ਹੈ।

(703)ਜੋ ਕੰਮ ਭਵਿੱਖ ਵਿਚ ਹੋਣ ਵਾਲਾ ਹੈ, ਉਸ ਕੰਮ ਦੇ ਸ਼ੁਰੂ ਹੋਣ ਤੋਂ ਪਹਿਲਾਂ ਹੀ ਆਖ ਦੇਣਾ ਭਵਿੱਖ ਨੈਗਮ ਨਯ ਹੈ

ਜਿਵੇਂ ਜੋ ਅਜੇ ਗਿਆ ਨਹੀਂ, ਉਸ ਨੂੰ ਆਖਣਾ ਕਿ ਉਹ ਗਿਆ।

(704)ਸੰਗ੍ਰਹਿ ਨਯ ਦੇ ਦੋ ਭੇਦ ਹਨ (1) ਸ਼ੁੱਧ ਸੰਗ੍ਰਹਿ ਨਯ ਅਤੇ (2) ਅਸ਼ੁੱਧ ਸੰਗ੍ਰਹਿ ਨਯ। ਸ਼ੁੱਧ ਸੰਗ੍ਰਹਿ ਨਯ ਵਿਚ ਆਪਸੀ ਵਿਰੋਧ ਨਾ ਕਰਕੇ ਸੱਤ ਰੂਪ ਵਿਚ ਸਭ ਨੂੰ ਗ੍ਰਹਿਣ ਕੀਤਾ ਜਾਂਦਾ ਹੈ। ਉਸ ਵਿਚੋਂ ਇਕ ਖਾਸ ਨੂੰ ਗ੍ਰਹਿਣ ਕਰਨਾ ਅਸ਼ੁੱਧ ਸੰਗ੍ਰਹਿ ਨਯ ਹੁੰਦਾ ਹੈ।

(705)ਜੋ ਸੰਗ੍ਰਹਿ ਨਯ ਦੇ ਰਾਹੀਂ ਸ਼ੁੱਧ ਜਾਂ ਅਸ਼ੁੱਧ ਅਰਥ ਦਾ ਭੇਦ ਕਰਦਾ ਹੈ, ਉਹ ਵਿਵਹਾਰ ਨਯ ਹੈ। ਇਹ ਵੀ ਦੋ ਪ੍ਰਕਦਾਰ ਦਾ ਹੈ। (1) ਅਸ਼ੁੱਧ ਅਰਥ ਭੇਦਕ (2) ਸ਼ੁੱਧ ਅਰਥ ਭੇਦਕ।

(706)ਜਿਸ ਦਰੱਵ ਵਿਚ ਇਕ ਸਮੇਂ ਵਰਤੀ (ਵਰਤਮਾਨ) ਅਧਰੁਵ ਪਰਿਆਏ ਨੂੰ ਗ੍ਰਹਿਣ ਕਰਦਾ ਹੈ, ਉਹ ਸੂਖਮ ਰਿਜੂ ਸੂਤਰ ਨਯ ਹੈ। ਜਿਵੇਂ ਸਭ ਨਾਸ਼ਵਾਨ ਹੁੰਦੇ ਹਨ।

(707)ਅਤੇ ਜੋ ਆਪਦੀ ਸਥਿਤੀ ਤੱਕ ਰਹਿਣ ਵਾਲੀ ਮਨੁੱਖ ਆਦਿ ਦੀ ਪਰਿਆਏ ਨੂੰ ਉਨੇ ਸਮੇਂ ਤੱਕ ਇਕ ਮਨੁੱਖ ਦੇ ਰੂਪ ਵਿਚ ਗ੍ਰਹਿਣ ਕਰਦਾ ਹੈ, ਉਹ ਸਥੂਲ ਰਿਜੂ ਸੂਤਰ ਨਯ ਹੈ।

(708)ਸ਼ਪਨ ਤੋਂ ਭਾਵ ਸੰਬੰਧਨ ਸ਼ਬਦ ਹੈ ਜੋ ਸ਼ਪਤੀ ਕਰਦਾ ਹੈ, ਉਹ ਸਬਦ ਹੈ ਸ਼ਪਯੱਤੇ ਜਿਸ ਰਾਹੀਂ ਵਸਤੂ ਨੂੰ ਆਖਿਆ ਜਾਂਦਾ ਹੈ, ਉਹ ਵੀ ਸ਼ਬਦ ਹੈ, ਉਸ ਸਬਦ ਦੀ ਆਖੀ ਗੱਲ ਦਾ ਜੋ ਅਰਥ ਹੈ, ਉਸ ਨੂੰ ਗ੍ਰਹਿਣ ਕਰਨ ਕਾਰਨ ਨਯ ਨੂੰ ਵੀ ਸ਼ਬਦ ਕਿਹਾ ਗਿਆ ਹੈ।

(709)ਜੋ ਇਕ ਅਰਥ ਵਾਲੇ ਸ਼ਬਦਾਂ ਵਿਚ ਲਿੰਗ ਆਦਿ ਦੇ

ਭੇਦ ਕਾਰਨ ਆਰਥ ਦੇ ਭੇਦ ਨੂੰ ਮੰਨਦਾ ਹੈ, ਉਸ ਨੂੰ ਸ਼ਬਦ ਨਯ ਕਿਹਾ ਗਿਆ ਹੈ। ਜਿਵੇਂ ਪੁਸ਼ਯ ਸ਼ਬਦ ਪੁਲਿੰਗ ਵਿਚ ਨਛੱਤਰ ਪੱਖੋਂ ਜਾਣਿਆ ਜਾਂਦਾ ਹੈ, ਅਤੇ ਪੁਸ਼ਯਾ ਇਸਤਰੀ ਲਿੰਗ ਪੱਖੋਂ ਤਾਰਿਆਂ ਦਾ ਗਿਆਨ ਕਰਾਉਂਦਾ ਹੈ।

(710)ਜਾਂ ਵਿਆਕਰਣ ਪੱਖੋਂ ਸਿੱਧ ਸ਼ਬਦ ਦਾ ਵਿਵਹਾਰ ਪੱਖੋਂ ਅਰਥ ਕੀਤਾ ਜਾਂਦਾ ਹੈ ਉਸੇ ਅਰਥ ਨੂੰ ਉਸੇ ਸ਼ਬਦ ਰਾਹੀਂ ਗ੍ਰਹਿਣ ਕਰਨਾ ਸ਼ਬਦ ਨਯ ਹੈ। ਜਿਵੇਂ ਦੇਵ ਸ਼ਬਦ ਦੇ ਰਾਹੀਂ, ਉਸ ਦਾ ਉਹ ਹੀ ਅਰਥ ਦੇਵ ਹੀ ਗ੍ਰਹਿਣ ਕਰਨਾ।

(711)ਜਿਸ ਪ੍ਰਕਾਰ ਹਰ ਪਦਾਰਥ ਆਪਣੇ ਆਪਣੇ ਅਰਥ ਪ੍ਰਤਿਨਿਧਤਾ ਕਰਦਾ ਹੈ ਉਸੇ ਤਰ੍ਹਾਂ ਹਰ ਸ਼ਬਦ ਵੀ ਆਪਣੇ ਆਪਣੇ ਅਰਥ ਦੀ ਪ੍ਰਤਿਨਿਧਤਾ ਕਰਦਾ ਹੈ। ਭਾਵ ਸ਼ਬਦ ਦੇ ਭੇਦ ਤੋਂ ਅਰਥ ਦੇ ਭੇਦ ਦਾ ਗਿਆਨ ਹੁੰਦਾ ਹੈ। ਜਿਵੇਂ ਇੰਦਰ, ਪੁਰੰਦਰ ਅਤੇ ਸ਼ਕਰ ਤਿੰਨੇ ਸ਼ਬਦ ਦੇਵਤਿਆ ਦੇ ਰਾਜੇ ਦੇ ਅਰਥ ਦੀ ਪ੍ਰਤਿਨਿਧਤਾ ਕਰਦੇ ਹਨ, ਫਿਰ ਵੀ ਇੰਦਰ ਸ਼ਬਦ ਐਸ਼ ਆਰਾਮ ਦੇ ਅਰਥ ਦੀ ਪ੍ਰਤਿਨਿਧਤਾ ਕਰਦਾ ਹੈ। ਸ਼ੁਕਰ ਤੇ ਪੁਰੰਤਦਰ ਦਾ ਅਰਥ ਦੁਸ਼ਮਣਾਂ ਦੇ ਨਗਰ ਨਾਸ਼ ਕਰਨ ਵਾਲਾ ਹੁੰਦਾ ਹੈ ਇਸ ਪ੍ਰਕਾਰ ਸ਼ਬਦ ਭੇਦ ਦੇ ਅਨੁਸਾਰ ਅਰਥ ਭੇਦ ਕਰਨ ਵਾਲਾ ਸਮਭਿ ਰੂੜ ਨਯ ਹੈ।

(712)ਅਤੇ ਜਿਵੇਂ ਸ਼ਬਦ ਦਾ ਅਰਥ ਹੋਵੇ, ਜੋ ਉਸ ਰੂਪ ਵਰਤੋਂ ਹੁੰਦਾ ਹੈ, ਜੋ ਭੂਤ ਜਾਂ ਮੌਜੂਦ ਹੈ ਅਤੇ ਜੋ ਸ਼ਬਦਾਂ ਦੇ ਅਰਥ ਤੋਂ ਅਨਯਥਾ (ਪਰੇ) ਹੈ। ਜੋ ਅਭੂਤ ਜਾਂ ਮੌਜੂਦ ਨਹੀਂ ਜੋ ਅਜਿਹਾ ਮੰਨਦਾ ਹੈ ਉਹ ਏਵਮ ਭੂਤ ਨਯ ਹੈ। ਇਸ ਲਈ ਸ਼ਬਦ ਨਯ ਅਤੇ

ਸਮਵਿਰੁੜ ਨਯ ਦੇ ਪੱਖੋਂ ਏਵਮਭੂਤ ਨਯ ਵਿਸ਼ੇਸ਼ ਰੂਪ ਤੋਂ ਸ਼ਬਦ ਅਰਥ ਤੱਤਪਰ ਨਯ ਹਨ।

(713)ਜੀਵ ਆਪਣੇ ਮਨ, ਬਚਨ ਅਤੇ ਕਾਇਆ ਦੀ ਕ੍ਰਿਆ ਰਾਹੀਂ ਜੋ ਜੋ ਕੰਮ ਕਰਦਾ ਹੈ, ਉਸ ਦੇ ਹਰ ਕਰਮ ਦਾ ਗਿਆਨ ਕਰਾਉਣ ਵਾਲੇ ਅਲੱਗ ਅਲੱਗ ਸ਼ਬਦ ਹਨ ਅਤੇ ਉਸ ਦਾ ਉਸ ਸਮੇਂ ਵਰਤੋਂ ਕਰਨ ਵਾਲਾ ਏਵਮ ਭੂਤ ਨਯ ਹੈ। ਜਿਵੇਂ ਮਨੁੱਖ ਪੂਜਾ ਕਰਦੇ ਸਮੇਂ ਹੀ ਪੁਜਾਰੀ ਅਤੇ ਯੁੱਧ ਕਰਦੇ ਸਮੇਂ ਯੋਧਾ (ਸਿਪਾਹੀ) ਆਖਣਾ।

# 40. ਸਿਆਦਵਾਦ ਅਤੇ ਸਪਤਭੰਗੀ ਸੂਤਰ

(714)ਨਯ ਦਾ ਵਿਸ਼ਾ ਹੋਵੇ ਜਾਂ ਪ੍ਰਮਾਣ ਦਾ, ਆਪਸ ਵਿਚ ਜੁੜੇ ਵਿਸ਼ੇ ਕਿਸੇ ਪੱਖ ਦੇ ਵਿਸ਼ੇ ਨੂੰ ਸਾਪੇਕਸ਼ ਆਖਦੇ ਹਨ। ਅਤੇ ਇਸ ਤੋਂ ਉਲਟ ਨੂੰ ਨਿਰਪੇਕਸ਼ ਕਿਹਾ ਜਾਂਦਾ ਹੈ। (ਪ੍ਰਮਾਣ ਦਾ ਵਿਸ਼ਾ ਸਭ ਨਯਾਂ ਦੇ ਪੱਖੋਂ ਹੈ ਅਤੇ ਨਯ ਦਾ ਵਿਸ਼ਾ ਪ੍ਰਮਾਣ ਦੀ ਅਤੇ ਵਿਰੋਧੀ ਨਯਾਂ ਪੱਖੋਂ ਕੰਮ ਕਰਦਾ ਹੈ, ਇਸ ਲਈ ਸਾਪੇਕਸ਼ ਅਖਵਾਉਂਦਾ ਹੈ।

(715)ਜੋ ਸਦਾ ਨਿਅਮ ਦੀ ਮਨਾਹੀ ਕਰਦਾ ਹੈ ਅਤੇ ਨਿਪਾਤ ਰੂਪ ਤੋਂ ਸਿੱਧ ਹੈ, ਉਸ ਸ਼ਬਦ ਨੂੰ ਸਯਾਤ (ਕਿਸੇ ਪੱਖੋ) ਕਿਹਾ ਗਿਆ ਹੈ। ਇਹ ਹੀ ਵਸਤੂ ਨੂੰ ਸਾਪੇਕਸ਼ ਸਿੱਧ ਕਰਦਾ ਹੈ।

(716)ਇਸ (ਸਿਆਦਵਾਦ) ਨਿਆਏ ਵਿਚ ਪ੍ਰਮਾਣ, ਨਯ ਅਤੇ ਦੁਰਨਯ ਦੀ ਹੋਂਦ ਕਾਰਨ ਸੱਤ ਭੰਗ ਹੁੰਦੇ ਹਨ। 'ਸਯਾਤ' ਸਾਪੇਕਸ਼ ਭੰਗਾਂ ਨੂੰ ਪ੍ਰਮਾਣ ਆਖਦੇ ਹਨ। ਨਯ ਯੁਕਤ ਭੰਗਾਂ ਨੂੰ ਨਯ ਆਖਦੇ ਹਨ ਅਤੇ ਨਿਰਪੇਕਸ਼ (ਨਿਰਪੱਖ) ਨਯ ਨੂੰ ਦੁਰਨਯ ਆਖਦੇ ਹਨ।

(717)(1) ਸਯਾਤ ਆਸਤੀ (ਕਿਸੇ ਪੱਖੋਂ ਹੈ)

(2) ਸਯਾਤ ਨਾਸਤੀ (ਕਿਸੇ ਪੱਖੋਂ ਨਹੀਂ ਹੈ)

(3) ਸਯਾਤ ਆਸਤੀ ਨਾਸਤੀ (ਕਿਸੇ ਪੱਖੋਂ ਹੈ, ਕਿਸੇ ਪੱਖੋਂ ਨਹੀਂ ਹੈ)

(4) ਸਯਾਤ ਅਵਕਤੱਵਯ (ਕਿਸੇ ਪੱਖੋਂ ਆਖਣ ਯੋਗ ਨਹੀਂ)

(5) ਸਯਾਤ ਆਸਤੀ ਅਵਕਤੱਵਯ (ਕਿਸੇ ਪੱਖੋਂ ਹੈ ਪਰ

ਆਖਣ ਯੋਗ ਨਹੀਂ)

(6) ਸਯਾਤ ਨਾਸਤੀ ਅਵਕਤੱਵਯ (ਕਿਸੇ ਪੱਖੋਂ ਨਹੀਂ ਹੈ ਪਰ ਆਖਣ ਯੋਗ ਹੈ)।

(7) ਸਯਾਤ ਆਸਤੀ ਨਾਸਤੀ (ਕਿਸੇ ਪੱਖੋਂ ਹੈ, ਨਹੀਂ ਹੈ ਅਤੇ ਆਖਣ ਯੋਗ ਨਹੀਂ ਹੈ।)

(716)ਸਵ ਦਰੱਵ, ਸਵ ਖੇਤਰ, ਸਵ ਕਾਲ ਅਤੇ ਸਵ ਭਾਵ ਦੇ ਪੱਖੋਂ ਦਰੱਵ ਆਸਤੀ ਸਵਰੂਪ ਹੈ। ਪਰ ਉਹ ਦਰੱਵ ਪਰ ਦਰੱਵ, ਪਰ ਖੇਤਰ, ਪਰ ਕਾਲ ਅਤੇ ਪਰ ਭਾਵ ਪੱਖੋਂ ਨਾਸਤੀ ਸਵਰੂਪ ਹੈ।

(717)ਸਵ ਦਰੱਵ ਆਦਿ ਨਾਲ ਚਾਰ ਪਖ ਜੋੜ ਕੇ ਪਰ ਦਰੱਵ ਨਾਲ ਚਾਰ ਪੱਖ ਜੋੜ ਕੇ ਦੋਹਾਂ ਦੇ ਪੱਖਾਂ ਤੇ ਵਿਚਾਰ ਕਰਨ ਨਾਲ ਇਹ ਹੀ ਵਸਤੂ ਦੇ ਸਯਾਤ ਆਸਤੀ ਅਤੇ ਸਯਾਤ ਨਾਸਤੀ ਰੂਪ ਹੁੰਦੇ ਹਨ। ਦੋਹਾ ਧਰਮਾਂ (ਸੁਭਾਵਾਂ) ਦਾ ਇਕੱਠਾ ਚਲਨ ਕਾਰਨ ਉਹ ਦਰੱਵ ਅਵਕਤੱਵਯ (ਕਿਸੇ ਪੱਖੋਂ ਨਾ ਆਖਣ ਯੋਗ) ਹੋ ਜਾਂਦਾ ਹੈ। ਇਸੇ ਪ੍ਰਕਾਰ ਆਪਣੇ ਆਪਣੇ ਨਯ ਆਸਤੀ ਅਵਕਤੱਵਯ, ਨਾਸਤੀ ਅਵਕਤੱਵਯ ਅਤੇ ਆਸਤੀ ਨਾਸਤੀ ਅਵਕਤੱਵਯ ਹਨ।

(720)ਸਯਾਤ ਪਦ ਅਤੇ ਨਯ ਨਿਰਪੇਕਸ਼ ਹੋਣ ਤੇ ਇਹੋ ਸੱਤ ਭੰਗ ਦੁਰਨਯ ਭੰਗ ਅਖਵਾਉਂਦੇ ਹਨ। ਜਿਵੇਂ ਵਸਤੂ ਆਸਤੀ ਹੀ ਹੈ, ਨਾਸਤੀ ਹੀ ਹੈ। ਦੋਹਾਂ ਰੂਪ ਵਿਚ ਹੀ ਅਵਕਤੱਵਯ ਹੀ ਹੈ, ਆਸਤੀ ਅਵਕਤੱਵਯ ਹੀ ਹੈ, ਨਾਸਤੀ ਅਵਕਤੱਵਯ ਹੀ ਹੈ ਜਾਂ ਆਸਤੀ ਅਵਕਤੱਵਯਹੀ ਹੈ।

(721)ਵਸਤੂ ਦੇ ਇਕ ਧਰਮ ਨੂੰ ਗ੍ਰਹਿਣ ਕਰਨ ਤੇ ਉਸ ਦੇ

ਵਿਰੋਧੀ ਦੂਸਰੇ ਧਰਮ (ਸੁਭਾਵ) ਦਾ ਵੀ ਪਤਾ ਆਪਣੇ ਆਪ ਹੋ ਜਾਂਦਾ ਹੈ ਕਿਉਂਕਿ ਦੋਵੇਂ ਹੀ ਧਰਮ ਵਸਤੂ ਦੇ ਸੁਭਾਵ ਹਨ। ਇਸ ਲਈ ਵਸਤੂ ਧਰਮਾਂ ਵਿਚ ਸੱਤ ਭੰਗ ਪੱਖੋਂ ਵਿਆਖਿਆ ਕਰਨੀ ਚਾਹੀਦੀ ਹੈ।

# 41. ਸਮਨਵਯ ਸੂਤਰ

(722)ਜੋ ਪਰੋਕਸ਼ (ਗੁਪਤ) ਰੂਪ ਵਿਚ ਸਭ ਵਸਤਾਂ ਦੇ ਅਨੇਕਾਂਤ ਰੂਪ ਨੂੰ ਦਰਸਾਉਂਦਾ ਹੈ ਅਤੇ ਸ਼ੱਕ ਆਦਿ ਤੋਂ ਰਹਿਤ ਹੈ ਉਹ ਸ਼ਰੁਤ ਗਿਆਨ ਹੈ।

(723)ਜੋ ਵਸਤੂ ਦੇ ਕਿਸੇ ਇਕ ਧਰਮ (ਸੁਭਾਵ) ਦੀ ਵਿਆਖਿਆ ਜਾਂ ਕਿਸੇ ਪੱਖੋਂ, ਲੋਕ ਵਿਵਹਾਰ ਬਾਰੇ ਗਿਆਨ ਕਰਾਉਂਦਾ ਹੈ, ਉਹ ਨਯ ਹੈ, ਨਯ ਸ਼ਰੁਤ ਗਿਆਨ ਦਾ ਭੇਦ ਹੈ ਅਤੇ ਲਿੰਗ ਤੋਂ ਉਤਪੰਨ ਹੁੰਦਾ ਹੈ।

(724)ਅਨੇਕਾਂ ਧਰਮਾਂ ਨਾਲ ਭਰਪੂਰ ਵਸਤੂ ਦੇ ਕਿਸੇ ਇਕ ਧਰਮ ਨੂੰ ਹੀ ਗ੍ਰਹਿਣ ਕਰਨਾ ਨਯ ਦਾ ਲੱਛਣ ਹੈ ਕਿਉਂਕਿ ਉਸ ਸਮੇਂ ਉਸੇ ਧਰਮ ਦੀ ਵਿਆਖਿਆ ਹੈ, ਹੋਰ ਧਰਮਾਂ ਦੀ ਨਹੀਂ।

(725)ਜੋ ਨਯ (ਵਿਰੋਧੀ ਹੋਣ ਤੇ ਵੀ) ਸਾਪੇਕਸ਼ ਹੋਵੇ ਤਾਂ ਉਹ ਸੁਨਯ ਹੈ ਅਤੇ ਨਿਰਪੇਕਸ਼ ਹੋਵੇ ਤਾਂ ਦੁਰਨਯ। ਸੁਨਯ ਤੋਂ ਹੀ ਨਿਯਮ ਪੂਰਵਕ ਸਾਰੇ ਵਿਵਹਾਰਾਂ ਦੀ ਸਿੱਧੀ (ਪ੍ਰਾਪਤੀ) ਹੁੰਦੀ ਹੈ।

(726)ਜਿੰਨੇ ਵੀ ਬਚਨ ਪੰਥ ਹਨ ਉਨ੍ਹੇ ਹੀ ਨਯ ਹਨ ਕਿਉਂਕਿ ਸਾਰੇ ਬਚਨ ਬੋਲਣ ਵਾਲੇ ਦੇ ਕਿਸੇ ਨੇ ਕਿਸੇ ਮਤਲਬ ਜਾਂ ਅਰਥ ਦੀ ਸੂਚਨਾ ਦਿੰਦੇ ਹਨ ਅਤੇ ਅਜਿਹੇ ਬਚਨਾਂ ਵਿਚ ਵਸਤੂ ਦੇ ਕਿਸੇ ਇਕ ਧਰਮ ਦੀ ਪ੍ਰਮੁੱਖਤਾ ਹੁੰਦੀ ਹੈ। ਇਸ ਲਈ ਜਿੰਨੇ ਵੀ ਨਯ ਸਾਵ ਧਾਰਨ (ਹੱਠੀ) ਹਨ, ਉਹ ਸਭ ਪਰ ਸਮੇਂ (ਸਮੇਂ ਤੋਂ ਉਲਟ) ਹਨ, ਮਿੱਥਿਆ ਹਨ ਅਤੇ ਅਵਧਾਰਨ ਰਹਿਤ (ਸਾਪੇਕਸ਼ ਸਤਿਆਗ੍ਰਹਿ)

ਅਹਤੇ ਸਯਾਤ ਆਦਿ ਵਾਕਾਂ ਨਾਲ ਵਰਨਣ ਕੀਤੇ ਸਾਰੇ ਨਯ ਹੀ ਸੱਮਿਅਕ ਹੁੰਦੇ ਹਨ।

(727)ਨਯ ਵਿਧੀ ਦੇ ਜਾਣਕਾਰ ਨੂੰ ਪਰ ਸਮੇਂ ਰੂਪ (ਹੱਠ) ਅਨਿਤਯਤਵ (ਵਿਨਾਸ਼) ਆਦਿ ਨੂੰ ਪ੍ਰਗਟ ਕਰਨ ਵਾਲੇ ਰਿਜੂ ਸੂਤਰ ਆਦਿ ਨਯ ਦੇ ਮੁਤਾਬਿਕ ਲੋਕਾਂ ਵਿਚ ਪ੍ਰਚਲਿਤ ਮੱਤਾਂ ਦੀ ਵਿਆਖਿਆ ਜਾਂ ਪਰਿਹਾਰ ਨਿਤਯ ਆਦਿ ਦੀ ਵਿਆਖਿਆ ਕਰਨ ਵਾਲਾ ਦਰੱਵ ਆਰਥਿਕ ਨਯ ਨਾਲ ਕਰਨੀ ਚਾਹੀਦੀ ਹੈ ਅਤੇ ਸਵ ਸਮੇਂ ਰੂਪ ਜੈਨ ਸਿਧਾਂਤਾਂ ਵਿਚ ਵੀ ਅਗਿਆਨ ਜਾਂ ਦਵੇਸ਼ ਆਦਿ ਦੋਸ਼ ਨਾਲ ਭਰਪੂਰ ਕਿਸੇ ਮਨੁੱਖ ਨੇ ਦੋਸ਼ ਬੁੱਧੀ ਕਾਰਨ ਨਿਰਪੇਕਸ਼ ਪੱਖ ਲੈ ਲਿਆ ਹੋਵੇ ਉਸ ਦੀ ਵਿਆਖਿਆ ਵੀ ਕਰਨੀ ਚਾਹੀਦੀ ਹੈ।

(728)ਸਾਰੇ ਨਯ ਆਪਣੇ ਆਪਣੇ ਬਚਨਾਂ ਅਨੁਸਾਰ ਸੱਚੇ ਹਨ ਪਰ ਜਦ ਇਕ ਦੂਸਰੇ ਦੀ ਵਿਆਖਿਆ ਕਰਦੇ ਹਨ ਤਾਂ ਮਿੱਥਿਆ ਹਨ। ਅਨੇਕਾਂਤ ਦ੍ਰਿਸ਼ਟੀ ਜਾਂ ਸ਼ਾਸਤਰਾਂ ਦਾ ਜਾਣਕਾਰ ਉਨ੍ਹਾਂ ਨਯਾਂ ਦੀ ਅਜਿਹੀ ਵੰਡ ਨਹੀਂ ਕਰਦਾ ਕਿ ''ਇਹ ਸੱਚ ਹੈ ਅਤੇ ਇਹ ਝੂਠ ਹੈ।''

(729)ਨਿਰਪੇਕਸ਼ ਨਯ ਨਾ ਤਾਂ ਸਾਮੂਦਾਇਕਤਾ ਨੂੰ ਪ੍ਰਾਪਤ ਹੁੰਦੇ ਹਨ ਅਤੇ ਨਾ ਉਹ ਸਮੂਹ ਰੂਪ ਗ੍ਰਹਿਣ ਹੋਣ ਦੇ ਸੱਮਿਅਕ ਹੁੰਦੇ ਹਨ। ਹਰ ਇਕ ਨਯ ਮਿੱਥਿਆ ਹੋਣ ਨਾਲ ਉਨ੍ਹਾਂ ਦਾ ਸਮੁਦਾਏ ਤਾਂ ਮਹਾ ਮਿੱਥਿਆ ਰੂਪ ਹੋਵੇਗਾ। ਸਮੁਦਾਏ ਰੂਪ ਹੋਣ ਤੇ ਵੀ ਉਹ ਵਸਤੂ ਦੇ <u>ਗਾਮਕ</u> ਨਹੀਂ ਹੁੰਦੇ ਕਿਉਂਕਿ ਅੱਡ ਅੱਡ ਅਵਸਥਾ ਵਿਚ ਵੀ ਗਾਮਕ ਨਹੀਂ ਹੈ। ਇਸ ਦਾ ਕਾਰਨ ਇਹ ਹੈ ਕਿ ਨਿਰਪੇਕਸ਼ ਹੋਣ

ਦੇ ਕਾਰਨ ਵੈਰੀ ਦੀ ਤਰ੍ਹਾਂ ਆਪਸੀ ਵਿਰੋਧੀ ਹਨ।

(730)ਜਿਵੇਂ ਭਿੰਨ ਭਿੰਨ ਅਰਥਾਂ ਵਾਲੇ ਅਨੇਕ ਸੇਵਕ, ਇਕ ਰਾਜਾ, ਸਵਾਮੀ ਜਾਂ ਅਧਿਕਾਰੀ ਦੇ ਵਸ਼ ਵਿਚ ਰਹਿੰਦੇ ਹਨ ਜਾਂ ਆਪਸ ਵਿਚ ਲੜਨ ਝਗੜਨ ਵਾਲੇ ਵਿਵਹਾਰਿਕ ਲੋਕ, ਕਿਸੇ ਨਿਰਪੱਖ ਆਦਮੀ ਦੇ ਵ੍ਸ ਹੋ ਕੇ ਮਿੱਤਰਤਾ ਪ੍ਰਾਪਤ ਕਰ ਲੈਂਦੇ ਹਨ, ਉਸੇ ਪ੍ਰਕਾਰ ਇਹ ਸਾਰੇ ਇਕੱਠੇ ਅਤੇ ਵਿਰੋਧੀ ਨਯ ਸਿਆਦਾਵਾਦ ਦੀ ਸ਼ਰਨ ਵਿਚ ਆ ਕੇ ਸੱਮਿਅਕ ਭਾਵ ਨੂੰ ਪ੍ਰਾਪਤ ਕਰ ਲੈਂਦੇ ਹਨ।

(731)ਜਿਵੇਂ ਹਾਥੀ ਦੀ ਪੂੰਛ, ਪੈਰ, ਸੁੰਡ ਆਦਿ ਇਕ ਇਕ ਅੰਗ ਨੂੰ ਫੜ ਕੇ ਹਾਥੀ ਮੰਨਣ ਵਾਲੇ, ਜਨਮ ਤੋਂ ਅੰਨ੍ਹੇ ਲੋਕਾਂ ਦਾ ਆਖਣਾ ਗਲਤ ਹੁੰਦਾ ਹੈ, ਉਸੇ ਪ੍ਰਕਾਰ ਅਨੇਕਾਂ ਧਰਮਾਂ ਵਾਲੇ ਵਸਤਾਂ ਦੇ ਇਕ ਇਕ ਅੰਸ਼ ਨੂੰ ਗ੍ਰਹਿਣ ਕਰਕੇ ''ਅਸੀਂ ਸਾਰੀ ਵਸਤੂ ਜਾਣ ਲਈ ਹੈ'' ਅਜਿਹਾ ਸੋਚਣ ਵਾਲੇ ਦਾ ਗਿਆਨ ਉਸ ਵਸਤੂ ਪ੍ਰਤੀ ਮਿਥਿਆ (ਗਲਤ) ਹੈ।

(732)ਅਤੇ ਜਿਵੇਂ ਹਾਥੀ ਦੇ ਸਾਰੇ ਅੰਗਾਂ ਦਾ ਸਮੁਦਾਏ (ਇਕੱਠ) ਨੂੰ ਜਾਣ ਕੇ, ਅੱਖਾਂ ਰੱਖਣ ਵਾਲਾ ਮਨੁੱਖ, ਸਹੀ ਰੂਪ ਵਿਚ ਹਾਥੀ ਨੂੰ ਪੇਸ਼ ਕਰਦਾ ਹੈ, ਉਸੇ ਤਰ੍ਹਾਂ ਸਾਰੇ ਨਯਾਂ ਦੇ ਇਕੱਠ ਰਾਹੀਂ ਵਸਤੂ ਦੇ ਸਾਰੇ ਪਰਿਆਇਆਂ ਜਾਂ ਉਸ ਦੇ ਧਰਮ ਦੇ ਜਾਣਕਾਰ ਦਾ ਗਿਆਨ ਹੀ ਸੱਮਿਅਕ ਗਿਆਨ ਹੈ।

(733)ਸੰਸਾਰ ਵਿਚ ਅਜਿਹੇ ਬਹੁਤ ਸਾਰੇ ਪਦਾਰਥ ਹਨ, ਜੋ ਸ਼ਬਦਾਂ ਦੀ ਪਕੜ ਤੋਂ ਬਾਹਰ ਹਨ। ਸ਼ਬਦਾਂ ਰਾਹੀਂ ਉਨ੍ਹਾਂ ਦਾ ਵਰਨਣ ਨਹੀਂ ਕੀਤਾ ਜਾ ਸਕਦਾ। ਅਜਿਹੇ ਪਦਾਰਥਾਂ ਦਾ ਅਨੰਤਵਾਂ

ਭਾਗ ਵੀ ਆਖਣਯੋਗ ਹੁੰਦਾ ਹੈ। ਅਜਿਹੇ ਆਖਣ ਯੋਗ ਪਦਾਰਥਾਂ ਦਾ ਅਨੰਤਵਾਂ ਭਾਗ ਵੀ ਸ਼ਾਸਤਰਾਂ ਵਿਚ ਇਕੱਠਾ ਕੀਤਾ ਜਾ ਸਕਦਾ ਹੈ।

(734)ਇਸ ਲਈ ਜੋ ਪੁਰਸ਼ ਕੇਵਲ ਆਪਣੇ ਮੱਤ ਦੀ ਪ੍ਰਸੰਸਾ ਕਰਦੇ ਹਨ ਅਤੇ ਦੂਸਰੇ ਦੀ ਨਿੰਦਾ ਕਰਦੇ ਹਨ, ਇਸ ਢੰਗ ਰਾਹੀਂ ਆਪਣੇ ਆਪ ਨੂੰ ਗਿਆਨੀ ਸਿੱਧ ਕਰਦੇ ਹਨ, ਉਹ ਸੰਸਾਰ ਵਿਚ ਜਕੜੇ ਹੋਏ ਹਨ।

(735)ਇਸ ਸੰਸਾਰ ਵਿਚ ਭਿੰਨ ਭਿੰਨ ਪ੍ਰਕਾਰ ਦੇ ਜੀਵ ਹਨ। ਭਿੰਨ ਭਿੰਨ ਪ੍ਰਕਾਰ ਦੇ ਕਰਮ ਹਨ, ਭਿੰਨ ਭਿੰਨ ਪ੍ਰਕਾਰ ਦੀ ਲਬਧੀਆਂ (ਰਿੱਧੀਆਂ ਸਿੱਧੀਆਂ) ਹਨ। ਇਸ ਲਈ ਆਪਣੇ ਜਾਂ ਪਰਾਏ ਧਰਮ ਬਾਰੇ ਬਹਿਸ ਨਹੀਂ ਕਰਨੀ ਚਾਹੀਦੀ।

(736)ਮਿੱਥਿਆ ਦਰਸ਼ਨਾਂ ਦੇ ਸਮੂਹ ਰੂਪ, ਅੰਮ੍ਰਿਤ ਰੂਪ ਦੇਣ ਵਾਲੇ, ਅਤੇ ਅਗਿਆਨੀਆਂ ਦੇ ਸਮਝ ਵਿਚ ਆਉਣ ਵਾਲੇ ਬੰਦਨਾ (ਨਮਸਕਾਰ) ਯੋਗ ਜਿਨ ਬਚਨਾਂ ਦਾ ਕਲਿਆਣ (ਭਲਾ) ਹੋਵੇ।

# 42. ਨਿਕਸ਼ੇਪ ਸੂਤਰ

(737)ਯੁਕਤੀ ਪੂਰਵਕ, ਠੀਕ ਰਾਹ ਵਿਚ, ਜ਼ਰੂਰਤ ਸਮੇਂ ਨਾਮ, ਸਥਾਪਨਾ, ਦਰੱਵ ਅਤੇ ਭਾਵ ਵਿਚ ਪਦਾਰਥ ਦੀ ਸਥਾਪਨਾ ਨੂੰ ਆਗਮ ਨਿਕਸ਼ੇਪ ਆਖਦੇ ਹਨ।

(738)ਦਰੱਵ ਭਿੰਨ-ਭਿੰਨ ਸੁਭਾਵਾਂ ਵਾਲਾ ਹੈ। ਉਸ ਵਿਚ ਜਿਸ ਸੁਭਾਵ ਦੇ ਰਾਹੀਂ ਧਿਆਨ ਅਤੇ ਗਿਆਨ ਦਾ ਪਤਾ ਲੱਗਦਾ ਹੈ, ਉਸ ਸੁਭਾਵ ਦੇ ਕਾਰਨ ਇਹੀ ਦਰੱਵ ਦੇ ਇਹ ਚਾਰ ਭੇਦ ਕੀਤੇ ਗਏ ਹਨ।

(739)ਇਸ ਲਈ ਨਿਕਸ਼ੇਪ ਚਾਰ ਪ੍ਰਕਾਰ ਦਾ ਮੰਨਿਆ ਗਿਆ ਹੈ। (1) ਨਾਮ (2) ਸਥਾਪਨਾ (3) ਦਰੱਵ (4) ਭਾਵ। ਦਰੱਵ ਦੀ ਸੰਗਿਆ (ਨਾਉਂ) ਨੂੰ ਨਾਮ ਆਖਦੇ ਹਨ। ਇਸ ਦੇ ਦੋ ਭੇਦ ਹਨ :

(740)ਜਿੱਥੇ ਇਕ ਵਸਤੂ ਦੀ ਕਲਪਨਾ ਕਿਸੇ ਹੋਰ ਪਦਾਰਥ ਵਿਚ ਕੀਤੀ ਜਾਂਦੀ ਹੈ, ਉਹ ਸਥਾਪਨਾ ਨਿਕਸ਼ੇਪ ਹੈ, ਉਹ ਦੋ ਪ੍ਰਕਾਰ ਦਾ ਹੈ (1) ਸਾਅਕਾਰ (ਸ਼ਕਲ ਵਾਲਾ) (2) ਨਿਰਆਕਾਰ (ਸ਼ਕਲ ਰਹਿਤ)। ਬਨਾਵਟੀ ਜਾਂ ਨਾ ਬਣਾਏ ਅਰਹਿੰਤ ਦੀ ਮੂਰਤੀ ਦੀ ਸਥਾਪਨਾ ਸਾਆਕਾਰ ਸਥਾਪਨਾ ਹੈ ਅਤੇ ਕਿਸੇ ਹੋਰ ਪਦਾਰਥ ਵਿਚ ਅਰਿਹੰਤ ਦੀ ਸਥਾਪਨਾ ਕਰਨਾ ਨਿਰਾਕਾਰ ਸਥਾਪਨਾ ਹੈ।

(741)ਜਿੱਥੇ ਵਸਤੂ ਦੀ ਵਰਤਮਾਨ ਅਵਸਥਾ ਦਾ ਉਲੰਘਣ ਕਰਕੇ ਉਸ ਦੇ ਭੂਤ ਜਾਂ ਭਵਿੱਖ ਸਵਰੂਪ ਅਨੁਸਾਰ ਵਿਵਹਾਰ ਕੀਤਾ

ਜਾਂਦਾ ਹੈ, ਉਹ ਦਰੱਵ ਨਿਕਸ਼ੇਪ ਹੁੰਦਾ ਹੈ। ਉਸ ਦੇ ਦੋ ਭੇਦ ਹਨ (1) ਆਗਮ (2) ਨੋ ਆਗਮ। ਅਰਿਹੰਤ ਰਾਹੀਂ ਆਖੇ ਸ਼ਾਸਤਰਾਂ ਦਾ ਜਾਣਕਾਰ ਜਿਸ ਸਮੇਂ ਉਸ ਸ਼ਾਸਤਰ ਵਿਚ ਆਪਣਾ ਉਪਯੋਗ (ਧਿਆਨ) ਨਹੀਂ ਲਗਾਉਂਦਾ ਉਸ ਸਮੇਂ ਉਹ ਆਗਮ ਦਰੱਵ ਨਿਕਸ਼ੇ ਪੱਖੋਂ ਅਰਿਹੰਤ ਹੈ। ਨੋ ਆਗਮ ਦਰੱਵ ਨਿਕਸ਼ੇਪ ਦੇ ਤਿੰਨ ਭੇਦ ਹਨ (1) ਗਾਯਕ ਸਰੀਰ (2) ਭਾਵੀ ਅਤੇ (3) ਕਰਮ। ਜਿੱਥੇ ਵਸਤੂ ਦੇ ਜਾਣਕਾਰ ਦੇ ਸਰੀਰ ਨੂੰ ਉਸ ਵਸਤੂ ਰੂਪ ਵਿਚ ਮਿਲਿਆ ਜਾਵੇ ਉਥੇ ਗਾਯਕ ਸਰੀਰ ਨੋ ਆਗਮ ਦਰੱਵ ਨਿਕਸ਼ੇਪ ਹੈ ਜਿਵੇਂ ਰਾਜੇ ਦੇ ਸਰੀਰ ਨੂੰ ਵੇਖ ਕੇ ਆਖਣਾ "ਰਾਜਨੀਤੀ ਮਰ ਗਈ" ਗਾਯਕ ਸਰੀਰ ਵੀ ਭੂਤ, ਵਰਤਮਾਨ ਅਤੇ ਭਵਿੱਖ ਦੇ ਪੱਖੋਂ ਤਿੰਨ ਪ੍ਰਕਾਰ ਦਾ ਹੈ ਅਤੇ ਭੂਤ ਗਾਯਕ ਸਰੀਰ (1) ਚਯੁਤ (2) ਤਯੱਕਤ (3) ਚਯਾਵਿ ਰੂਪ ਵਿਚ ਫਿਰ ਤਿੰਨ ਪ੍ਰਕਾਰ ਦਾ ਹੁੰਦਾ ਹੈ। ਵਸਤੂ ਨੂੰ ਜੋ ਸਵਰੂਪ ਭਵਿੱਖ ਵਿਚ ਪ੍ਰਾਪਤ ਹੋਵੇਗਾ, ਉਸ ਨੂੰ ਵਰਤਮਾਨ ਦੀ ਤਰ੍ਹਾਂ ਹੀ ਮੰਨਣਾ ਭਾਵੀ ਨੋ ਆਗਮ ਦਰੱਵ ਨਿਕਸ਼ੇਪ ਹੈ। ਜਿਵੇਂ ਯੁਵਰਾਜ ਨੂੰ ਰਾਜਾ ਮੰਨ ਲੈਣਾ ਅਤੇ ਕਿਸੇ ਮਨੁੱਖ ਦਾ ਜਿਹਾ ਕਰਮ ਹੋਵੇ ਜਾਂ ਵਸਤੂ ਦੇ ਬਾਰੇ ਵਿਚ ਸੰਸਾਰਿਕ ਮਾਨਤਾ ਜਿਵੇਂ ਹੋ ਗਈ ਹੋਵੇ, ਉਸ ਅਨੁਸਾਰ ਗ੍ਰਹਿਣ ਕਰਨਾ, ਕਰਮ ਜਾਂ ਤਦਯਤਿਰਿਕਤ ਨੋ ਆਗਮ ਦਰੱਵ ਨਿਕਸ਼ੇਪ ਹੈ। ਜਿਵੇਂ ਮਨੁੱਖ ਵਿਚ ਦਰਸ਼ਨ ਦੀ ਸ਼ੁੱਧੀ ਵਿਨੈ ਆਦਿ ਨਾਲ ਤੀਰਥੰਕਰ ਯੋਗ ਨਾਮ ਕਰਮ ਦਾ ਸੰਗ੍ਰਹਿ ਕਰਨ ਵਾਲੇ ਦੇ ਲੱਛਣ ਵਿਖਾਈ ਦੇਣ ਤੇ ਉਸ ਨੂੰ ਤੀਰਥੰਕਰ ਆਖਣਾ ਜਾਂ ਪੂਰਨ ਕਲਸ਼, ਸ਼ੀਸ਼ੇ ਆਦਿ ਨੂੰ ਰਸਮ ਰਿਵਾਜ਼ਾਂ ਅਨੁਸਾਰ ਮੰਗਲ ਆਖਣਾ।

(743-44) ਤਤਕਾਲ ਹੋਣ ਵਾਲੀ ਪਰਿਆਏ ਦੇ ਅਨੁਸਾਰ ਹੀ

ਵਸਤੂ ਨੂੰ ਸੰਬੋਧਿਤ ਕਰਨਾ ਜਾਂ ਮੰਨਣਾ ਭਾਵ ਨਿਕਸ਼ੇਪ ਹੈ। ਇਸ ਦੇ ਵੀ ਦੋ ਭੇਦ ਹਨ (1) ਆਗਮ ਭਾਵ ਨਿਕਸ਼ੇਪ (2) ਨੋ ਆਗਮ ਭਾਵ ਨਿਕਸ਼ੇਪ। ਜਿਵੇਂ ਅਰਿਹੰਤ ਸ਼ਾਸਤਰ ਦਾ ਜਾਣਕਾਰ ਜਿਸ ਸਮੇਂ ਉਸ ਗਿਆਨ ਦਾ ਧਿਆਨ ਕਰ ਰਿਹਾ ਹੋਵੇ ਉਸੇ ਸਮੇਂ ਅਰਿਹੰਤ ਹੈ ਇਹ ਆਗਮ ਭਾਵ ਨਿਕਸ਼ੇਪ ਹੈ। ਜਿਸ ਸਮੇਂ ਉਸ ਵਿਚ ਅਰਿਹੰਤ ਦੇ ਸਾਰੇ ਗੁਣ ਪ੍ਰਗਟ ਹੋ ਗਏ ਹਨ, ਉਸ ਸਮੇਂ ਉਸ ਨੂੰ ਅਰਿਹੰਤ ਆਖਣਾ ਅਤੇ ਉਨ੍ਹਾਂ ਗੁਣਾਂ ਨਾਲ ਭਰਪੂਰ ਹੋ ਕੇ ਧਿਆਨ ਕਰਨ ਨੂੰ ਕੇਵਲ ਗਿਆਨੀ ਆਖਣਾ ਨੋ ਆਗਮ ਭਾਵ ਨਿਕਸ਼ੇਪ ਹੈ।

# 43. ਸਮਾਪਨ

(745)ਇਸ ਪ੍ਰਕਾਰ ਇਹ ਭਲੇ ਦਾ ਉਪਦੇਸ਼, ਮਹਾਨ ਗਿਆਨੀ, ਮਹਾਨ ਦੂਰ ਦਰਸ਼ੀ ਅਤੇ ਮਹਾਨ ਗਿਆਨ ਦਰਸ਼ਨ ਦੇ ਧਾਰਕ ਗਿਆਤਾ ਪੁੱਤਰ ਭਗਵਾਨ ਮਹਾਵੀਰ ਨੇ ਇਹ ਉਪਦੇਸ਼ ਵੈਸ਼ਾਲੀ ਨਗਰੀ ਵਿਚ ਦਿੱਤਾ ਸੀ ।

(746)ਸਭ ਕੁਝ ਵੇਖਣ ਤੇ ਜਾਨਣ ਵਾਲੇ ਗਿਆਤਾਪੁੱਤਰ ਭਗਵਾਨ ਮਹਾਵੀਰ ਨੇ ਸਾਮਇਕ ਆਦਿ ਦਾ ਉਪਦੇਸ਼ ਦਿੱਤਾ ਸੀ। ਪਰ ਜੀਵ ਨੇ ਉਸ ਨੂੰ ਸੁਣਿਆ ਨਹੀਂ ਜਾਂ ਸੁਣ ਕੇ ਇਸ ਤੇ ਪਾਲਣ ਨਹੀਂ ਕੀਤਾ।

(747-748) ਜੋ ਆਤਮਾ ਨੂੰ ਜਾਣਦਾ ਹੈ, ਲੋਕ ਨੂੰ ਜਾਣਦਾ ਹੈ, ਚੰਗੀ ਮਾੜੀ ਗਤੀ ਨੂੰ ਜਾਣਦਾ ਹੈ, ਸ਼ਾਸਵਤ, ਅਸ਼ਾਸਵਤ, ਜਨਮ ਮਰਨ, ਨੂੰ ਜਾਣਦਾ ਹੈ, ਆਸ਼ਰਵ ਅਤੇ ਸੰਬਰ ਨੂੰ ਜਾਣਦਾ ਹੈ, ਦੁੱਖ ਤੇ ਨਿਰਜਰਾ ਨੂੰ ਜਾਣਦਾ ਹੈ, ਉਹ ਹੀ ਕ੍ਰਿਆਵਾਦ ਅਰਥਾਤ ਸੱਮਿਅਕ ਅਚਾਰ ਵਿਚਾਰ ਆਖ ਸਕਦਾ ਹੈ।

(749)ਜੋ ਮੈਨੂੰ ਪਹਿਲਾਂ ਕਦੇ ਪ੍ਰਾਪਤ ਨਹੀਂ ਹੋਇਆ, ਉਹ ਅੰਮ੍ਰਿਤ ਰੂਪੀ, ਸੋਹਣੀ ਭਾਸ਼ਾ ਵਿਚ ਜਿਨ ਬਚਨ ਅੱਜ ਮੈਨੂੰ ਪ੍ਰਾਪਤ ਹੋਇਆ ਹੈ ਅਤੇ ਮੈਂ ਇਸ ਨੂੰ ਇਸ ਤਰ੍ਹਾਂ ਹੀ ਮੈਂ ਚੰਗੀ ਗਤੀ ਨੂੰ ਸਵੀਕਾਰ ਕਰ ਲਿਆ ਹੈ। ਇਸ ਲਈ ਹੁਣ ਮੈਨੂੰ ਮਰਨ ਦਾ ਕੋਈ ਡਰ ਨਹੀਂ।

# 44. ਵੀਰ ਸਤੁੱਵਨ

(750)ਗਿਆਨ ਮੇਰਾ ਆਸਰਾ ਹੈ, ਦਰਸ਼ਨ ਮੇਰਾ ਆਸਰਾ ਹੈ, ਚਾਰਿੱਤਰ ਮੇਰਾ ਆਸਰਾ ਹੈ, ਤਪ ਤੇ ਸੰਜਮ ਮੇਰਾ ਆਸਰਾ ਹੈ ਅਤੇ ਭਗਵਾਨ ਮਹਾਵੀਰ ਮੇਰਾ ਆਸਰਾ ਹੈ।

(751)ਉਹ ਭਗਵਾਨ ਮਹਾਵੀਰ ਸਭ ਕੁਝ ਵੇਖਣ ਤੇ ਜਾਨਣ ਵਾਲੇ, ਕੇਵਲ ਗਿਆਨੀ, ਮੂਲ ਅਤੇ ਉੱਤਰ ਗੁਣਾਂ ਨਾਲ ਭਰਪੂਰ, ਸ਼ੁੱਧ ਚਾਰਿੱਤਰ ਪਾਲਣ ਕਰਨ ਵਾਲੇ, ਧੀਰਜ ਵਾਲੇ ਅਤੇ ਗੰਢਾਂ ਤੋਂ ਰਹਿਤ ਅਪਰਿਗ੍ਰਹਿ ਸਨ। ਨਿਡਰ ਸਨ ਅਤੇ ਆਯੂ ਕਰਮ ਤੋਂ ਰਹਿਤ ਸਨ।

(752)ਉਹ ਵੀਰ ਪ੍ਰਭੂ ਅਨੰਤ ਗਿਆਨੀ ਸਨ। ਸੰਸਾਰ ਸਾਗਰ ਨੂੰ ਪਾਰ ਕਰਨ ਵਾਲੇ ਸਨ। ਧੀਰਜਵਾਨ ਅਤੇ ਅਨੰਤ ਦਰਸ਼ੀ ਸਨ। ਸੂਰਜ ਦੀ ਤਰ੍ਹਾਂ ਤੇਜ਼ ਵਾਲੇ ਸਨ। ਜਿਵੇਂ ਬਲਦੀ ਅੱਗ ਹਨ੍ਹੇਰਾ ਨਸ਼ਟ ਕਰ ਦਿੰਦੀ ਹੈ, ਉਸ ਪ੍ਰਕਾਰ ਉਨ੍ਹਾਂ ਨੇ ਅਗਿਆਨ ਰੂਪੀ ਹਨ੍ਹੇਰੇ ਨੂੰ ਦੂਰ ਕਰਕੇ ਪਦਾਰਥਾਂ ਦਾ ਸੱਚਾ ਰੂਪ ਪ੍ਰਗਟ ਕਰਨ ਵਾਲੇ ਸਨ।

(753)ਜਿਵੇਂ ਹਾਥੀਆਂ ਵਿਚ ਏਰਾਵਤ, ਮਿਰਗਾਂ ਵਿਚ ਸ਼ੇਰ, ਨਦੀਆਂ ਵਿਚ ਗੰਗਾ, ਪੰਛੀਆਂ ਵਿਚ ਗਰੁੜ ਸਰੇਸ਼ਟ (ਮਹਾਨ) ਹੈ, ਉਸੇ ਪ੍ਰਕਾਰ ਨਿਰਵਾਨ ਪ੍ਰਾਪਤ ਕਰਨ ਵਾਲਿਆਂ ਵਿਚ ਗਿਆਤਾ ਪੁੱਤਰ ਸਰੇਸ਼ਟ ਸਨ।

(754)ਜਿਵੇਂ ਦਾਨਾਂ ਵਿਚ ਉੱਤਮ ਅਭੈ ਦਾਨ (ਡਰ ਰਹਿਤ ਕਰ ਦੇਣਾ) ਸਰੇਸ਼ਟ ਹੈ। ਸੱਚੇ ਬਚਨਾਂ ਵਿਚ ਦੂਸਰੇ ਨੂੰ ਕਸ਼ਟ ਨਾ ਪਹੁੰਚਾਉਣ ਵਾਲਾ, ਸੱਚ ਸਰੇਸ਼ਟ ਹੈ। ਜਿਵੇਂ ਸਾਰੇ ਸੱਚੇ ਤਪਾਂ ਵਿਚੋਂ

ਬ੍ਰਹਮਚਰਜ ਤਪ ਸਰੇਸ਼ਟ ਹੈ, ਉਸੇ ਪ੍ਰਕਾਰ ਗਿਆਤਾ ਪੁੱਤਰ ਸ਼੍ਰਮਣ ਲੋਕ ਵਿਚ ਉੱਤਮ ਸਨ।

(755)ਜਗਤ ਦੇ ਜੀਵਾਂ ਦੇ ਉਤਪਤੀ ਸਥਾਨਾਂ ਨੂੰ ਜਾਨਣ ਵਾਲੇ, ਜਗਤ ਦੇ ਗੁਰੂ, ਜਗਤ ਨੂੰ ਆਨੰਦ ਦੇਣ ਵਾਲੇ, ਜਗਤ ਦੇ ਮਾਲਿਕ, ਜਗਤ ਦੇ ਭਰਾ, ਜਗਤ ਦੇ ਪਿਤਾ ਭਗਵਾਨ ਦੀ ਜੈ ਹੋਵੇ।

(756)ਦਵਾਦਸ਼ (12) ਅੰਗ ਸ਼ਰੁਤ ਗਿਆਨ ਦੇ ਉਤਪਤੀ ਸਥਾਨ (ਉਪਦੇਸ਼ਕ) ਦੀ ਜੈ ਹੋਵੇ। ਤੀਰਥੰਕਰਾਂ ਵਿਚ ਆਖਿਰੀ ਤੀਰਥੰਕਰ ਦੀ ਜੈ ਹੋਵੇ। ਲੋਕਾਂ ਦੇ ਗੁਰੂ ਦੀ ਜੈ ਹੋਵੇ। ਮਹਾਤਮਾ ਮਹਾਵੀਰ ਦੀ ਜੈ ਹੋਵੇ।

# ਪਰਿਭਾਸ਼ਿਕ ਸ਼ਬਦ ਕੋਸ਼

(ਬਰੈਕਟ ਵਿਚ ਗਾਥਾਵਾਂ ਦੇ ਨੰਬਰ ਹਨ, ਜਿਨ੍ਹਾਂ ਨੰਬਰਾਂ ਦੇ ਨਾਲ ਸੂਤਰ ਦਾ ਅਰਥ ਵੀ ਲਿਖਿਆ ਹੈ)

## (ੳ)

ਉੱਚਾਰ ਸਮਿਤੀ - ਵੇਖੋ ਪ੍ਰਤੀਸਥਾਪਨਾ ਸਮਿਤੀ

ਉਤਮਾਰਥ ਕਾਲ - ਸੰਲੇਖਨਾ ਪੂਰਵਕ (ਗਿਆਨੀਆਂ ਵਾਲਾ) ਮਰਨ ਦਾ ਸਮਾਂ (578)

ਉਤਪਾਦ - ਦਰੱਵ ਦੀ ਨਵੀਂ ਪਰਿਆਏ (ਅਵਸਥਾ) ਵਿਚ ਉਤਪਤੀ (666-667)

ਉਤਪਾਦਨ ਦੋਸ਼ - ਗ੍ਰਹਿਸਥੀ ਨੂੰ ਉਸ ਦੀ ਇੱਛਾ ਅਨੁਸਾਰ ਵਿੱਦਿਆ, ਸਿੱਧੀ ਜਾਂ ਇਲਾਜ ਦੱਸ ਕੇ ਦੋਸ਼ ਰਹਿਤ ਭਿਕਸ਼ਾ ਮੰਗਣਾ (405)

ਉਤਸਰਗ - ਗਿਆਨ ਆਦਿ ਕੰਮਾਂ ਲਈ ਸਫਲਤਾ ਦਾ ਨਿਰਦੋਸ਼ ਤੇ ਭੱਦਾ ਰਾਹ, ਜਿਸ ਉਪਰ ਚੱਲ ਕੇ ਸਾਧੂ ਕਿਸੇ ਪ੍ਰਕਾਰ ਦਾ ਪਰਿਗ੍ਰਹਿ ਗ੍ਰਹਿਣ ਨਹੀਂ ਕਰਦਾ (44)

ਉਦਗਮ ਦੋਸ਼ - ਆਪਣੇ ਲਈ ਤਿਆਰ ਕੀਤਾ ਭੋਜਨ ਜਾਂ ਭਿੱਖਿਆ ਗ੍ਰਹਿਣ ਕਰਨ ਦਾ ਦੋਸ਼ (405)

ਉਦੰਬਰ - ਕਠੁੰਬਰ, ਬੜ, ਪਿੱਪਲ, ਗੂਲੜ੍ਹ ਅਤੇ ਪਾਕਰ ਆਦਿ ਦੇ ਪੰਜ ਪ੍ਰਕਾਰ ਦੇ ਛੋਟੇ ਛੋਟੇ ਫਲ ਜਿਨ੍ਹਾਂ ਵਿਚ ਬੀਜਾਂ ਦੀ ਮਾਤਰਾ ਜ਼ਿਆਦਾ ਹੁੰਦੀ ਹੈ।

ਉਪਗੂਹਨ - ਸੱਮਿਅਕ ਦਰਸ਼ਨ ਦਾ ਇਕ ਹਿੱਸਾ ਆਪਣੇ ਗੁਣਾਂ ਅਤੇ ਦੂਸਰੇ ਦੇ ਗੁਣਾਂ ਨੂੰ ਪ੍ਰਗਟ ਨਾ ਕਰਨਾ। (239)

ਉਪਧੀ - ਸ਼ਕਤੀਹੀਨਤਾ ਵਸ ਨਿਰਗ੍ਰੰਥ (ਜੈਨ) ਸਾਧੂ ਰਾਹੀਂ ਦੋਸ਼ ਰਹਿਤ ਅਤੇ ਸ਼ਾਸਤਰ ਅਨੁਸਾਰ ਕੀਤਾ ਜਾਣ ਵਾਲਾ ਭੋਜਨ। (370, 378)

ਉਪਭੋਗ - ਬਾਰ ਬਾਰ ਭੋਗੇ ਜਾਣ ਵਾਲੇ ਪਦਾਰਥ ਜਿਵੇਂ ਕੱਪੜੇ, ਗਹਿਣੇ ਅਤੇ ਵਿਸ਼ੇ ਵਿਕਾਰ। (632)

ਉਪਯੋਗ - ਆਤਮਾ ਦੇ ਚੇਤਨ ਵਾਲੇ ਗਿਆਨ, ਦਰਸ਼ਨ ਵਾਲੇ ਪਰਿਣਾਮ (649)

ਉਪਵਰਹਣ - ਧਾਰਮਿਕ ਭਾਵਨਾਵਾਂ ਦੇ ਰਾਹੀਂ ਆਤਮਿਕ ਸ਼ਕਤੀਆਂ ਵਿਚ ਵਾਧਾ (236)

ਉਪਸ਼ਮ - ਖਿਮਾਂ ਦੀ ਭਾਵਨਾ

ਉਪਸ਼ਮਕ - ਕਸ਼ਾਇ ਦਾ ਖ਼ਾਤਮਾ ਕਰਨ ਵਾਲਾ ਸਾਧਕ (555)

ਉਪਸ਼ਮਣ - ਧਿਆਨ ਆਦਿ ਚਿੰਤਨ ਰਾਹੀਂ ਕਸ਼ਾਇ ਨੂੰ ਸ਼ਾਂਤ ਕਰਨਾ (557)

ਉਪਸ਼ਾਂਤ ਕਸ਼ਾਇ - ਸਾਧਕ ਦੀ ਗਿਆਰਵੀਂ ਪ੍ਰਤਿਮਾ, ਜਿਸ ਵਿਚ ਕਸ਼ਾਇ ਪੂਰੀ ਤਰ੍ਹਾਂ ਠੰਡੇ ਹੋ ਕੇ ਕੁਝ ਸਮੇਂ ਲਈ ਸ਼ਾਂਤ ਹੋ ਜਾਂਦੇ ਹਨ। (570)

ਉਪਸ਼ਾਂਤ ਮੋਹ - ਉਪਸ਼ਾਂਤ ਕਸ਼ਾਇ ਗੁਣ ਸਥਾਨ ਦਾ ਦੂਸਰਾ ਨਾਂ।

ਉਪਾਧਿਆ - ਨਵਕਾਰ ਮੰਤਰ ਦਾ ਚੋਥਾ ਪਦ (1) ਆਗਮਾਂ ਦਾ

ਜਾਣਕਾਰ ਸਾਧੂ (੧0)

ਉਨੋਦਰੀ - ਵੇਖੋ ਅਵਮੋਦਰਯ

(ਅ)

ਅੰਗ - ਸੱਮਿਅਕ ਦਰਸ਼ਨ ਦੇ ਅੱਠ ਗੁਣ (18)

ਆਗਾਰ - ਘਰ (298)

ਅਗਿਆਨ - ਮੋਹ ਵਾਲਾ ਮਿੱਥਿਆ ਗਿਆਨ (279)

ਅਜੀਵ - ਸੁੱਖ ਦੁੱਖ ਅਤੇ ਭਲੇ ਬੁਰੇ ਦੇ ਗਿਆਨ ਤੋਂ (593) ਅਤੇ ਚੇਤਨਾ ਤੋਂ ਰਹਿਤ ਪੰਜ ਪੁਦਗਲ ਦਰੱਵ (625)

ਅਨੁਵਰਤ - ਸ਼੍ਰਾਵਕ ਦੇ ਪੰਜ ਵਰਤ (300)

ਅਤਿਥੀਸੰਵਿਭਾਗ ਵਰਤ - ਸਾਧੂ ਨੂੰ ਚਾਰ ਪ੍ਰਕਾਰ ਦਾ ਦਾਨ ਦੇਣਾ (330-331)

ਅਤਿਇੰਦਰੀਆ ਸੁੱਖ - ਆਤਮਾ ਰਾਹੀਂ ਦੁੱਖ ਰਹਿਤ ਅੰਦਰਲਾ ਸੁੱਖ (614-1615)

ਅਦੱਤਾਦਾਨ ਵਰਤ - ਚੋਰੀ ਦਾ ਤਿਆਗ (313)

ਅਧਰਮ ਦਰਵ - ਜੀਵ ਅਤੇ ਪੁਦਗਲ ਦੇ ਰੂਪ ਵਿਚ ਜ਼ਮੀਨ ਦੀ ਤਰ੍ਹਾਂ ਸਹਾਇਕ, ਲੋਕ ਅਕਾਸ਼ ਦੀ ਤਰ੍ਹਾਂ, ਇਕ ਅਮੂਰਤ (ਸ਼ਕਲ ਰਹਿਤ) ਦਰੱਵ

ਅਧਿਆਵਸਾਨ - ਪਦਾਰਥ ਨਿਸ਼ਚੈ (545)

ਅਧਿਆਤਮ - ਸ਼ੁੱਧ ਆਤਮਾ ਵਿਚ ਖਾਸਲ ਸ਼ੁੱਧਤਾ ਦਾ

ਆਧਾਰ (137)

ਅਨਗਾਰ - ਘਰ ਛੱਡਣ ਵਾਲਾ ਸਾਧੂ (336)

ਅਨਭਿਗ੍ਰਹਿਤ ਮਿੱਥਿਆਤਵ - ਦੂਸਰੇ ਦੇ ਉਪਦੇਸ਼ ਆਦਿ ਨਾਲ ਨਿਰਪੱਖ, ਜਨਮ ਤੋਂ ਹੀ ਤੱਤਵਾਂ ਪ੍ਰਤੀ ਅਵਿਸ਼ਵਾਸ।

ਅਣਰਥ ਦੰਡ ਵਰਤ - ਬਿਨਾਂ ਜ਼ਰੂਰਤ ਕੰਮ ਦਾ ਤਿਆਗ (321-322)

ਅਨਸ਼ਨ - ਕਰਮਾਂ ਦੀ ਨਿਰਜਰਾ (ਝਾੜਨਾ) ਲਈ ਸ਼ਕਤੀ ਅਨੁਸਾਰ ਇਕ ਦੋ ਦਿਨ ਭੋਜਨ ਤਿਆਗ ਦਾ ਤਪ (442-447)

ਅਨਿੱਤਯ ਅਨੁਪ੍ਰੇਕਸ਼ਾ - ਵੈਰਾਗ ਪ੍ਰਾਪਤੀ ਲਈ ਸੰਸਾਰ ਦੀ ਵਿਨਾਸ਼ਤਾ ਦਾ ਬਾਰ ਬਾਰ ਚਿੰਤਨ ਕਰਨਾ (507-508)

ਅਨਿਵਰਤੀਕਰਨ - ਸਾਧਕ ਦੀ ਨੌਵੀਂ ਸਥਿਤੀ ਜਿਸ ਵਿਚ ਇਕੋ ਸਮੇਂ ਦੇ ਸਾਧਕਾਂ ਦੇ ਪਰਿਣਾਮ ਇਕ ਹੋ ਜਾਂਦੇ ਹਨ ਅਤੇ ਇਸ ਤੋਂ ਬਾਅਦ ਦੇ ਸਮੇਂ ਲਗਾਤਾਰ ਅਨੰਤਗੁਣੀ ਸ਼ੁੱਧਤਾ ਪ੍ਰਾਪਤ ਹੁੰਦੀ ਹੈ (558)

ਅਨੁਪਰੇਕਸ਼ਾ - ਵੈਰਾਗ ਵਿਚ ਵਾਧਾ ਕਰਨ ਵਾਲੀਆਂ 12 ਭਾਵਨਾਵਾਂ (30)

ਅਨੇਕਾਂਤ - ਵਸਤੂ ਦੀ ਆਜ਼ਾਦ ਹਸਤੀ ਨੂੰ ਜਾਂ ਵਸਤੂ ਦੇ ਅਨੇਕਾਂ ਧਰਮਾਂ (ਰੂਪਾਂ) ਦਾ ਰਾਹ ਦੱਸਣ ਵਾਲਾ ਤੱਤਵ, ਨਿੱਤ ਅਨਿੱਤ ਆਦਿ ਆਸ ਵਿਰੋਧੀ, ਅਨੇਕਾਂ ਧਰਮਾਂ ਵਾਲੀ ਵਸਤੂ ਦਾ ਅਖੰਡ ਇਕ

ਰਸ ਸਵਰੂਪ ਦਾ ਦੱਸਣ ਵਾਲਾ ਤੱਤਵ (669-672)

ਅੰਤਰ ਆਤਮਾ - ਸਰੀਰ ਤੋਂ ਅਲੱਗ ਆਤਮ ਸਵਰੂਪ ਨੂੰ ਸਮਝਣ ਵਾਲਾ ਸੱਮਿਅਕ ਦ੍ਰਿਸ਼ਟੀ (179)

ਅੰਤਰਾਏ ਕਰਮ - ਦਾਨ, ਲਾਭ ਆਦਿ ਵਿਚ ਰੁਕਾਵਟ ਪਾਉਣ ਵਾਲਾ ਅੱਠ ਕਰਮਾਂ ਦਾ ਇਕ ਭੇਦ (66)

ਅਨੱਯਤਵ ਅਨੁਪ੍ਰੇਕਸ਼ਾ - ਆਪਣੇ ਸਵਰੂਪ ਨੂੰ ਦੇਹ ਤੋਂ ਭਿੰਨ ਵੇਖਣ ਦੀ ਭਾਵਨਾ (518-520)

ਅਪਧਿਆਨ - ਰਾਗ ਦਵੇਸ਼ ਨਾਲ ਕਿਸੇ ਦਾ ਬੁਰਾ ਸੋਚਣਾ (321)

ਅਪਰਮ ਭਾਵ - ਤੱਤਵ (590)

ਅਪਵਾਦ - ਸ਼ਕਤੀਹੀਣ ਹੋਣ ਵਜੋਂ ਵੀਤਰਾਗੀਆਂ ਨੂੰ ਵੀ ਭੋਜਨ ਦੀ ਇਜਾਜ਼ਤ (44)

ਅਪੂਰਵ ਕਰਨ - ਸਾਧਕ ਦਾ ਅੱਠਵਾਂ ਗੁਣ ਸਥਾਨ ਜਿਸ ਵਿਚ ਦਾਖਲ ਹੋਣ ਵਾਲੇ ਜੀਵ ਦੀ ਆਤਮਾ ਦੇ ਪਰਿਨਾਮ ਪੂਰਨ ਹੋ ਜਾਂਦੇ ਹਨ ਜਾਂ ਆਤਮਾ ਪੂਰਨ ਪਵਿੱਤਰਤਾ ਮਹਿਸੂਸ ਕਰਦੀ ਹੈ (592)

ਅਮੂਰਤ - ਸ਼ਕਲ ਰਹਿਤ (592)

ਅਪ੍ਰਦੇਸ਼ - ਜਿਸ ਦਾ ਕੋਈ ਹੋਰ ਹਿੱਸਾ ਨਾ ਹੋਵੇ ਅਜਿਹਾ ਇਕ ਦੇਸ਼ੀ ਪ੍ਰਮਾਣੂ (652)

ਅਪ੍ਰਮੱਤ - ਰਾਗ-ਦਵੇਸ਼ ਰਹਿਤ ਅਤੇ ਆਤਮਾ ਪ੍ਰਤੀ ਸਦਾ

ਜਾਗ੍ਰਤ ਰਹਿਣ ਵਾਲਾ (166-169)

ਅਪ੍ਰਮੱਤ ਸੰਜਮ - ਸਾਧੂ ਦੀ ਸੱਤਵੀਂ ਸਾਧਨਾਂ ਦੀ ਭੂਮੀ ਜਿੱਥੇ ਪਹੁੰਚ ਕੇ ਕਿਸੇ ਤਰ੍ਹਾਂ ਦਾ ਪ੍ਰਮਾਦ ਜਾਹਰ ਨਹੀਂ ਹੁੰਦਾ। (555)

ਅਪ੍ਰਮਾਦ - ਰਾਗ ਦਵੇਸ਼ ਰਹਿਤ ਆਤਮਾ ਦੀ ਜਾਗ੍ਰਤੀ। (13)

ਅਭੈਦਾਨ - ਮੌਤ ਸਮੇਤ ਸੱਤ ਡਰਾਂ ਤੋਂ ਡਰਦੇ ਜੀਵਾਂ ਦੀ ਰੱਖਿਆ ਕਰਨ ਵਾਲਾ (375)

ਅਭਿਗ੍ਰਹਿਤ ਮਿੱਥਿਆਤਵ - ਦੂਸਰਿਆਂ ਦੇ ਉਪਦੇਸ਼ ਆਦਿ ਰਾਹੀਂ ਝੂਠੇ ਧਰਮ ਆਦਿ ਤੱਤਵਾਂ ਪ੍ਰਤੀ ਸ਼ਰਧਾ ਅਤੇ ਸੱਚੇ ਧਰਮ ਪ੍ਰਤੀ ਅਸ਼ਰਧਾ ਅਵਿਸ਼ਵਾਸ ਵਾਲਾ (549)

ਅਵਿਰਤਿ - ਹਿੰਸਾ ਆਦਿ ਪੰਜ ਪਾਪਾਂ ਤੋਂ ਵਿਰਕਤੀ ਦੀ ਘਾਟ (608)

ਅਸ਼ਰਣ ਅਨੁਪ੍ਰੇਕਸ਼ਾ - ਵੈਰਾਗ ਵਿਚ ਵਾਧੇ ਲਈ ਧਨ, ਪਰਿਵਾਰ ਦੀ ਅਸ਼ਰਨਤਾ ਪ੍ਰਤੀ ਸੋਚਣਾ ਅਤੇ ਧਰਮ ਪ੍ਰਤੀ ਸ਼ਰਨ ਜਾਣ ਦੀ ਭਾਵਨਾ (509-510)

ਅਸ਼ੂਚੀ ਅਨੁਪ੍ਰੇਕਸ਼ਾ - ਵੈਰਾਗ ਦੇ ਵਾਧੇ ਲਈ ਦੇਹ ਦੇ ਗੰਦੇ ਸਵਰੂਪ ਦਾ ਬਾਰ ਬਾਰ ਚਿੰਤਨ ਕਰਨਾ।

ਅਵਿਰਤ ਸੱਮਿਅਕ ਦ੍ਰਿਸ਼ਟੀ - ਸਾਧਕ ਦੀ ਚੌਥੀ ਮੰਜ਼ਿਲ ਜਿੱਥੇ ਸੱਮਿਅਕ ਦਰਸ਼ਨ ਹੋ ਜਾਣ ਤੇ ਭੋਗਾਂ ਜਾਂ ਹਿੰਸਾ ਪ੍ਰਤੀ ਵਿਰਕਤੀ ਭਾਵ ਨਹੀਂ ਜਾਗਦਾ (552)

ਅਵਿਤਰ ਗ੍ਰੰਥ - ਮਿੱਥਿਆ ਦਰਸ਼ਨ ਅਤੇ ਕਸ਼ਾਇ ਆਦਿ 14 ਭਾਵ (143)

ਅਵਧੀ ਗਿਆਨ - ਸੀਮਾਬੱਧ ਦੇਸ਼ ਕਾਲ ਨੂੰ ਛੱਡ ਕੇ ਅੰਦਰਲੇ ਕੁਝ ਦਰੱਵ ਅਤੇ ਉਹਨਾਂ ਦੇ ਕੁਝ ਸੂਖਮ ਭਾਵਾਂ ਤੱਕ ਨੂੰ ਇਕ ਸੀਮਾ ਤੱਕ ਪ੍ਰਤੱਖ ਵੇਖਣ ਵਾਲਾ ਗਿਆਨ।

ਅਵਮੋਦਯ - ਭੋਜਨ ਆਦਿ ਮਾਤਰਾ ਵਿਚ ਸਿਲਸਿਲੇਵਾਰ ਕਮੀ ਕਰਕੇ ਇਕ ਚੋਲ ਤੱਕ ਪਹੁੰਚਣਾ (448)

ਅਭਿਅੰਤਰਤਾ - ਪ੍ਰਾਸ਼ਚਿਤ ਵਿਨੈ ਆਦਿ 6 ਪ੍ਰਕਾਰ ਦਾ ਅੰਦਰਲਾ ਤਪ (456)

ਅਭਿਅੰਤਰ ਸੰਲੇਖਣਾ - ਕਸ਼ਾਇ ਦੀ ਕਮਜ਼ੋਰੀ (574)

ਅਮੂੜ ਦ੍ਰਿਸ਼ਟੀ - ਨੌ ਤੱਤਵਾਂ ਪ੍ਰਤੀ ਸ਼ਰਧਾ (237)

ਅਮੂਰਤਾ - ਇੰਦਰੀਆਂ ਦੇ ਜ਼ਾਹਿਰ ਨਾ ਹੋਣ ਦਾ ਕਾਰਨ (595)ਅਜੀਵ ਆਦਿ ਪੰਜ ਦਰੱਵ (626)

ਅਯੋਗੀ ਕੇਵਲੀ - ਸਾਧਕ ਦੀ ਸਾਧਨਾ ਦੀ 14ਵੀਂ ਮੰਜ਼ਿਲ ਜਿਸ ਵਿਚ ਪਹੁੰਚ ਕੇ ਆਤਮਾ ਮਨ, ਵਚਨ ਰਾਹੀਂ ਸਾਰੀਆਂ ਕਿਰਿਆਵਾਂ ਸ਼ਾਂਤ ਕਰਕੇ ਸਿੱਧ ਗਤੀ ਨੂੰ ਪ੍ਰਾਪਤ ਹੋ ਜਾਵੇ।

ਅਰਿਹੰਤ - ਨਮਸਕਾਰ ਮੰਤਰ ਦਾ ਪਹਿਲਾ ਪਦ। (1) ਰਾਗ ਦਵੇਸ਼ ਰੂਪੀ ਦੁਸ਼ਮਣਾਂ ਨੂੰ ਖ਼ਤਮ ਕਰਕੇ ਕੇਵਲ ਗਿਆਨ ਰਾਹੀਂ ਸਰਵੱਗਤਾ ਹਾਸਲ ਕਰਨਾ। (7)

ਜੋ ਦੁਬਾਰਾ ਸਰੀਰ ਨੂੰ ਧਾਰਨ ਨਹੀਂ ਕਰਦਾ (180)

ਅਰਥ - ਗਿਆਨ ਦੇ ਦਰੱਵ, ਗੁਣ ਅਤੇ ਪਰਿਆਏ (32)

ਅਸ਼ੁਭ ਭਾਵ - ਤੇਜ ਕਸ਼ਾਇ (ਕਰੋਧ, ਮਾਣ, ਮਾਇਆ ਅਤੇ ਲੋਭ) (598)

ਅਸ਼ੁਭ ਲੇਸ਼ਿਆ - ਕ੍ਰਿਸ਼ਨ (ਕਾਲੀ) ਆਦਿ ਕਸ਼ਾਇ ਵਾਲੀਆਂ ਤਿੰਨ ਮਨ ਦੀਆਂ ਵਿਰਤੀਆਂ। (534)

ਅਸ਼ਟ - (1) ਕਰਮ ਦੀਆਂ ਅੱਠ ਕਿਸਮਾਂ (2) ਸਿੱਧਾਂ ਦੇ ਅੱਠ ਗੁਣ (3) ਪ੍ਰਵਚਨ ਰੂਪੀ ਅੱਠ ਮਾਤਾਵਾਂ (4) ਮਦ (ਹੰਕਾਰ)

ਅਸੰਖਿਆਤ ਪ੍ਰਦੇਸ਼ -ਆਕਾਸ਼ ਅਨੰਤ ਹੈ। ਜਿਸ ਦੇ ਵਿਚਕਾਰ ਲੋਕ ਭਾਗ ਦਾ ਹਿੱਸਾ ਹੈ, ਜੋ ਕੇਵਲ ਅਸੰਖਿਆਤ ਪ੍ਰਦੇਸ਼ ਸਮਾਨ ਹੈ। ਧਰਮ ਅਤੇ ਅਧਰਮ ਵੀ ਇੰਨੇ ਹੀ ਖ਼ੇਤਰ ਵਿਚ ਹਨ। ਜੀਵ ਦਰੱਵ ਇਸ ਤਰ੍ਹਾਂ ਹੀ ਫੈਲਿਆ ਹੋਇਆ ਹੈ। ਪਰ ਸਰੀਰ ਦਾ ਨਿਸ਼ਚਿਤ ਹੋਣ ਕਾਰਨ ਇਸ ਦਾ ਪਰਿਮਾਨ (ਘੇਰਾ) ਨਹੀਂ ਦੱਸਿਆ ਜਾ ਸਕਦਾ। ਉਸ ਵਿਚ ਸਮੁੰਦਘਾਤ ਅਵਸਥਾ ਹੀ ਅਜਿਹੀ ਹੈ ਕਿ ਉਹ ਇਕ ਪਲ ਵਿਚ ਹੀ ਸਾਰੇ ਲੋਕ ਵਿਚ ਹੀ ਪ੍ਰਮਾਣ ਹੋ ਜਾਂਦੀ ਹੈ। (646)

ਆਸਤੀਕਾਇਆ - ਜੀਵ ਅਜੀਵ ਆਦਿ ਛੇ ਦਰੱਵ ਹੋਂਦ ਵਾਲੇ ਹਨ।

ਪਰ ਪ੍ਰਦੇਸ਼ ਪੱਖੋਂ ਅਜੀਵ ਦਰੱਵ ਪੰਜ ਹੀ ਹਨ। ਪ੍ਰਮਾਣੂ ਕਾਰਨ ਅਤੇ ਇਕ ਪ੍ਰਦੇਸ਼ੀ ਹੋਣ ਕਾਰਨ ਕਾਲ ਦਰੱਵ ਦਾ ਸਰੀਰ ਨਹੀਂ। (629-631)

ਅਸਤੇਯ - ਬਿਨਾਂ ਦਿੱਤੀ ਚੀਜ਼ ਨਾ ਗ੍ਰਹਿਣ ਕਰਨ ਦੀ ਭਾਵਨਾ ਜਾਂ ਵਰਤ (313,370-371)

ਅਹੰਕਾਰ - ਦੇਹ ਵਿਚ ਹਊਮੈਂਪਣ ਦਾ ਭਾਵ (346)

ਅਹਿੰਸਾ - ਪ੍ਰਾਣੀਆਂ ਦਾ ਕਤਲ ਨਾ ਕਰਨਾ। ਵਿਵਹਾਰ ਬਾਹਰਲੀ ਅਹਿੰਸਾ ਹੈ। (148) ਅਤੇ ਰਾਗ ਦਵੇਸ਼ ਨਾ ਹੋਣਾ (151) ਜਾਂ ਯਤਨਾਚਾਰ ਅਪ੍ਰਮਾਦ (ਅਣਗਹਿਲੀ ਰਹਿਤ ਜੀਵਨ) 157, ਨਿਸ਼ਚੈ (ਅੰਦਰਲੀ ਅਹਿੰਸਾ)

ਆਕਾਸ਼ - ਸਾਰੇ ਦਰੱਵਾਂ ਨੂੰ (ਛੇ) ਸਹਾਰਾ ਦੇਣ ਵਾਲਾ ਸਾਰੇ ਪਾਸੇ ਫੈਲਿਆ ਅਮੂਰਤ (ਸ਼ਕਲ ਰਹਿਤ) ਦਰੱਵ ਜੋ ਲੋਕ ਦੇ ਅਤੇ ਅਲੋਕ ਨੂੰ ਦੋ ਭਾਵਾਂ ਵਿਚ ਵੰਡਦਾ ਹੈ। (655, 629, 635)

ਅਕਿੰਚਨੀਯ - ਅਪਰਿਗ੍ਰਹਿ ਵਿਰਤੀ (ਜ਼ਰੂਰਤ ਤੋਂ ਜ਼ਿਆਦਾ ਸੰਗ੍ਰਹਿ ਨਾ ਕਰਨ ਦੀ ਆਦਤ) ਦਸ ਧਰਮਾਂ ਵਿਚੋਂ ਨੌਵਾਂ ਧਰਮ (105-110)

ਆਗਮ - 14 ਪੂਰਵਾਂ ਤੋਂ ਬਾਅਦ ਲਿਖੇ ਪ੍ਰਾਪਤ ਹੁੰਦੇ ਜੈਨ ਗ੍ਰੰਥ ਵੀਤਰਾਗ ਵਾਣੀ (20)

ਆਗਮ ਨਿਕਸ਼ੇਪ- ਵਿਚਾਰ ਯੋਗ ਪਦਾਰਥਾਂ ਸੰਬੰਧੀ ਸ਼ਾਸਤਰਾਂ ਦਾ

ਜਾਣਕਾਰ ਮਨੁੱਖ ਇਸੇ ਨਾਉਂ ਤੋਂ ਜਾਣਿਆ ਜਾਂਦਾ ਹੈ। ਜਿਵੇਂ ਮਸ਼ੀਨਰੀ ਦਾ ਜਾਣਕਾਰ ਮਕੈਨਿਕ। (741-744)

ਆਚਾਰਿਆ - ਆਪਣੇ ਅਤੇ ਦੂਸਰੇ ਧਰਮਾਂ ਦਾ ਜਾਣਕਾਰ ਅਤੇ ਧਰਮ ਸੰਘ ਦਾ ਨੇਤਾ ਨਮਸਕਾਰ ਮੰਤਰ ਦਾ ਤੀਸਰਾ ਪਦ (9, 176)

ਆਤਮਾ - ਮਨੁੱਖ ਦੀ ਹੋਂਦ (121, 128) ਜਾਂ ਉਸ ਦਾ ਗਿਆਨ, ਦਰਸ਼ਨ ਵਾਲਾ ਚੇਤਨ ਅਤੇ ਅਮੂਰਤ ਅੰਦਰਲਾ ਰੂਪ। (185, 15)

ਆਦਾਨ ਨਿਕਸ਼ੇਪਨ ਸੰਮਤੀ - ਚੀਜ਼ਾਂ ਨੂੰ ਚੁੱਕਣ ਧਰਨ ਵਿਚ ਸਮਝ ਵਰਤਨਾ (410) ਅਤੇ ਪੰਜ ਸੰਮਤੀਆਂ ਵਿਚੋਂ ਇਕ ਸੰਮਤੀ ਦਾ ਨਾਉਂ ਹੈ।

ਆਧਾਕਰਮ - ਚੱਕੀ ਚੁੱਲ੍ਹਾ ਆਦਿ ਵਾਲੀ ਜ਼ਿਆਦਾ ਆਰੰਭ ਤੋਂ ਤਿਆਰ ਕੀਤਾ ਹਿੰਸਾ ਵਾਲਾ ਭੋਜਨ।

ਅਭਿਨਿਬੋਧਿਕ ਗਿਆਨ - ਇੰਦਰੀਆਂ ਰਾਹੀਂ ਗ੍ਰਹਿਣ ਕੀਤਾ ਜਾਣ ਵਾਲਾ ਗਿਆਨ। ਇਸ ਦਾ ਦੂਸਰਾ ਨਾਮ ਮਤੀ ਗਿਆਨ ਹੈ। (677)

ਆਯੂ ਕਰਮ - ਆਤਮਾ ਨੂੰ ਸਰੀਰ ਵਿਚ ਰੋਕ ਕੇ ਰੱਖਣ ਵਾਲਾ ਕਰਮ।

ਆਰੰਭ - ਪ੍ਰਾਣੀਆਂ ਨੂੰ ਦੁੱਖ ਪਹੁੰਚਾਉਣ ਵਾਲਾ ਹਿੰਸਾ ਭਰਪੂਰ ਕੰਮ (412-414)

ਆਰਜਵ - ਛਲ-ਕਪਟ ਤੋਂ ਰਹਿਤ ਅਤੇ ਸਰਲ (90)

ਆਰਤ ਧਿਆਨ - ਇਸ਼ਟ ਵਿਯੋਗ (ਚੰਗੀਆਂ ਚੀਜ਼ਾਂ ਦਾ ਵਿਛੋੜਾ) ਅਨਿਸ਼ਟ ਸੰਜੋਗ (ਮਾੜੀਆਂ ਚੀਜ਼ਾਂ ਦੀ ਪ੍ਰਾਪਤੀ) ਆਦਿ ਦੇ ਕਾਰਨ ਉਤਪੰਨ ਹੋਣ ਵਾਲਾ ਦੁੱਖ ਅਤੇ ਤਕਲੀਫ ਵਾਲੀ ਮਨ ਦੀ ਸਥਿਤੀ। (328)

ਆਲੋਚਨਾ - ਸਰਲਤਾ ਵਾਲੇ ਭਾਵਾਂ ਨਾਲ ਆਪਣੇ ਦੋਸ਼ਾਂ ਦੀ ਆਤਮਾ ਰਾਹੀਂ ਆਲੋਚਨਾ ਕਰਕੇ ਉਹਨਾਂ ਦੋਸ਼ਾਂ ਨੂੰ ਪ੍ਰਗਟ ਕਰਨਾ।

ਆਸਨ - ਧਿਆਨ ਅਤੇ ਤਪ ਆਦਿ ਲਈ ਸਾਧੂ ਦੇ ਬੈਠਣ ਅਤੇ ਖੜ੍ਹੇ ਹੋਣ ਦੀ ਵਿਧੀ। ਪਰਿਆਕਆਸਨ (489) ਵੀਰ ਆਸਨ (452) ਆਦਿ ਦੀਆਂ ਅਨੇਕਾਂ ਕਿਸਮਾਂ ਹਨ।

ਆਸ਼ਰਵ - ਮਨ, ਬਚਨ ਅਤੇ ਸਰੀਰ ਰਾਹੀਂ ਸ਼ੁਭ ਅਸ਼ੁੱਭ ਕਰਮਾਂ ਦਾ ਆਉਣਾ (601-604)

ਆਸ਼ਰਵ ਅਨੁਪ੍ਰੇਕਸ਼ਾ - ਵੈਰਾਗ ਵਿਚ ਵਾਧੇ ਲਈ ਮੋਹ ਆਦਿ ਭਾਵਾਂ ਨੂੰ ਅਤੇ ਮਨ, ਬਚਨ, ਕਾਇਆ ਦੀ ਨਾ ਗ੍ਰਹਿਣ ਕਰਨਯੋਗ ਆਦਤਾਂ ਬਾਰੇ ਸੋਚਣਾ। (522)

ਆਸ਼ਰਵ ਦਵਾਰ - ਕਰਮਾਂ ਦੇ ਪ੍ਰਵੇਸ਼ ਕਰਨ ਦੇ ਮੂਲ ਕਾਰਨ ਮਿੱਥਿਆਤਵ, ਅਵਿਰਤੀ, ਕਸ਼ਾਏ ਅਤੇ ਯੋਗ (605)

## (ੲ)

ਇੰਦਰੀ - ਗਿਆਨ ਆਦਿ ਦੇ ਪੰਜ ਕਾਰਨ, ਸਪਰਸ਼ (ਛੋਹ), ਰਸਨਾ (ਸਵਾਦ) ਘਰਾਨ (ਨੱਕ), ਨੇਤਰ (ਅੱਖ), ਕੰਨ। (47)

ਇਹ ਲੋਕ - ਮਨੁੱਖ ਜਾਂ ਪਸ਼ੂ ਪ੍ਰਧਾਨ ਇਹ ਸੰਸਾਰ

ਈਰੀਆ ਸਮਿਤੀ -ਚੱਲਣ ਫਿਰਨ ਵਿਚ ਸਾਵਧਾਨੀ ਵਰਤਨਾ। (396)

ਏਕੱਤਵ ਅਨੁਪ੍ਰੇਕਸ਼ਾ - ਵੈਰਾਗ ਵਿਚ ਵਾਧੇ ਲਈ ਆਪਣੇ ਕਰਮਾਂ ਦਾ ਫਲ ਇਕੱਲੇ ਹੀ ਭੋਗਣ ਸਬੰਧੀ ਸੋਚਣਾ। (515)

ਏਕ ਇੰਦਰੀ - ਸਿਰਫ਼ ਸਪਰਸ਼ (ਛੋਹ) ਵਾਲੇ ਪ੍ਰਿਥਵੀ, ਪਾਣੀ, ਹਵਾ, ਅੱਗ ਅਤੇ ਬਨਸਪਤੀ ਦੇ ਜੀਵ (650)

ਏਵੰਭੂਤਨਯ - ਜਿਸ ਸ਼ਬਦ ਦਾ ਉਸੇ ਕਿਰਿਆ ਦੀ ਉਤਪਤੀ ਵਾਲਾ ਅਰਥ ਹੁੰਦਾ ਹੈ, ਉਸ ਦੇ ਰਾਹੀਂ ਉਸ ਕਿਰਿਆ ਰੂਪ ਉਤਪਤੀ ਨੂੰ ਹੀ ਸਮਝਣਾ। ਜਿਵੇ ਗਮਨਾਰਥਕ ਜੋ 'ਗੋ' ਸ਼ਬਦ ਰਾਹੀਂ ਚੱਲਦੀ ਹੋਈ ਗਾਂ ਅਰਥ ਸਮਝਣਾ, ਬੈਠੀ ਹੋਈ ਨਹੀਂ (712-713)

ਏਸ਼ਨਾ ਸਮਿਤੀ - ਭਿਕਸ਼ਾ ਸਬੰਧੀ ਸਾਵਧਾਨੀ (404-409)

## (ਕ)

ਕਰਨ - ਕੰਮ ਕਰਨ ਦੇ ਸਾਧਨ ਮਨ, ਬਚਨ ਅਤੇ ਸਰੀਰ (601) ਅਤੇ ਇੰਦਰੀਆਂ।

ਕਰਮ - ਮਨ, ਬਚਨ, ਕਾਇਆ ਦੇ ਸ਼ੁਭ ਅਤੇ ਅਸ਼ੁਭ ਕੰਮ

(601) ਉਸ ਕੰਮ ਦੇ ਸਿੱਟੇ ਵਜੋਂ ਬੰਧ ਹੋਣ ਵਾਲੇ ਕਰਮਾਂ ਦੇ ਸੂਖਮ ਪੁਦਗਲ ਜੋ ਕਰਮਾਂ ਦੇ ਗਿਆਨਾਵਰਨੀਆਂ ਆਦਿ ਅੱਠ ਭੇਦ ਹਨ। ਕਰਮ ਫਲ ਦੇ ਸਿੱਟੇ ਵਜੋਂ ਰਾਗ ਆਦਿ ਭਾਵ ਕਰਮ ਹਨ (6)

ਕਸ਼ਾਇ - ਕਰੋਧ, ਮਾਨ, ਮਾਇਆ ਅਤੇ ਲੋਭ ਰੂਪੀ ਆਤਮਘਾਤੀ ਵਿਕਾਰ (135-136)

ਕਪੋਤ ਲੇਸ਼ਿਆ - ਤਿੰਨ ਅਸ਼ੁਭ ਲੇਸ਼ਿਆਂ ਵਿਚੋਂ ਤੀਸਰੀ (534, 541)

ਕਾਮ ਭੋਗ - ਇੰਦਰੀਆਂ ਦੇ ਭੋਗ, ਵਿਸ਼ੇ ਵਿਕਾਰ (49)

ਕਾਇਆ - ਅਨੇਕ ਪ੍ਰਦੇਸ਼ ਸਮੂਹ ਦਰੱਵ ਕਾਇਆਵਾਨ ਹਨ (659)। ਜੀਵਾਂ ਦੇ ਪ੍ਰਿਥਵੀ ਆਦਿ ਪੰਜ ਸਥਾਵਰ ਤੇ ਇਕ ਤਰੱਸ। ਇਹ 6 ਜਾਤੀਆਂ ਦੇ ਸਰੀਰ ਹਨ। (650)

ਕਾਇਆ ਕਲੇਸ਼ -ਗਰਮੀ ਵਿਚ ਪਹਾੜ ਉੱਪਰ ਔਖੇ ਆਸਣ ਵਿਚ ਬੈਠ ਕੇ ਗਰਮੀ, ਸਰਦੀ ਅਤੇ ਬਰਖਾ ਨੂੰ ਧਾਰਨ ਕਰਨ ਵਾਲਾ ਇਕ ਤਪ। (452)

ਕਾਇਆ ਗੁਪਤੀ - ਸਰੀਰ ਨੂੰ ਬੁਰੀਆਂ ਕਿਰਿਆਵਾਂ ਤੋਂ ਰੋਕ ਕੇ ਇਕੱਠਾ ਕਰਨਾ। (414)

ਕਾਯੋਤਸਰਗ - ਕੁਝ ਸਮੇਂ ਲਈ ਸਰੀਰ ਨੂੰ ਲਕੜੀ ਦੀ ਤਰ੍ਹਾਂ ਸਮਝ ਕੇ ਕਸ਼ਟ ਸਹਿ ਕੇ ਕੀਤਾ ਜਾਣ ਵਾਲਾ ਅੰਦਰਲਾ ਤਪ (434, 435, 488)

ਕਾਲ - ਸਮੇਂ ਦੇ ਆਕਾਰ ਦਾ ਇਕ ਪ੍ਰਦੇਸ਼ ਵਾਲਾ ਇਕ ਅਮੂਰਤ ਅਤੇ ਨਾ ਹਿੱਲਣ-ਚੱਲਣ ਵਾਲਾ ਦਰੱਵ ਜੋ ਸਾਰੇ ਦਰੱਵਾਂ ਵਿਚ ਵਿਚਰਨ ਕਰਦਾ ਹੈ (625, 629, 637, 639)

ਕੁਲ - ਜੀਵਾਂ ਦੀਆਂ 199.5 ਲੱਖ ਕਰੋੜ ਜਾਤੀਆਂ (367)

ਕੁਟਸਾਲਮਲੀ - ਨਰਕਾਂ ਵਿਚ ਕਸ਼ਟ ਦੇਣ ਵਾਲੇ ਤਿੱਖੇ ਦਰਖ਼ਤ (122)

ਕ੍ਰਿਸ਼ਨ ਲੇਸ਼ਿਆ - ਤਿੰਨ ਸ਼ੁਭ ਲੇਸ਼ਿਆ ਵਿਚੋਂ ਪਹਿਲੀ ਅਤੇ ਤੇਜ ਲੇਸ਼ਿਆ (534-535)

ਕੇਵਲ ਗਿਆਨ - ਇੰਦਰੀਆਂ ਆਦਿ ਦੀ ਮਦਦ ਤੋਂ ਪਰ੍ਹੇ ਸਰਵਪੱਖੀ ਆਤਮਾ ਗਿਆਨ (620)

ਕੇਵਲ ਦਰਸ਼ਨ - ਕੇਵਲ ਗਿਆਨ ਕਾਰਨ ਸਭ ਪਦਾਰਥਾਂ ਨੂੰ ਵੇਖਣਾ (620)

ਕੇਵਲ ਲਬਧੀ - ਕੇਵਲ ਗਿਆਨ ਦੀ ਤਰ੍ਹਾਂ ਅਰਿਹੰਤਾਂ ਅਤੇ ਸਿੱਧਾਂ ਦੀਆਂ ਨੌ ਲਬਧੀਆਂ ਹਨ (1) ਅਨੰਤ ਗਿਆਨ (2) ਅਨੰਤ ਦਰਸ਼ਨ (3) ਅਨੰਤ ਸੱਮਿਅਕਤਵ (4) ਅਨੰਤ ਚਰਿੱਤਰ ਜਾਂ ਸੁੱਖ (5) ਅਨੰਤ ਦਾਨ (6) ਅਨੰਤ ਲਾਭ (7) ਅਨੰਤ ਭੋਗ (8) ਅਨੰਤ ਉਪਭੋਗ (9) ਅਨੰਤ ਵੀਰਜ (ਆਤਮ ਸ਼ਕਤੀ) (562)।

ਕੇਵਲ ਵੀਰਯ - ਕੇਵਲ ਗਿਆਨ ਦੀ ਤਰ੍ਹਾਂ ਜਾਨਣ ਵੇਖਣ ਦੀ ਅਨੰਤ ਸ਼ਕਤੀ

ਕੇਵਲ ਸੁੱਖ - ਕੇਵਲ ਗਿਆਨ ਕਾਰਨ ਇੰਦਰੀਆਂ ਤੋਂ ਪਰ੍ਹੇ ਅਨੰਤ ਸੁੱਖ ਅਤੇ ਦੁੱਖ ਰਹਿਤ ਆਨੰਦ। (562)

ਕੇਵਲੀ - ਕੇਵਲ ਗਿਆਨ, ਕੇਵਲ ਦਰਸ਼ਨ ਆਦਿ ਸ਼ਕਤੀਆਂ ਵਾਲਾ ਅਰਿਹੰਤ। (562-563)

(ਖ)

ਖ਼ਿਮਾ - ਦਸ ਧਰਮਾਂ ਵਿਚੋਂ ਇਕ ਧਰਮ (85-135)

ਖ਼ੀਨ ਕਸ਼ਾਏ - ਸਾਧਕ ਦੀ 12ਵੀਂ ਪ੍ਰਤਿਮਾ ਜਿਸ ਵਿਚ ਕਸ਼ਾਏ ਦਾ ਜੜੋਂ ਨਾਸ਼ ਹੋ ਜਾਂਦਾ ਹੈ। (561)

ਖ਼ੀਨ ਮੋਹ - ਖ਼ੀਨ ਕਸ਼ਾਏ ਗੁਣ ਸਥਾਨ ਦਾ ਦੂਸਰਾ ਨਾਉਂ (561)

ਖ਼ੇਚਰ - ਵਿੱਦਿਆ ਦੀ ਸ਼ਕਤੀ ਰਾਹੀਂ ਆਕਾਸ਼ ਵਿਚ ਉੱਡਣ ਦੀ ਸਮਰੱਥਾ ਰੱਖਣ ਵਾਲੇ ਮਨੁੱਖਾਂ ਦੀ ਕਿਸਮ, ਵਿੱਦਿਆਧਰ ਆਦਿ (204)

ਖਰ ਕਰਮ - ਕੋਲਾ ਬਨਾਉਣਾ, ਪਸ਼ੂਆਂ ਤੋਂ ਬੋਝ ਢੁਆਈ ਆਦਿ ਵਪਾਰ ਜੋ ਪਸ਼ੂਆਂ ਨੂੰ ਪੀੜਾ ਦਿੱਤੇ ਬਿਨਾਂ ਨਹੀਂ ਹੋ ਸਕਦਾ (325)।

(ਗ)

ਗੱਛ - ਤਿੰਨ ਤੋਂ ਜ਼ਿਆਦਾ ਮਨੁੱਖਾਂ ਜਾਂ ਸਾਧੂਆਂ ਦਾ ਸਮੂਹ (26)

ਗਣ - ਤਿੰਨ ਮਨੁੱਖਾਂ ਜਾਂ ਸਾਧੂਆਂ ਦਾ ਸਮੂਹ ਜਾਂ ਬੁੱਢੇ (ਸਥਵਿਰ) ਸਾਧੂਆਂ ਦੀ ਪਰੰਪਰਾ (29)।

ਗਣਧਰ - ਤੀਰਥੰਕਰਾਂ ਦੇ ਸਾਧੂਆਂ ਦੇ ਸਮੂਹ ਦੇ ਪ੍ਰਮੁੱਖ ਜੋ ਅਰਿਹੰਤਾਂ ਰਾਹੀਂ ਦਿੱਤੇ ਉਪਦੇਸ਼ ਨੂੰ ਸ਼ਬਦਾਂ ਦਾ ਰੂਪ ਦਿੰਦੇ ਹਨ।

ਗਤੀ - ਭਵ (ਇਕ ਜਨਮ) ਤੋਂ ਦੂਸਰੇ ਜਨਮਾਂ ਤੱਕ ਦਾ ਚਾਰ ਪ੍ਰਕਾਰ ਦਾ ਚੱਕਰ (1) ਨਰਕ (2) ਪਸ਼ੂ (3) ਮਨੁੱਖ (4) ਦੇਵਤਾ

ਗਰਹਣ - ਰਾਗ ਆਦਿ ਤਿਆਗ ਕੇ ਗੁਰੂ ਦੇ ਸਾਹਮਣੇ ਕੀਤੇ ਦੋਸ਼ਾਂ ਨੂੰ ਪ੍ਰਗਟ ਕਰਨਾ (430)

ਗੁਣ - ਦਰਵ ਦੇ ਸੰਪੂਰਨ ਪ੍ਰਦੇਸ਼ਾਂ ਅਤੇ ਉਸ ਦੀਆਂ ਸਾਰੀਆਂ ਪਰਿਆਵਾਂ (ਸੁਭਾਅਵਾਂ) ਵਿਚ ਫੈਲਿਆ ਧਰਮ। ਜਿਵੇਂ ਮਨੁੱਖ ਵਿਚ ਗਿਆਨ ਅਤੇ ਅੰਬ ਦੇ ਫਲ ਵਿਚ ਰਸ (666)

ਗੁਣਵਰਤ - ਸ੍ਰਾਵਕ ਦੇ ਪੰਜ ਅਨੁਵਰਤਾਂ ਵਿਚ ਵਾਧਾ ਕਰਨ ਵਾਲੀ ਸਾਧਕ ਦੀ ਸਰਵ ਉੱਚੀ 14ਵੀਂ ਪ੍ਰਤਿਮਾ।

ਗੁਪਤੀ - ਸਮਿਤੀ ਵਿਚ ਸਹਾਇਕ ਮਨ, ਬਚਨ ਅਤੇ ਕਾਇਆ ਨੂੰ ਛੁਪਾਉਣ ਦੇ ਸੁਭਾਅ (384-386) ਵਿਸ਼ੇਸ਼ ਵੇਖੋ (26)

ਗੁਰੂ - ਸੱਮਿਅਕਤਵ ਆਦਿ ਗੁਣਾਂ ਰਾਹੀਂ ਮਹਾਨ ਹੋਣ ਕਾਰਨ ਅਰਿਹੰਤ ਸਿੱਧ ਆਦਿ ਪੰਜ ਪਰਮੇਸ਼ਵਰ

(ਅਰਿਹੰਤ, ਸਿੱਧ, ਅਚਾਰਿਆ, ਉਪਾਧਿਆਇ, ਸਾਧ) (6)

ਗ੍ਰਹਿਤ ਮਿੱਥਿਆਤਵ – ਵੇਖੋ ਅਭਿਗ੍ਰਹਿਤ ਮਿੱਥਿਆਤਵ।

ਗੋਤਰ ਕਰਮ – ਜਿਸ ਕਰਮ ਦੇ ਪ੍ਰਗਟ ਹੋਣ ਨਾਲ ਜੀਵ ਉੱਚ ਤੇ ਨੀਚ ਕੁਲ ਵਿਚ ਜਨਮ ਲੈਂਦਾ ਹੈ। (66)

ਗੌਰਵ – ਬਚਨ, ਕਲਾ, ਰਿੱਧੀ ਕਾਰਨ ਮਨੁੱਖ ਵਿਚ ਪੈਦਾ ਹੋਣ ਵਾਲਾ ਅਭਿਮਾਨ।

ਗਿਆਨਾਵਰਨੀ – ਜੀਵ ਦੇ ਗਿਆਨ ਨੂੰ ਢਕਣ ਵਾਲਾ ਜਾਂ ਘੱਟ ਕਰਨ ਵਾਲਾ ਕਰਮ। (66)

ਗ੍ਰੰਥ – 24 ਪ੍ਰਕਾਰ ਦਾ ਪਰਿਗ੍ਰਹਿ (143)

(ਘ)

ਘਾਤੀਕਰਮ – ਜੀਵ ਦੇ ਗਿਆਨ ਆਦਿ ਗੁਣਾਂ ਦਾ ਘਾਤ ਕਰਨ ਵਾਲੇ ਗਿਆਨਾਵਰਨੀਆ, ਦਰਸ਼ਨਾਵਰਨੀਆ, ਮੋਹਨੀਆ ਅਤੇ ਅੰਤਰਾਇ ਨਾਂਅ ਦੇ ਚਾਰ ਕਰਮ (7)

(ਚ)

ਚਤੁ – (1) ਅਰਥ ਨਯ (2) ਕਸ਼ਾਏ (3) ਗਤੀ (4) ਨਿਕਸ਼ੇਪ (5) ਪਰਿਆਰਥਿਕ ਨਯ (6) ਸਿੱਖਿਆ ਵਰਤ ਉਪਰੋਕਤ ਸਾਰੇ ਚਾਰ ਪ੍ਰਕਾਰ ਦੇ ਹਨ।

ਚਤੁਰ ਇੰਦਰੀਆ – ਸਪਰਸ਼ਨ, ਰਸਨਾ, ਘਰਾਣ ਅਤੇ ਨੇਤਰ (ਅੱਖ) ਆਦਿ ਚਾਰ ਇੰਦਰੀਆਂ ਵਾਲੇ ਜੀਵ।

ਚਤੁਰ ਦਸ਼ਾ - (1) ਅਭਿਅੰਤਰ ਪਰਿਗ੍ਰਹਿ (2) ਗੁਣ ਸਥਾਨ (3) ਜੀਵ ਸਥਾਨ (4) ਮਾਰਗਨਾ ਸਥਾਨ। ਉਪਰੋਕਤ ਸਾਰੇ 14 ਪ੍ਰਕਾਰ ਦੇ ਹਨ।

ਚਾਰਿੱਤਰ - ਮਨ, ਬਚਨ, ਸਰੀਰ ਦੀ ਸੰਭਾਲ ਦਾ ਕਾਰਨ, ਗੁਣ ਵਿਸ਼ੇਸ਼ (36)

ਚੇਤਨਾ - ਜੀਵ ਦੇ ਗਿਆਨ, ਦਰਸ਼ਨ ਅਤੇ ਕਰਤਾ ਭੋਗਤਾ ਦੇ ਕਾਰਨ ਦੀ ਮੂਲ ਸ਼ਕਤੀ।

## (ਜ)

ਜੀਵ - ਚਾਰ ਸਰੀਰਿਕ ਪ੍ਰਾਣਾਂ ਰਾਹੀਂ ਜਾਂ ਚੇਤਨਾਂ ਪ੍ਰਾਣ ਦੇ ਕਾਰਨ ਆਤਮ ਤੱਤਵ ਹੀ ਜੀਵ ਹੈ (645) ਇਹ ਉਪਯੋਗ (ਸੋਚ ਸਮਝ) ਲੱਛਣ ਵਾਲਾ ਹੈ। (592-649) ਕਿਰਿਆ ਕਰਨ ਵਾਲਾ ਅਮੂਰਤ (ਸ਼ਕਲ ਰਹਿਤ) ਦਰੱਵ ਹੈ ਅਤੇ ਗਿਣਤੀ ਵਿਚ ਅਨੰਤ ਹੈ (625)। ਗਿਆਨ ਪੱਖੋਂ ਸਭ ਪਾਸੇ ਫੈਲਿਆ ਹੁੰਦੇ ਹੋਏ ਵੀ (648) ਪ੍ਰਦੇਸ਼ਾਂ ਦੇ ਪੱਖੋਂ ਲੋਕ ਅਕਾਸ਼ ਪ੍ਰਮਾਣ ਹੈ। ਜੋ ਆਪਣੀ ਇਕੱਠੇ ਹੋਣ ਦੀ ਸ਼ਕਤੀ ਜਾਂ ਵਿਸਥਾਰ ਦੀ ਸ਼ਕਤੀ ਕਾਰਨ ਸਰੀਰ ਵਿਚ ਰਹਿੰਦਾ ਹੈ (646-647)

ਜੀਵ ਸਥਾਨ - ਜੀਵਾਂ ਦੇ ਤਰੱਸ, ਸਥਾਵਰ ਸੂਖਮ, ਵਾਦਰ ਆਦਿ 14 ਭੇਦ (182, 367)।

ਜਗੁਪਸਾ - ਆਪਣੇ ਦੋਸ਼ਾਂ ਨੂੰ ਅਤੇ ਦੂਸਰੇ ਦੇ ਗੁਣਾਂ ਨੂੰ ਛਿਪਾਉਣ ਜਾਂ ਦੂਸਰੇ ਪ੍ਰਤੀ ਨਫ਼ਰਤ ਦੀ

ਭਾਵਨਾ। (236)

(ਤ)

ਤੱਤਵ - ਦਰੱਵ ਦਾ ਨਿਰਪੱਖ ਆਪਣਾ ਸੁਭਾਵ ਜਾਂ ਸਭ ਕੁਝ (590)

ਤਪ - ਵਿਸ਼ੇ ਕਸ਼ਾਏ ਨੂੰ ਰੋਣ ਜਾਂ ਇਛਾਵਾਂ ਨੂੰ ਰੋਕ ਕੇ ਬਾਹਰੀ ਜਾਂ ਅੰਦਰਲੀ ਕਿਰਿਆ। (102, 439)

ਤੀਰਥ - ਸੰਸਾਰ ਸਾਗਰ ਨੂੰ ਪਾਰ ਕਰਨ ਲਈ ਤੀਰਥੰਕਰਾਂ ਰਾਹੀਂ ਪ੍ਰਗਟ ਕੀਤਾ ਰਤਨ ਤ੍ਰੈ (ਸੱਮਿਅਕ ਗਿਆਨ, ਸੱਮਿਅਕ ਦਰਸ਼ਨ, ਸੱਮਿਅਕ ਚਾਰਿੱਤਰ), ਤਿੰਨ ਪ੍ਰਕਾਰ ਦੇ ਰਤਨ ਧਰਮ (514)

ਤੇਜੋ ਲੇਸ਼ਿਆ - ਤਿੰਨ ਸ਼ੁਭ ਲੇਸ਼ਿਆਵਾਂ ਵਿਚੋਂ ਛੋਟੀ ਜਾਂ ਸ਼ੁਭ (534, 542)

ਤਯਕਤ ਸਰੀਰ - ਸੰਲੇਖਣਾ ਵਿਧੀ ਰਾਹੀਂ ਛੱਡਿਆ ਸਰੀਰ (742)

ਤਰੱਸ - ਭੋਜਨ ਆਦਿ ਖੋਜ ਵਿਚ ਘੁੰਮਣ ਵਾਲੇ ਦੋ ਇੰਦਰੀਆਂ ਵਾਲੇ ਜੀਵ (65)

ਤਰੀ - ਇਹ ਸਭ ਤਿੰਨ ਹਨ (1) ਗੁਣ ਵਰਤ (2) ਗੁਪਤੀ (3) ਗੌਰਵ, (4) ਦੰਡ (5) ਦਰੱਵ ਆਰਥਿਕ ਨਯ (6) ਨਿਰਵੇਦ ਨੈਗਮ (7) ਨਯ (8) ਬਲ (ਸ਼ਕਤੀਆਂ) (9) ਭਵਨ (10) ਮੂੜ੍ਹਤਾ (11) ਯੋਗ (12) ਲੋਕ (13) ਵੇਦ (14) ਸ਼ਬਦ ਨਯ (15) ਸਮਾਇਕ (16) ਇਸਤਰੀ

ਤਰੀਇੰਦਰੀ - ਸਪਰਸ਼, ਰਸਨਾ, ਘਰਾਣ ਤਿੰਨ ਇੰਦਰੀਆਂ ਵਾਲੇ

ਜੀਵ (650)

(ਦ)

ਦੰਡ - ਮਨ, ਬਚਨ ਅਤੇ ਕਾਇਆ (101)

ਦਮਨ - ਗਿਆਨ, ਦਰਸ਼ਨ ਅਤੇ ਚਾਰਿੱਤਰ ਰਾਹੀਂ ਇੰਦਰੀਆਂ ਦੇ ਵਿਸ਼ਿਆਂ ਵਿਕਾਰਾਂ ਨੂੰ ਰੋਕਣਾ (127, 131)

ਦਰਸ਼ਨ - ਗਿਆਨ ਦੇ ਵਿਸ਼ੇ ਪਦਾਰਥ ਦਾ ਆਕਾਰ ਰਹਿਤ ਅਤੇ ਵਿਚਾਰ ਰਹਿਤ ਪ੍ਰਗਟਾਉਣ ਵਾਲੀ ਚੇਤਨਾ ਸ਼ਕਤੀ (36)

ਦਰਸ਼ਨਾ ਵਰਨੀਆ - ਦਰਸਨ, ਗੁਣ ਨੂੰ ਛਕਣ ਵਾਲਾ ਜਾਂ ਕਮਜ਼ੋਰ ਕਰਨ ਵਾਲਾ ਕਰਮ (66)

ਦਸ - ਬਾਹਰਲਾ ਪਰਿਗ੍ਰਹਿ ਜਾਂ ਧਰਮ ਦਸ ਦਸ ਹਨ (127)

ਦਿਗਵਰਤ - ਪਰਿਗ੍ਰਹਿ ਪ੍ਰਮਾਣ ਵਰਤ ਦੀ ਰੱਖਿਆ ਲਈ ਵਿਉਪਾਰ ਖੇਤਰ ਲਈ ਸੀਮਿਤ ਰੱਖਣ ਵਿਚ ਸਹਾਇਕ ਗੁਣ ਵਰਮ (319)

ਦੁਰਗਤਿ - ਨਰਕ ਅਤੇ ਪਸ਼ੂ ਗਤੀ (319) (589)

ਦੁਰ ਨਯ - ਵਿਰੋਧੀ ਧਰਮਾਂ ਨੂੰ ਪਕੜ ਕੇ ਕੇਵਲ ਆਪਣੇ ਪੱਖ ਨੂੰ ਪਕੜਨ ਵਾਲੀ ਦ੍ਰਿਸ਼ਟੀ (725)

ਦੇਸ਼ ਅਵਕਾਸ਼ੀਕ ਵਰਤ - ਦੇਸ਼ ਵਿਦੇਸ਼ ਵਿਚ ਘੁੰਮਣ ਜਾਂ ਵਿਉਪਾਰ ਸਬੰਧੀ ਹੱਦ ਜਾਂ ਜਿਸ ਦੇਸ਼ ਵਿਚ ਵਰਤ ਭੰਗ ਹੋਣ ਦਾ ਡਰ ਹੋਵੇ ਉਥੇ ਜਾਣ ਦਾ ਤਿਆਗ

(222)

ਦਰੱਵ - ਗੁਣਾਂ ਅਤੇ ਪਰਿਆਇਆਂ ਦੇ ਸਹਾਰੇ ਟਿਕਿਆ ਪਦਾਰਥ (661) ਜੋ ਜੀਵ ਪੁਦਗਲ ਆਦਿ ਦੇ ਛੇ ਭੇਦ ਹਨ (624)

ਦਰੱਵ ਕਰਮ - ਜੀਵ ਦੇ ਰਾਗ ਆਦਿ ਭਾਵਾਂ ਦਾ ਕਾਰਨ, ਉਸ ਨਾਲ ਬੰਧ ਜਾਣ ਵਾਲਾ ਸੂਖਮ ਪੁਦਗਲ ਸਕੰਧ (62, 654, 655)

ਦਰੱਵ ਨਿਕਸ਼ੇਪ - ਭਵਿੱਖ ਵਿਚ ਹੋਣ ਵਾਲੇ ਕਿਸੇ ਵੀ ਪਦਾਰਥ ਦੀ ਗੱਲ ਨੂੰ ਵਰਤਮਾਨ ਵਿਚ ਆਖਦੇ ਹਾਂ "ਜਿਵੇਂ ਰਾਜ ਪੁੱਤਰ ਨੂੰ ਰਾਜਾ ਆਖਨਾ (741-742)

ਦਰੱਵ ਪ੍ਰਤਿਕ੍ਰਮਣ - ਪ੍ਰਤਿਕ੍ਰਮਨ ਦਾ ਪਾਠ ਉਚਾਰਨ ਕਰਨਾ (422, 430)

ਦਰੱਵ ਲਿੰਗ - ਸਾਧੂ ਭੇਖ ਦੇ ਬਾਹਰਲੇ ਚਿੰਨ੍ਹ (360-362)

ਦਰੱਵ ਹਿੰਸਾ- ਪਸ਼ੂਆਂ ਤੇ ਮਨੁੱਖਾਂ ਦਾ ਕਤਲ (389-390)

ਦਰੱਵਆਰਥਿਕ ਨਯ - ਪਰਿਆਇ ਨੂੰ ਅੱਖੋਂ ਉਹਲੇ ਕਰਕੇ ਦਰੱਵ ਨੂੰ ਨਾ ਪੈਦਾ ਹੋਣ ਵਾਲੀ ਅਤੇ ਨਾ ਨਸ਼ਟ ਹੋਣ ਵਾਲੀ ਦ੍ਰਿਸ਼ਟੀ। (694-697)

ਦਵੰਧ - ਚੰਗਾ, ਮਾੜਾ ਦੁੱਖ ਸੁੱਖ, ਜਨਮ ਮਰਨ, ਸੰਜੋਗ ਵਿਯੋਗ ਆਦਿ ਆਪਸੀ ਭਾਵ (103)

ਦਵਾਦਸ਼ - ਤਪ ਅਤੇ ਸ਼੍ਰਾਵਕ ਦੇ 12 ਵਰਤ

ਦਵੀ ਪਦ - ਇਸਤਰੀ, ਪਰਿਵਾਰ (144)

ਦਵਿ ਇੰਦਰੀਆ ਜੀਵ - ਸਪਰਸ਼ਨ ਅਤੇ ਰਸਨਾ ਵਾਲੇ ਕੇਂਚੂਆ, ਜੋਕ

ਆਦਿ ਜੀਵ (650)

ਦਵੇਸ਼ - ਬੁਰੇ ਜਾਂ ਨਾ ਚੰਗੇ ਲੱਗਣ ਵਾਲੇ ਪਦਾਰਥਾਂ ਪ੍ਰਤੀ ਲਗਾਵ ਹੋਣਾ (8)

(ਧ)

ਧਰਮ - ਜੀਵ ਦਾ ਆਪਣਾ ਸੁਭਾਵ ਜਾਂ ਤੱਤਵ ਰੂਪ ਸੱਮਿਅਕ ਦਰਸ਼ਨ ਆਦਿ ਅਹਿੰਸਾ ਆਦਿ, ਖ਼ਿਮਾ ਆਦਿ ਜਾਂ ਸਮਤਾ ਆਦਿ ਭਾਵ (86, 274, 25)

ਦਰੱਵ ਅਨੁਪ੍ਰੇਕਸ਼ਾ - ਵੈਰਾਗ ਵਿਚ ਵਾਧਾ ਕਰਨ ਲਈ ਜਨਮ ਬੁਢਾਪਾ ਅਤੇ ਮੌਤ ਰੂਪੀ ਇਸ ਦੁਖੀ ਸੰਸਾਰ ਵਿਚ ਧਰਮ ਨੂੰ ਰੱਖਿਅਕ ਮੰਨਣ ਦਾ ਚਿੰਤਨ। (525)

ਧਰਮ ਦਰੱਵ - ਜੀਵ ਅਤੇ ਪੁਦਗਲ ਦੀ ਗਤੀ ਵਿਚ ਸਹਾਇਕ, ਲੋਕ ਆਕਾਸ਼ ਵਿਚ ਕਿਰਿਆ ਰਹਿਤ, ਸ਼ਕਲ ਰਹਿਤ ਦਰੱਵ (625, 633)

ਧਰਮ ਧਿਆਨ - ਆਤਮਾ ਜਾਂ ਅਰਿਹੰਤ ਸਿੱਧਾਂ ਦੇ ਗੁਣਾਂ ਦਾ ਚਿੰਤਨ ਜਾਂ ਮੰਤਰ ਜਾਪ (505)

ਧਿਆਨ - ਆਤਮ ਚਿੰਤਨ ਪ੍ਰਤੀ ਚਿੱਤ ਦੀ ਏਕਾਗਰਤਾ (485, 29)

ਧੋਰਵਯ - ਦਰੱਵ ਦਾ ਨਿੱਤ (ਹਮੇਸ਼ਾ ਰਹਿਣ ਵਾਲਾ) ਭਾਵ ਜਿਵੇਂ ਬਚਪਨ, ਬੁਢਾਪਾ ਆਦਿ ਅਵਸਥਾ। (662, 666)।

(ਰ)

ਰਿਜੂ ਸੂਤਰ ਨਯ- ਭੂਤ-ਭਵਿੱਖ ਤੋਂ ਪਰ੍ਹੇ ਕੇਵਲ ਵਰਤਮਾਨ ਸਥਿਤੀਆਂ ਨੂੰ ਪੂਰਾ ਦਰੱਵ ਕਬੂਲ ਕਰਨ ਵਾਲੀ। ਸ਼ਣ-ਭੰਗੁਰ ਦ੍ਰਿਸ਼ਟੀ (706-707)

ਰਿਸ਼ੀ - ਰਿੱਧੀ ਸਿੱਧੀ ਵਾਲਾ ਸਾਧੂ

(ਸ਼)

ਸ਼ਪਕ (क्षपक) - ਕਸ਼ਾਏ ਦਾ ਖ਼ਾਤਮਾ ਕਰਨ ਵਾਲਾ ਸਾਧਕ (555)

ਸ਼ਪਣ (क्षपण) - ਧਿਆਨ ਆਦਿ ਰਾਹੀਂ ਕਸ਼ਾਏ ਨੂੰ ਜੜ ਤੋਂ ਨਸ਼ਟ ਕਰ ਦੇਣਾ। ਸਿੱਟੇ ਵਜੋਂ ਕਸ਼ਾਏ ਦਾ ਫਿਰ ਨਾ ਉੱਭਰਨਾ (557)